ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

ਤਰਕਸ਼ੀਲ

ਨਵੰਬਰ-ਦਸੰਬਰ 2012

15/-



ਅੰਦਰ ਪੜ੍ਹੋ:

ਬਾਲ ਦਿਵਸ

ਰੱਬ ਦੀ ਮੰਡੀ

ਭੱਜੋ ਨਾ, ਦੁਨੀਆਂ ਨੂੰ ਬਦਲੋ

ਵਾਤਾਵਰਨ ਪੱਖੀ ਅਰਥਚਾਰਾ

ਮਨੁੱਖੀ ਸਖਸ਼ੀਅਤ ਦੇ ਗੁਣਾਂ ਦਾ ਸਿਖਰ : ਜਵਾਨੀ

ਜਿਉਣ ਦੀ ਥਾਂ ਲੋਕ ਆਪਣਾ ਸਾਰਾ ਜੀਵਨ ਜਿਉਣ ਦੀ ਤਿਆਰੀ ਕਰਨ 'ਚ ਗਵਾ ਦਿੰਦੇ ਹਨ ਅਤੇ ਜਦੋਂ ਸਾਰਾ ਸਮਾਂ ਹੱਥੋਂ ਨਿਕਲ ਜਾਂਦਾ ਹੈ ਤਾਂ ਖ਼ੁਦ ਨੂੰ ਲੁੱਟਿਆ ਹੋਇਆ ਦੇਖਦੇ ਹਨ, ਭਾਗਾਂ ਨੂੰ ਕੋਸਣ ਲਗਦੇ ਹਨ - ਮੈਕਸਿਮ ਗੋਰਕੀ

ਮੇਰੇ ਪਿੰਡ ਦੀ ਕੁੜੀ

ਨਵਦੀਪ ਸੰਗਤਪੁਰਾ

ਮੇਰੇ ਪਿੰਡ ਦੀ ਭੋਲੀ ਜਿਹੀ ਉਹ ਕੁੜੀ
ਟੁੱਟੀ ਜਿਹੀ ਸੜਕ ਤੇ ਮੈਨੂੰ ਅਕਸਰ ਦਿਖਦੀ ਹੈ
ਸਿਰ ਤੇ ਘਾਹ ਦੀ ਥੱਬੀ ਚੁੱਕੀ ਆਉਂਦੀ ਹੋਈ
ਕੋਈ ਉਦਾਸ ਜਿਹਾ ਗੀਤ ਗੁਣਗੁਣਾਉਂਦੀ ਹੋਈ
ਘਾਹ ਦੀਆਂ ਤਿੜਾਂ ਪਿੱਛੇ
ਉਹਦੀਆਂ ਅੱਖਾਂ 'ਚ ਭਰੇ ਖਵਾਬ
ਲੱਭਦੇ ਹੁੰਦੇ ਨੇ ਕਈ ਸਵਾਲਾਂ ਦੇ ਜਵਾਬ
ਫਿਰ ਟੁੱਟਾ ਜਿਹਾ ਗੀਤ ਗੁਣਗੁਣਾਉਣਾ ਛੱਡ
ਉਹ ਤ੍ਰਭਕ ਕੇ ਪਾਸੇ ਹੋ ਜਾਵੇ,
ਤੇ ਸੂਟਡ ਬੂਟਡ ਬੱਚਿਆਂ ਨਾਲ ਭਰੀ ਸਕੂਲ ਵੈਨ
ਉਹਦੀ ਖਿੱਲੀ ਉਡਾਂਦਿਆਂ,
ਰੇਤ ਦੇ ਬੱਦਲ ਬਣਾਦਿਆਂ, ਉਹਦੇ ਕੋਲੋਂ ਲੰਘ ਜਾਵੇ
ਉਹ ਉਡਕੇ ਕੱਕੇ ਰੇਤ ਚੋਂ ਰੋਜ਼ ਲੱਭਦੀ ਏ
ਆਪਣੇ ਹਿੱਸੇ ਦੀਆਂ ਕਿਤਾਬਾਂ
ਠੰਢੇ ਪਾਣੀ ਦੀ ਬੋਤਲ
ਪਰੌਠਿਆਂ ਵਾਲਾ ਟਿਫਨ ਤੇ ਹੋਰ ਨਿੱਕ ਸੁੱਕ
ਤਪਦੀ ਸੜਕ ਤੇ ਘਸੀਆ ਚੱਪਲਾਂ ਨਾਲ ਤੁਰੀ ਆਉਂਦੀ
ਗਰਮੀ ਗਰਮੀ ਹੋਈ ਉਹ ਕੁੜੀ
ਘਾਹ ਵਾਲੀ ਥੱਬੀ ਸੁੱਟਕੇ
ਚੂਲੀ ਭਰਕੇ ਪੀਂਦੀ ਏ, ਖਾਲ 'ਚ ਖੜ੍ਹੇ ਪਾਣੀ ਦੀ
ਫੇਰ ਉਸੇ ਭਾਰ ਨੂੰ ਸਿਰ ਤੇ ਰੱਖ
ਤੁਰ ਪੈਂਦੀ ਐ ਪਿੰਡ ਵੱਲ
ਉਹ ਮੂੰਹ 'ਚ ਭਰੀ ਪਾਣੀ ਦੀ ਦੂਜੀ ਕੁਰਲੀ ਨੂੰ
ਨਫ਼ਰਤ ਜਿਹੀ ਨਾਲ ਸੜਕ ਤੇ ਵਗਾਹ ਮਾਰਦੀ ਏ
ਤੇ ਸੁਪਨੇ ਭਰੀਆਂ ਉਹਦੀਆਂ ਅੱਖਾਂ ਵਿੱਚ
ਜੇਠ ਹਾੜ੍ਹ ਦੇ ਅੰਗਿਆਰ ਉੱਤਰਕੇ
ਤਾਂਡਵ ਨਾਚ ਕਰਨ ਲਗਦੇ ਨੇ
ਹੱਥ 'ਚ ਫੜੀ ਦਾਤੀ ਨੂੰ ਹਵਾ 'ਚ ਲਹਿਰਾਅ
ਉਹ ਮੁੜ ਅੜੁੰਗ ਲੈਂਦੀ ਏ ਉਸੇ ਘਾਹ ਦੀ ਥੱਬੀ ਵਿਚਾਲੇ,
ਤੇ ਅਕਸਰ ਇਉਂ ਕਰਦੀ ਹੋਈ,
ਉਹ ਆਪਣੇ ਘਰ ਦਾ ਮੋੜ ਮੁੜਦੀ ਏ,
ਫਿਰ ਉਸ ਮੋੜ ਤੋਂ ਮੇਰੇ ਘਰ ਤੱਕ,
ਉਹਦੀਆਂ ਅੱਖਾਂ 'ਚ ਭਰੇ ਸਵਾਲ,
ਮੇਰੇ ਅੰਦਰ ਖੌਰੂ ਪਾਈ ਰੱਖਦੇ ਨੇ,
ਏਸੇ ਲਈ ਅਕਸਰ ਹੁਣ ਮੈਂ, ਕਿਤਾਬਾਂ 'ਚ ਲੱਭਦੀ ਹੁੰਦੀ ਹਾਂ,
ਉਹਦੇ ਹਿੱਸੇ ਦੀਆਂ ਕਿਤਾਬਾਂ,
ਠੰਢੇ ਪਾਣੀ ਦੀ ਬੋਤਲ,
ਪਰੌਠਿਆਂ ਵਾਲਾ ਟਿਫ਼ਨ ਤੇ ਹੋਰ ਨਿੱਕ ਸੁੱਕ।

ਟਾਈਟਲ : ਇਹ ਫੋਟੋ ਫੋਟੋਗ੍ਰਾਫਰ ਕੇਵਿਨ ਕਾਰਟਨ ਨੇ ਜਨਵਰੀ 1991 ਵਿੱਚ ਸੁਡਾਨ ਦੇਸ਼ ਦੇ ਪਿੰਡ ਅਯੋਗ ਵਿੱਚ ਖਿੱਚੀ, ਜਦੋਂ ਉਹ ਕਾਰ ਰਾਹੀਂ ਸਫ਼ਰ ਕਰ ਰਿਹਾ ਸੀ ਤਾਂ ਉਸਦੀ ਨਜ਼ਰ ਭੁੱਖ ਨਾਲ ਮਰ ਰਹੇ ਬੱਚੇ ਉੱਤੇ ਪਈ ਜਿਸਦੇ ਮਰਨ ਦਾ ਇੰਤਜਾਰ ਇੱਕ ਗਿਰਝ ਕਰ ਰਹੀ ਸੀ। ਜਦੋਂ ਫੋਟੋਗ੍ਰਾਫਰ ਨੇ ਉਸ ਬੱਚੇ ਨੂੰ ਚੁੱਕਿਆ ਅਤੇ ਕਾਰ ਰਾਹੀਂ ਹਸਪਤਾਲ ਲਿਜਾ ਰਿਹਾ ਸੀ ਤਾਂ ਉਹ ਬੱਚਾ ਰਾਸਤੇ ਵਿੱਚ ਹੀ ਦਮ ਤੋੜ ਗਿਆ, ਮੁੜਦੇ ਸਮੇਂ ਫੋਟੋਗ੍ਰਾਫਰ ਨੇ ਜਦੋਂ ਦੁਵਾਰਾ ਇਸ ਦ੍ਰਿਸ਼ ਨੂੰ ਯਾਦ ਕੀਤਾ ਤਾਂ ਉਹ ਦ੍ਰਿਸ਼ ਦੀ ਭਿਆਨਕਤਾ ਨੂੰ ਬਰਦਾਸ਼ਤ ਨਾ ਕਰ ਸਕਿਆ ਅਤੇ ਕਾਰ ਵਿੱਚ ਪਈ ਸਾਈਨਾਈਡ (ਜ਼ਹਿਰ) ਖਾ ਕੇ ਖੁਦਕਸ਼ੀ ਕਰ ਲਈ। ਬਾਅਦ ਵਿੱਚ ਇਹ ਫੋਟੋ ਟਾਈਮਜ਼ ਮੈਗਜ਼ੀਨ ਦੇ ਮੁੱਖ ਪੰਨੇ ਤੇ ਛਪੀ ਅਤੇ ਸੰਸਾਰ ਪ੍ਰਸਿੱਧ ਇਨਾਮ 'ਪੁਲੀਟਾਈਰਜ਼' ਜਿੱਤਿਆ।

ਮਰਨ ਦਾ ਇੱਕ ਹੋਰ ਵੀ ਢੰਗ ਹੁੰਦਾ ਹੈ
ਮੌਤ ਦੇ ਚਿਹਰੇ ਤੋਂ ਚੁੱਕ ਦੇਣਾ ਨਕਾਬ
ਅਤੇ ਜ਼ਿੰਦਗੀ ਦੀ ਚਾਰ ਸੌ ਵੀਹ ਨੂੰ
ਸ਼ਰੇਆਮ ਬੇ-ਪਰਦ ਕਰ ਦੇਣਾ - ਪਾਸ਼

-: ਮੁੱਖ ਸੰਪਾਦਕ : -
ਬਲਬੀਰ ਚੰਦ ਲੌਂਗੋਵਾਲ
98153-17028
balbirchand1966@gmail.com

-: ਸੰਪਾਦਕੀ ਮੰਡਲ :-
ਰਾਮ ਸਵਰਨ ਲੱਖੇਵਾਲੀ
94173-62085
ramswarn@gmail.com
ਸੁਖਵਿੰਦਰ ਬਾਗਪੁਰ
94174-27538
tarksheel@yahoo.co.in
ਵਿਜੈ ਬੰਬੇਲੀ
94634-39075
vijaybombeli@yahoo.com
ਜਸਵੰਤ ਮੋਹਾਲੀ
98555-30721
jaswant_mohali@rediffmail.com
ਜਸਵੀਰ ਮੋਰੋਂ 94172-62838

-: ਮੁੱਖ ਪ੍ਰਬੰਧਕ :-
ਜਸਵੰਤ ਜੀਰਖ, 98151-69825

: ਵਿਦੇਸ਼ੀ ਪ੍ਰਤੀਨਿਧ :
ਅਵਤਾਰ ਗਿੱਲ, ਕੈਨੇਡਾ
ਨਵਦੀਪ, ਲੈਸਟਰ (ਯੂ.ਕੇ.)

ਚੰਦਾ
ਸਲਾਨਾ : 80/- ਰੁਪਏ
ਵਿਦੇਸ਼ : 1000/- ਰੁਪਏ

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ: 0044000100282234

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :
ਮੁੱਖ ਦਫਤਰ ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ,
ਤਰਕਸ਼ੀਲ ਚੌਂਕ, ਬਰਨਾਲਾ-148101 (ਪੰਜਾਬ)
ਫੋਨ: 01679-241466

ਬਲਵਿੰਦਰ ਬਰਨਾਲਾ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ (ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)) ਨੇ ਅੱਪੂ ਆਰਟ ਪ੍ਰੈਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਬਰਨਾਲਾ (ਬਰਨਾਲਾ) ਪੰਜਾਬ ਤੋਂ ਜਾਰੀ ਕੀਤਾ।

ਤਤਕਰਾ

ਸਰਵਰਕ: ਸੇਵਾ ਭਗਤੂਆਣਾ

ਕੰਪੋਜ਼ਿੰਗ : ਨੀਰਜ ਕੁਮਾਰ, ਸੁਨਾਮ
84277-55241

ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ, (ਚੰਡੀਗੜ੍ਹ) ਮਿਤੀ 17-1-94 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।

ਸੰਪਾਦਕੀ

ਮੋਗਾ ਜ਼ਿਲ੍ਹੇ ਦੇ ਪਿੰਡ ਭਿੰਡਰ ਕਲਾਂ ਵਿਖੇ ਇੱਥੋਂ ਦੀ ਸਰਪੰਚ ਪਾਲ ਕੌਰ ਨੇ ਲਾਗਲੇ ਪਿੰਡ ਮਨਾਵਾਂ ਦੀ ਇੱਕ 10 ਸਾਲਾਂ ਬੱਚੀ ਵੀਰਪਾਲ ਕੌਰ ਨੂੰ ਭੂਤ ਕੱਢਣ ਦੇ ਨਾਮ ਹੇਠ ਗਰਮ ਚਿਮਟਿਆਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ। ਇੱਥੋਂ ਦੀ ਬਾਵਰੀਆਂ ਸਿੱਖਾਂ ਦੀ ਧਰਮਸ਼ਾਲਾ ਵਿਖੇ ਲੱਗੇ ਗੁੱਗਾ ਪੀਰ ਦੇ ਮੇਲੇ ਤੇ ਇਸ ਔਰਤ ਨੇ ਆਪਣੇ ਆਪ ਨੂੰ ਜੋਗੀ ਪੀਰ ਦੱਸਦੀ ਹੋਈ ਨੇ ਸਿਰ ਘੁੰਮਾਉਣਾ ਸ਼ੁਰੂ ਕਰ ਦਿੱਤਾ। ਉਸ ਨੇ ਮੇਲੇ ਤੇ ਆਈ ਇਸ ਬੱਚੀ ਨੂੰ ਵਾਲਾਂ ਤੋਂ ਫੜਕੇ ਘਸੀਟਣਾ ਅਤੇ ਕੁੱਟਣਾ ਸ਼ੁਰੂ ਕਰ ਦਿੱਤਾ। ਲੋਕ ਮੂਕ ਦਰਸ਼ਕ ਬਣ ਕੇ ਇਹ ਤਮਾਸ਼ਾ ਵੇਖਦੇ ਰਹੇ। ਪਾਣੀ-ਪਾਣੀ ਕਰਲਾਉਂਦੀ ਬੱਚੀ ਨੂੰ ਅੰਧ-ਵਿਸ਼ਵਾਸ਼ਾਂ 'ਚ ਗ੍ਰਸੇ ਇਹਨਾਂ ਲੋਕਾਂ ਵਿੱਚੋਂ ਕਿਸੇ ਨੇ ਪਾਣੀ ਤੱਕ ਨਹੀਂ ਦਿੱਤਾ ਅਤੇ ਨਾ ਹੀ ਛੁਡਾਉਣ ਦੀ ਕੋਸ਼ਿਸ਼ ਕੀਤੀ। ਆਖਰ ਨੂੰ ਇਹ ਬੱਚੀ ਦਮ ਤੋੜ ਗਈ। ਪੱਟੀ ਨਿਵਾਸੀ ਚਰਨਜੀਤ ਕੌਰ ਪਤਨੀ ਅਵਤਾਰ ਸਿੰਘ ਦੀ 12 ਸਾਲਾਂ ਪੁੱਤਰੀ ਕੁੱਝ ਸਮੇਂ ਤੋਂ ਗੁੰਮ ਸੀ। ਆਪਣੇ ਇੱਕ ਨਜਦੀਕੀ ਦੇ ਕਹਿਣ ਤੇ ਉਹ ਬੱਚੀ ਦੀ ਭਾਲ ਸੰਬੰਧੀ, ਪੁੱਛ ਲਈ ਲੁਕ ਛਿਪ ਕੇ ਤਾਂਤਰਿਕ ਦਾ ਕੰਮ ਕਰਨ ਵਾਲੇ ਇੱਕ ਅਖੌਤੀ ਸਵਾਮੀ ਨਾਮ ਦੇ ਵਿਅਕਤੀ ਕੋਲ ਗਈ। ਇਹ ਸਵਾਮੀ ਆਪਣੇ ਆਪ ਨੂੰ 'ਕ੍ਰਾਈਮ ਫਰੀ ਇੰਡੀਆ ਬਿਊਰੋ' ਦਾ ਜ਼ਿਲਾ ਚੇਅਰਮੈਨ ਅਤੇ 'ਕਰਾਈਮ ਐਂਡ ਕੁਰੱਪਸ਼ਨ ਆਰਗੇਨਾਈਜ਼ੇਸ਼ਨ' ਦਾ ਕਾਨੂੰਨੀ ਸਲਾਹਕਾਰ ਅਖਵਾਉਂਦਾ ਹੈ। ਸਵਾਮੀ ਨੇ ਚਰਨਜੀਤ ਕੌਰ ਨੂੰ ਕਿਹਾ ਕਿ ਜੇਕਰ ਤੂੰ ਕਿਸੇ ਬੱਚੇ ਦੀ ਬਲੀ ਦੇਵੇਂ ਤਾਂ ਤੇਰੀ ਲੜਕੀ ਵਾਪਸ ਆ ਸਕਦੀ ਹੈ। ਉਸ ਔਰਤ ਨੇ ਆਪਣੇ ਇੱਕ ਸਹਾਇਕ ਦੀ ਮੱਦਦ ਨਾਲ 8 ਸਾਲ ਦੇ ਬੱਚੇ ਪ੍ਰਿੰਸ ਪੁੱਤਰ ਜਗਦੀਪ ਸਿੰਘ ਨੂੰ ਬਹਿਕਾਵੇ ਵਿੱਚ ਲੈ ਕੇ ਅਗਵਾ ਕਰ ਲਿਆ ਅਤੇ ਰਾਤ ਦੇ ਸਮੇਂ ਡੀ.ਐਸ.ਪੀ. ਦਫਤਰ ਦੇ ਨੇੜਲੇ ਖੂਹ ਵਿੱਚ ਸੁੱਟ ਕੇ ਉਸਦੇ ਇੱਟਾਂ ਰੋੜੇ ਮਾਰੇ। ਬੱਚਾ ਬੇਹੋਸ਼ ਹੋ ਗਿਆ, ਉਹ ਔਰਤ ਅਤੇ ਉਸਦੇ ਸਹਾਇਕ ਉਸਨੂੰ ਮਰਿਆ ਸਮਝ ਕੇ ਆਪਣੇ ਘਰਾਂ ਨੂੰ ਚਲੇ ਗਏ। ਸਵੇਰੇ ਖੂਹ ਵਿੱਚੋਂ 'ਬਚਾਓ-ਬਚਾਓ' ਦੀਆਂ ਆਵਾਜ਼ਾਂ ਆਉਣ ਤੇ ਉੱਥੋਂ ਲੰਘ ਰਹੇ ਕੁੱਝ ਵਿਅਕਤੀਆਂ ਨੇ ਜਖ਼ਮੀ ਬੱਚੇ ਨੂੰ ਖੂਹ ਵਿੱਚੋਂ ਕੱਢਿਆ ਅਤੇ ਇਲਾਜ ਲਈ ਹਸਪਤਾਲ ਭਰਤੀ ਕਰਵਾਇਆ। ਜਗਰਾਉਂ ਨੇੜਲੇ ਪਿੰਡ ਬੜੈਚ ਦੀ ਇੱਕ ਖਸਰੇ ਤੋਂ ਪੀੜਤ 18 ਸਾਲਾਂ ਨੌਜਵਾਨ ਲੜਕੀ ਨੂੰ ਇੱਕ ਤਾਂਤਰਿਕ ਦੇ ਆਦੇਸ਼ ਤੇ ਤਿੰਨ ਮਹੀਨੇ ਉਸ ਦੇ ਮਾਪਿਆਂ ਨੇ ਹਨੇਰੇ ਕਮਰੇ ਵਿੱਚ ਰੱਖਿਆ। ਇੰਨ੍ਹਾਂ ਸਾਰੇ ਅਪਰਾਧਾਂ ਵਿੱਚ ਲਿਪਤ ਤਾਂਤਰਿਕਾਂ, ਦੋਸ਼ੀਆਂ ਨੂੰ ਭਾਵੇਂ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਪਰ ਇਨ੍ਹਾਂ ਸਬੂਤਾਂ ਦੀ ਘਾਟ ਕਾਰਣ ਸਾਫ ਬਰੀ ਹੋ ਜਾਣਾ ਹੈ। ਜੇਕਰ ਥੋੜ੍ਹੀ ਮੋਟੀ ਸਜ਼ਾ ਮਿਲ ਵੀ ਗਈ ਤਾਂ ਕੀ ਵਹਿਮਾਂ-ਭਰਮਾਂ ਵਿੱਚ ਗ੍ਰਸਿਆ ਇਹ ਸਮਾਜ ਅੱਗੇ ਤੋਂ ਇੰਨ੍ਹਾਂ ਅਖੌਤੀ ਸਿਆਣਿਆਂ ਦੇ ਬਹਿਕਾਵੇ ਵਿੱਚ ਆ ਕੇ ਕੋਈ ਅਜਿਹਾ ਜੁਰਮ ਨਹੀਂ ਕਰੇਗਾ? ਇਹ ਸਵਾਲ ਸਾਡੇ ਸਾਹਮਣੇ ਹੈ। ਅਜਿਹੀਆਂ ਘਟਨਾਵਾਂ ਦਹਾਕਿਆਂ ਤੋਂ ਜਾਰੀ ਹਨ, ਅਤੇ ਸੱਚ ਇਹ ਹੈ ਕਿ ਇੰਨ੍ਹਾਂ ਨੇ ਜਾਰੀ ਰਹਿਣਾ ਹੈ। ਫਿਰ ਇਸ ਦਾ ਹੱਲ ਕੀ ਹੈ? ਜਦੋਂ ਤੱਕ ਸਮਾਜ ਨੂੰ ਅੰਧ-ਵਿਸ਼ਵਾਸਾਂ, ਕਿਸਮਤਵਾਦ, ਅਧਿਆਤਮਵਾਦ ਵਿੱਚ, ਆਪਣੀ ਉਮਰ ਲੰਬੀ ਕਰਨ ਲਈ, ਗ੍ਰਸੀ ਰੱਖਣ ਵਾਲਾ ਇਹ ਲੁਟੇਰਾ ਪ੍ਰਬੰਧ ਕਾਇਮ ਹੈ, ਇਸ ਵਰਤਾਰੇ ਦਾ ਕੋਈ ਸਥਾਈ ਹੱਲ ਨਹੀਂ ਨਿਕਲ ਸਕਦਾ। ਸਮਾਨਤਾ ਤੇ ਅਧਾਰਿਤ, ਲੁੱਟ ਰਹਿਤ ਸਮਾਜ, ਜਿਸ ਲਈ ਸਾਡੇ ਗ਼ਦਰੀ ਬਾਬਿਆਂ, ਭਗਤ-ਸਰਾਭਿਆਂ ਨੇ ਕੁਰਬਾਨੀ ਦਿੱਤੀ ਸੀ, ਦੀ ਕਾਇਮੀ ਹੀ ਇਸਦਾ ਪੱਕਾ ਹੱਲ ਹੈ। ਅਜਿਹੇ ਸਮਾਜ ਦੀ ਸਿਰਜਣਾ ਲਈ ਅੱਗੇ ਵਧਣਾ ਹੀ ਸਾਡੀ ਇੰਨ੍ਹਾਂ ਸ਼ਹੀਦਾਂ, ਦੇਸ਼ ਭਗਤਾਂ ਲਈ ਸੱਚਾ ਸਤਿਕਾਰ ਦਾ ਪ੍ਰਗਟਾਵਾ ਹੈ।



ਹੁੰਗਾਰੇ

ਸੰਪਾਦਕ 'ਤਰਕਸ਼ੀਲ'
ਮੁੱਖ ਦਫਤਰ,
ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਬਰਨਾਲਾ-148101 (ਪੰਜਾਬ)
E-mail : tarkshiloffice@gmail.com



'ਤਰਕਸ਼ੀਲ' ਦਾ ਸਤੰਬਰ-ਅਕਤੂਬਰ ਅੰਕ ਹਰ ਵਾਰ ਦੀ ਤਰ੍ਹਾਂ ਪੜ੍ਹਿਆ। ਸੰਪਾਦਕੀ ਦਿਲਚਸਪ ਅਤੇ ਦਿਮਾਗ ਦੀਆਂ ਖਿੜਕੀਆਂ ਖੋਲ੍ਹਣ ਵਾਲੀ ਸੀ, ਇਸ ਲਈ ਸੰਬੰਧਿਤ ਵਿਸ਼ੇ ਬਾਰੇ ਜਾਣਕਾਰੀ ਲਈ ਨਵਾਂ ਜਮਾਨਾ-ਐਤਵਾਰਤਾ ਦਾ ਸੰਬੰਧਤ ਅੰਕ ਵੀ ਪੜ੍ਹਿਆ। ਬਾਕੀ ਸਮੱਗਰੀ ਵੀ ਦਿਲਚਸਪ ਤੇ ਰੌਚਕ ਸੀ। ਪੁਸਤਕ ਪੜਚੋਲ ਕਾਲਮ ਵਿੱਚ ਰਾਜਪਾਲ ਸਿੰਘ ਨੇ ਸਾਧੂ ਬਿਨਿੰਗ ਦੀ ਨਵੀਂ ਛਪੀ ਕਿਤਾਬ 'ਨਾਸਿਤਕ ਬਾਣੀ' ਬਾਰੇ ਵਿਸਥਾਰ ਨਾਲ ਚਰਚਾ ਕੀਤੀ। ਪਰ ਉਹ ਕਿਤਾਬ ਦੇ ਪ੍ਰਕਾਸ਼ਕ ਬਾਰੇ ਦੱਸਣਾ ਹੀ ਭੁੱਲ ਗਏ। **ਸੁਝਾਅ** : ਕਿਤਾਬਾਂ ਸਬੰਧੀ ਪ੍ਰਕਾਸ਼ਕ, ਕੀਮਤ ਅਤੇ ਸੰਪਰਕ ਜਰੂਰ ਦਿੱਤਾ ਜਾਵੇ। ਤਰਕਸ਼ੀਲ ਦੇ ਇੰਟਰਨੈੱਟ ਉੱਪਰ ਪੜ੍ਹਨ ਸਬੰਧੀ ਵੀ ਨੋਟਿਸ ਦਿੱਤਾ ਜਾਵੇ। ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਛਪ ਰਹੇ ਹੋਰ ਤਰਕਸੀਲ ਵਿਚਾਰਧਾਰਾ ਵਾਲੇ ਰਸਾਲਿਆਂ ਬਾਰੇ ਜਾਣੂ ਕਰਵਾਉਂਦੇ ਰਹੋ। ਪਾਠਕਾਂ ਦੀਆਂ ਚਿੱਠੀਆ ਡਿਜਾਇਨਿੰਗ ਕਰਕੇ ਛਾਪੋ, ਆਕਰਸ਼ਕ ਲੱਗਣਗੀਆਂ। ਅਗਲੇ ਅੰਕ ਵਿੱਚ ਤਰਕਸ਼ੀਲ ਸੁਸਾਇਟੀ, ਪੰਜਾਬ ਦਾ ਮੈਂਬਰ ਬਣਨ ਸੰਬੰਧੀ ਸ਼ਰਤਾਂ (ਨਿਯਮ) ਛਾਪੀਆਂ ਜਾਣ।

ਰਣਦੀਪ ਸੰਗਤਪੁਰਾ (ਲਹਿਰਾਗਾਗਾ) 09855695905

ਮੈਂ ਤਰਕਸ਼ੀਲ ਮੈਗਜ਼ੀਨ ਦਾ ਤਕਰੀਬਨ ਪੰਜ ਸਾਲਾਂ ਤੋਂ ਪਾਠਕ ਹਾਂ। ਪਰ ਮੈਂ ਕਦੇ ਵੀ ਇਸਦਾ ਲਗਾਤਾਰ ਪਾਠਕ ਨਹੀਂ ਰਿਹਾ। ਜਦ ਕਦੇ ਵੀ ਇਹ ਮਿਲਦਾ ਤਾਂ ਪੜ੍ਹ ਲਈਦਾ ਸੀ। ਪਰ ਹੁਣ ਇੱਕ ਦੋ ਅੰਕ ਪੜ੍ਹ ਕੇ ਰੌਚਕਤਾ ਇਸ ਕਦਰ ਵਧ ਗਈ ਕਿ ਪਿਛਲੇ 4-5 ਸਾਲਾਂ ਦੇ ਜਿੰਨ੍ਹੇ ਵੀ ਅੰਕ ਮੌਜੂਦ ਸਨ ਸਭ ਪੜ੍ਹ ਲਏ। ਸੰਪਾਦਕੀ ਤੋਂ ਲੈ ਕੇ ਵਿਗਿਆਨਕ ਲੇਖ, ਹੱਡਬੀਤੀਆਂ, ਕੇਸ ਰਿਪੋਰਟ, ਮਿੰਨੀ ਕਹਾਣੀਆਂ ਸਮੇਤ ਸਾਰਾ ਮੈਟਰ ਪੜ੍ਹਿਆ। ਹੁਣ ਮਨ ਵਿੱਚ ਇਸ ਰਸਾਲੇ ਦਾ ਇੰਨ੍ਹਾਂ ਮੋਹ ਪੈ ਗਿਆ ਹੈ ਕਿ ਦਿਲ ਕਰਦਾ ਹੈ ਹਰ ਮਹੀਨੇ ਤਾਜਾ ਅੰਕ ਪੜ੍ਹ ਕੇ ਹਰ ਪ੍ਰਕਾਰ ਦਾ ਗਿਆਨ ਹਾਸਲ ਕਰ ਲਵਾਂ। ਮੇਰੀ ਸੋਚ ਵਿਚ ਤਰਕਸੰਗਤਾ ਵਧ ਗਈ ਹੈ ਅਤੇ ਕਈ ਵਾਰ ਕਿਸੇ ਸੱਜਣ ਨਾਲ ਅੰਧ ਵਿਸ਼ਵਾਸਾਂ ਬਾਰੇ ਦਲੀਲ ਭਰਪੂਰ ਗੱਲ ਕਰਨ ਦੀ ਹਿੰਮਤ ਵੀ ਵਧ ਗਈ ਹੈ।

ਅਵਤਾਰ ਸਿੰਘ, ਈ.ਟੀ.ਟੀ. ਅਧਿਆਪਕ,
ਭਗਤਾ ਭਾਈਕਾ (ਬਠਿੰਡਾ) 95010-05073

ਜੁਲਾਈ-ਅਗਸਤ ਅੰਕ ਮਿਲਿਆ। ਮੈਗਜ਼ੀਨ ਦਾ ਸਾਰਾ ਮੈਟਰ ਵਧੀਆ ਜਾਣਕਾਰੀ ਭਰਪੂਰ ਹੈ। 'ਅੰਧ-ਵਿਸ਼ਵਾਸ਼ਾਂ ਦਾ ਜੂੜ ਕਿਵੇਂ ਵੱਢੀਏ' ਪੁਸਤਕ ਦੀ ਜਾਣ ਪਛਾਣ ਵਧੀਆ ਉੱਦਮ ਹੈ। ਹਰੇਕ ਅੰਕ ਵਿੱਚ ਕਿਸੇ ਵਧੀਆ ਪੁਸਤਕ ਦੀ ਜਾਣ ਪਛਾਣ ਛਾਪੀ ਜਾਵੇ ਤਾਂ ਬਹੁਤ ਚੰਗਾ ਹੋਵੇਗਾ। ਬਿਨ੍ਹਾਂ ਜਾਤ ਪਾਤ, ਧਰਮ ਤੋਂ ਵਿਆਹ ਸਬੰਧੀ ਇਸ਼ਤਿਹਾਰ ਦੇਣਾ ਵੀ ਚੰਗਾ ਲੱਗਾ। ਪੇਸ਼ ਕਦਮੀਆਂ ਵਿੱਚ ਇਕਾਈਆਂ ਵੱਲੋਂ ਸਰਗਰਮੀਆਂ, ਹਵਾ ਵਿੱਚ ਲਿਖੇ ਹਰਫ਼ ਕਾਲਮ ਬਹੁਤ ਪਸੰਦ ਆਏ। ਹੋ ਸਕੇ ਤਾਂ ਪੰਜਾਬ ਪੱਧਰ ਦੀਆਂ ਸਰਗਰਮੀਆਂ ਸੰਬੰਧੀ ਇਕਾਈਆਂ ਨੂੰ ਪਹਿਲਾਂ ਸੂਚਨਾ ਦਿੱਤੀ ਜਾਵੇ। 'ਜ਼ਿੰਦਗੀ' ਡਾ. ਜਗਤਾਰ, ਡਾ. ਬੱਗਾ ਨਾਲ ਮੁਲਾਕਾਤ-ਜਸਲੀਨ ਨੇ 37 ਲੋੜਵੰਦ ਵਿਅਕਤੀਆਂ ਨੂੰ ਪ੍ਰਦਾਨ ਕੀਤਾ ਨਵਾਂ ਜੀਵਨ, ਕਾਲਮ ਜਗਿਆਸਾ, ਜ਼ਿੰਦਗੀ ਨੂੰ ਮੁਸੀਬਤਾਂ ਵਿੱਚ ਪਾ ਸਕਦੇ ਹਨ ਵਹਿਮ ਭਰਮ ਡਾ. ਹਰਸ਼ਿੰਦਰ ਕੌਰ, ਮਰਨ ਉਪਰੰਤ ਰਤਨ ਹੋ ਨਿਬੜਿਆ ਮਾਸਟਰ ਰਤਨ ਸਿੰਘ ਖੇੜੀ, ਕੇਸ ਰਿਪੋਰਟ ਗੁਆਂਢਣ ਦਾ ਭੂਤ, ਅਸ਼ਲੀਲ ਗਾਇਕੀ ਕਾਰਨ ਅਤੇ ਹੱਲ ਹੇਮ ਰਾਜ ਸਟੈਨੋ ਅਤੇ ਭਖਦੇ ਮਸਲੇ ਵਿੱਚ ਵਧ ਰਹੀ ਅਬਾਦੀ ਅਤੇ ਵਿਸ਼ਵ ਸੰਦਰਭ ਵਿੱਚ ਭਾਰਤ ਬਲਵਿੰਦਰ ਬਰਨਾਲਾ ਆਦਿ ਸਾਰੀਆਂ ਲਿਖਤਾਂ ਬਹੁਤ ਹੀ ਜਾਣਕਾਰੀ ਦਿੰਦੀਆਂ ਹਨ। ਅਗਲੇ ਅੰਕ ਵਿੱਚ ਜਨ-ਗਨ-ਮਨ ਦੇ ਸਹੀ ਅਰਥ ਛਾਪੇ ਜਾਣ।

ਮਾ. ਜਗਦੀਸ਼, ਬਲਜੀਤ ਖਟਕੜ 94174-34038

ਬਾਕੀ ਪੰਨਾ 49 ਤੇ...

ਜਗਿਆਸਾ



? ਕੀ ਕਾਲਾ ਇਲਮ ਨਾਮ ਦੀ ਕੋਈ ਸ਼ੈਅ ਹੈ? ਸੁੱਖਾਂ ਸੁੱਖਣ ਨਾਲ ਕਈ ਕੰਮ ਪੂਰੇ ਕਿਉਂ ਹੋ ਜਾਂਦੇ ਹਨ?

- ਕਾਲਾ ਇਲਮ ਨਾਮ ਦੀ ਕੋਈ ਸ਼ੈਅ ਨਹੀਂ। ਗੈਬੀ ਸ਼ਕਤੀਆਂ ਦਾ ਭੁਲੇਖਾ ਪੈਦਾ ਕਰਨ ਵਾਲੇ ਕਈ ਪਾਖੰਡੀ ਤੇ ਇਸੇ ਤਰ੍ਹਾਂ ਦੇ ਕੁੱਝ ਜਾਦੂਗਰ ਨਹੁੰਆਂ ਜਾਂ ਕਿਸੇ ਚਮਕਦਾਰ ਵਸਤੂ ਉੱਪਰ ਨਿਗ੍ਹਾਂ ਟਿਕਵਾ ਕੇ ਸੰਬੰਧਤ ਵਿਅਕਤੀ ਨੂੰ ਹਿਪਨੋਟਾਈਜ਼ ਕਰਦੇ ਹਨ, ਇਸਨੂੰ ਕਾਲੇ ਇਲਮ ਦਾ ਨਾਮ ਦਿੰਦੇ ਹਨ। ਹਿਪਨੋਟਾਈਜ਼ ਵਾਲੀ ਵਿਧੀ ਨੂੰ ਮਾਨਸਿਕ ਰੋਗੀਆਂ ਦੇ ਇਲਾਜ ਲਈ ਵਰਤਦੇ ਹਨ। ਸੁੱਖਾਂ ਸੁੱਖਣ ਨਾਲ ਨਾ ਤਾਂ ਕੋਈ ਕੰਮ ਬਣਦਾ ਹੈ ਅਤੇ ਨਾ ਹੀ ਵਿਗੜਦਾ ਹੈ। ਸਾਡੇ ਹਰ ਕੰਮ ਦੀਆਂ ਦੋ ਹੀ ਸੰਭਾਵਨਾਵਾਂ ਹੁੰਦੀਆਂ ਹਨ। ਹੱਲ ਹੋ ਜਾਣਾ ਜਾਂ ਹੱਲ ਨਾ ਹੋਣਾ। ਜਿੰਨ੍ਹਾਂ ਦੇ ਕੰਮ ਹੱਲ ਹੋ ਜਾਂਦੇ ਹਨ, ਉਹ ਸਮਝ ਲੈਂਦੇ ਹਨ ਕਿ ਸੁੱਖਾਂ ਸੁੱਖਣ ਕਰਕੇ ਹੋ ਗਿਆ ਅਤੇ ਜਿੰਨ੍ਹਾਂ ਦੇ ਨਹੀਂ ਬਣਦੇ, ਇਹ ਸਮਝ ਲੈਂਦੇ ਹਨ ਕਿ ਸੁੱਖ ਸੱਚੇ ਮਨ ਨਾਲ ਨਹੀਂ ਸੀ ਸੁੱਖੀ। ਪੰਜਾਬ ਵਿੱਚ ਸਾਧ ਲੋਕਾਂ ਨੂੰ ਮੁੰਡੇ ਬਖਸ਼ਦੇ ਆਮ ਵੇਖੇ ਜਾਂਦੇ ਹਨ। ਸਰੀਰ ਵਿਗਿਆਨ ਅਨੁਸਾਰ ਮੁੰਡੇ ਅਤੇ ਕੁੜੀਆਂ ਦਾ ਅਨੁਪਾਤ 55:45 ਹੈ। ਸੋ 100 ਪਿੱਛੇ 55 ਮੁੰਡੇ ਤਾਂ ਹੋਣੇ ਹੀ ਹਨ। ਸਾਧਾਂ ਕੋਲ ਜਾਣ ਵਾਲਿਆਂ ਵਿੱਚੋਂ ਵੀ ਇਸ ਅਨੁਪਾਤ ਅਨੁਸਾਰ ਮੁੰਡੇ ਹੋ ਜਾਂਦੇ ਹਨ। ਬੱਸ, ਜਿੰਨ੍ਹਾਂ ਦੇ ਮੁੰਡਾ ਹੋ ਗਿਆ, ਉਹ ਮੰਨ ਲੈਂਦਾ ਹੈ ਕਿ ਸਾਧ ਨੇ ਦਿੱਤਾ ਹੈ ਅਤੇ ਜਿੰਨ੍ਹਾਂ ਦੇ ਕੁੜੀ ਹੋ ਗਈ, ਉਹਨਾਂ ਨੂੰ ਸਾਧ ਇਹੀਂ ਕਹਿੰਦਾ ਕਿ ਤੁਹਾਡੇ ਤਬੀਤ ਜੂਠੇ ਹੋ ਗਏ, ਰਾਖ ਦੀ ਪੁੜੀ ਅਪਵਿੱਤਰ ਹੋ ਗਈ, ਤੁਸੀਂ ਸੁੱਚ ਨਹੀਂ ਰੱਖੀ। ਉਹ ਆਪ ਵੀ ਇਸੇ ਤਰ੍ਹਾਂ ਸੋਚਦੇ ਹਨ। ਸਾਧ ਦੇ ਗਲ ਪੈਣ ਦੀ ਥਾਂ, ਕਸੂਰ ਆਪਣੇ ਵਿੱਚ ਹੀ ਕੱਢਦੇ ਹਨ।

? ਕੀ ਸੱਪ ਦੀ ਜ਼ਹਿਰ ਨੂੰ ਕੋਈ ਸੱਪ ਦਾ ਮਣਕਾ ਲਾਕੇ ਉਤਾਰਿਆ ਜਾ ਸਕਦਾ ਹੈ?

- ਜੀ ਨਹੀਂ, ਅੱਜ ਤੱਕ ਦੀ ਪ੍ਰਾਪਤ ਵਿਗਿਆਨਕ ਜਾਣਕਾਰੀ ਅਨੁਸਾਰ ਸੱਪ ਦਾ ਜ਼ਹਿਰ ਉਤਾਰਨ ਵਾਲਾ ਕੋਈ ਮਣਕਾ ਨਹੀਂ ਹੈ। ਇਹ ਜੋਗੀਆਂ ਦਾ ਆਮ ਲੋਕਾਂ ਨੂੰ ਲੁੱਟਣ ਦਾ ਇੱਕ ਢੰਗ ਹੈ ਕਿ ਉਹ ਆਮ ਸਾਧਾਰਨ ਮਣਕੇ ਨੂੰ ਜ਼ਹਿਰ ਉਤਾਰਨ ਵਾਲੇ ਗੁਣ ਦਾ ਧਾਰਨੀ ਹੋਣਾ ਦੱਸਕੇ ਪੈਸੇ ਵੱਟ ਲੈਂਦੇ ਹਨ। ਆਮ ਕਰਕੇ ਬਹੁਤੇ ਸੱਪ ਜ਼ਹਿਰੀਲੇ ਨਹੀਂ ਹੁੰਦੇ ਜਾਂ ਜਾਨਲੇਵਾ ਹੱਦ ਤੱਕ ਜ਼ਹਿਰੀਲੇ ਨਹੀਂ ਹੁੰਦੇ ਜਿਸ ਕਰਕੇ ਕਈ ਵਾਰ ਸੱਪ ਵੱਲੋਂ ਕੱਟਣ ਦੇ ਬਾਵਜੂਦ ਵਿਅਕਤੀ ਬਚ ਜਾਂਦਾ ਹੈ। ਅਜਿਹੇ ਬਚੇ ਵਿਅਕਤੀ ਦੇ ਜੇ ਮਣਕਾ ਲਗਾਇਆ ਜਾਵੇ ਤਾਂ ਉਸਦਾ ਮਣਕੇ ਦੀ ਸ਼ਕਤੀ ਵਿੱਚ ਵਿਸ਼ਵਾਸ਼ ਪੱਕਾ ਹੋ ਜਾਂਦਾ ਹੈ ਜਦ ਕਿ ਸੱਪ ਦੇ ਘੱਟ ਜ਼ਹਿਰੀਲੇ, ਨਾ ਜ਼ਹਿਰੀਲੇ ਹੋਣ ਕਾਰਣ ਉਸ ਨੇ ਵੈਸੇ ਹੀ ਬਚ ਜਾਣਾ ਹੁੰਦਾ ਹੈ। ਸੱਪ ਕੱਟਣ ਤੇ ਕਿਸੇ ਅਜਿਹੇ ਅੰਧ-ਵਿਸ਼ਵਾਸ ਵਿੱਚ ਫਸਣ ਦੀ ਥਾਂ ਤੁਰੰਤ ਮੁਢਲੀ ਸਹਾਇਤਾ ਤੋਂ ਬਾਅਦ ਕਿਸੇ ਯੋਗਤਾ ਪ੍ਰਾਪਤ ਡਾਕਟਰ ਕੋਲ ਪਹੁੰਚਣਾ ਚਾਹੀਦਾ ਹੈ।

? ਕੀ ਦਬਾਅ ਦਿਲ ਤੇ ਹੱਥ ਰੱਖਣ ਨਾਲ ਆਉਂਦਾ ਹੈ? ਜਾਂ ਇਸਦਾ ਕੋਈ ਹੋਰ ਕਾਰਨ ਵੀ ਹੈ?

- ਦਿਲ ਤੇ ਹੱਥ ਰੱਖੇ ਜਾਣ ਤੇ ਦਬਾਅ ਮਹਿਸੂਸ ਕਰਨਾ ਬਹੁਤੀ ਮਨੋਵਿਗਿਆਨਕ ਸਮੱਸਿਆ ਹੈ। ਕੁੱਝ ਹੱਦ ਤੱਕ ਵਿਸ਼ੇਸ਼ ਹਾਲਤਾਂ ਵਿੱਚ ਸ਼ਰੀਰਕ ਕਿਰਿਆ ਨਾਲ ਸੰਬੰਧਤ ਹੋ ਸਕਦਾ ਹੈ। ਅੱਜ ਕੱਲ੍ਹ ਦੇ ਤਣਾਅ ਭਰੇ ਮਾਹੌਲ ਵਿੱਚ, ਅਧੇੜ ਉਮਰ ਦੇ ਬੰਦੇ ਨੂੰ ਸਾਹ ਦੀ ਬਿਮਾਰੀ, ਮਿਹਦੇ ਦੀ ਜਲਣ, ਪੇਟ ਗੈਸ ਆਦਿ ਦੀਆਂ ਬਿਮਾਰੀਆਂ ਘੱਟ ਜਾਂ ਵੱਧ ਮਾਤਰਾ ਵਿੱਚ ਹੁੰਦੀਆਂ ਹਨ। ਸਰੀਰਕ ਕ੍ਰਿਆ ਅਨੁਸਾਰ, ਕਿਸੇ ਵੀ ਅੰਗ ਦੀ ਤਕਲੀਫ ਸਮੇਂ ਸੁੱਤਿਆਂ ਜਾਂ ਜਾਗਦਿਆਂ ਆਦਮੀ ਦੇ ਹੱਥ ਸੁਤੇ ਸਿੱਧ ਬਚਾਅ ਲਈ, ਉਸ ਅੰਗ ਵਾਲੀ ਥਾਂ ਤੇ ਪਹੁੰਚ ਜਾਂਦੇ ਹਨ ਇਸ ਵਿੱਚ Autonomous Nervous system ਦਾ ਰੋਲ ਹੁੰਦਾ ਹੈ। ਇਸ ਲਈ ਦਬਾਅ ਆਉਣ ਸਮੇਂ ਦਿਲ ਤੇ ਰੱਖੇ ਹੱਥ ਦਾ ਕੋਈ ਰੋਲ ਨਹੀਂ ਹੁੰਦਾ।

? ਮੋਹਕੇ ਕੀ ਹੁੰਦੇ ਹਨ?


- ਮੋਹਕੇ ਸਰੀਰ ਦੀ ਚਮੜੀ ਦੀ ਉਪਰਲੀ ਪਰਤ ਤੇ ਹੋਣ ਵਾਲਾ ਬੇਮਤਲਬ ਵਾਧਾ ਹੈ। ਇਸ ਦੇ ਅਸਲ ਕਾਰਣ ਅਜੇ ਤੱਕ ਅਗਿਆਤ ਹਨ। ਡਾਕਟਰੀ ਵਿਗਿਆਨ ਨੇ ਇਸ ਨੂੰ ਉਮਰ ਵਿੱਚ ਵਾਧੇ ਨੂੰ ਲੈ ਕੇ ਕੁੱਝ ਖਾਸ ਤੱਤਾਂ ਦੀ ਵਾਧ ਘਾਟ ਨਾਲ ਸੰਬੰਧਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਪਰ ਅਜੇ ਤੀਕ ਕੋਈ ਪ੍ਰਮਾਣਿਕ ਕਾਰਣ ਨਹੀਂ ਲੱਭਿਆ ਜਾ ਸਕਿਆ। ਆਮ ਕਰਕੇ ਮੋਹਕੇ ਕਈ ਵਾਰ ਸਮੇਂ ਨਾਲ ਆਪਣੇ ਆਪ ਟੁੱਟ ਜਾਂਦੇ ਹਨ ਅਤੇ ਕਈ ਵਾਰ ਡਾਕਟਰ ਹਲਕੀ ਸਰਜਰੀ ਨਾਲ ਇਨ੍ਹਾਂ ਨੂੰ ਹਟਾ ਦਿੰਦੇ ਹਨ। ਐਲੋਪੈਥੀ ਵਿੱਚ ਇਸ ਲਈ ਕੋਈ ਦਵਾਈ ਨਹੀਂ ਵਰਤੀ ਜਾਂਦੀ। ਹੋਮਿਓਪੈਥੀ ਦੇ ਦਾਅਵਿਆਂ ਅਨੁਸਾਰ ਇਸ ਨੂੰ ਦਵਾਈਆਂ ਨਾਲ ਠੀਕ ਕੀਤਾ ਜਾ ਸਕਦਾ ਹੈ।

ਸ੍ਰੀ ਘਣਸ਼ਾਮ ਜੋਸ਼ੀ ਅਤੇ ਹਰਿਆਊ ਸਕੂਲ ਦੇ ਬੱਚਿਆਂ ਦੇ ਸਵਾਲਾਂ ਦੇ ਜਵਾਬ ਅਗਲੇ ਅੰਕ ਵਿੱਚ ਦਿੱਤੇ ਜਾਣਗੇ।

ਹਰ ਅਖੌਤੀ ਚਮਤਕਾਰ ਪਿੱਛੇ ਕੰਮ ਕਰਦੇ ਹਨ : ਵਿਗਿਆਨਕ ਨਿਯਮ

ਡਾ. ਨਰਿੰਦਰ ਨਾਇਕ

ਸਦੀਆਂ ਤੋਂ ਅੰਧ-ਵਿਸ਼ਵਾਸਾਂ ਵਿੱਚ ਗ੍ਰਸੇ ਭਾਰਤੀ ਲੋਕਾਂ ਵਿੱਚ ਵਿਗਿਆਨਕ ਸੋਚ ਪੈਦਾ ਕਰ ਰਹੀਆਂ ਭਾਰਤ ਦੀਆਂ 80 ਦੇ ਕਰੀਬ ਅਗਾਂਹਵਧੂ ਸੰਸਥਾਵਾਂ ਦੇ ਸਾਂਝੇ ਸੰਗਠਨ F.I.R.A. (ਫੈਡਰੇਸ਼ਨ ਆਫ ਰੈਸ਼ਨਲਿਸਟ ਐਸੋਸੀਏਸ਼ਨ) ਦੇ ਪ੍ਰਧਾਨ ਡਾ. ਨਰਿੰਦਰ ਨਾਇਕ ਨਾਲ **ਰਾਮ ਸਿੰਘ ਬੰਗ, ਜਸਵੰਤ ਮੋਹਾਲੀ, ਹਰਵਿੰਦਰ ਕੌਰ** ਦੀ ਹੋਈ ਇਕ ਵਿਸ਼ੇਸ਼ ਮੁਲਾਕਾਤ ਦੇ ਕੁੱਝ ਅੰਸ਼ ਪਾਠਕਾਂ ਲਈ ਪੇਸ਼ ਹਨ। ਡਾ. ਨਰਿੰਦਰ ਨਾਇਕ, ਜੋ ਕਿ ਅੱਜਕੱਲ੍ਹ ਪੰਜਾਬ ਸਟੇਟ ਕੌਂਸਿਲ ਆਫ ਸਾਇੰਸ ਅਤੇ ਤਕਨਾਲੋਜੀ ਦੇ ਵਿਸ਼ੇਸ ਸੱਦੇ ਤੇ ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਚਮਤਕਾਰਾਂ ਪਿੱਛੇ ਵਿਗਿਆਨ ਬਾਰੇ ਜਾਣਕਾਰੀ ਦੇਣ ਲਈ ਪੰਜਾਬ ਦੇ ਦੌਰ ਤੇ ਆਏ ਹੋਏ ਹਨ।



? ਨਾਇਕ ਜੀ, ਸਭ ਤੋਂ ਪਹਿਲਾਂ ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸੋ।

- ਮੇਰਾ ਜਨਮ ਮੈਂਗਲੂਰ ਵਿੱਚ ਇੱਕ ਬ੍ਰਾਹਮਣ ਪਰਿਵਾਰ ਵਿੱਚ 1951 ਵਿੱਚ ਹੋਇਆ। ਪੜ੍ਹਣ ਲਈ ਕੈਥੋਲਿਕ ਸਕੂਲ ਭੇਜਿਆ। ਉੱਥੇ ਹਰ ਰੋਜ਼, ਦਿਨ ਵਿੱਚ ਕਈ ਵਾਰ ਪ੍ਰਾਰਥਨਾ ਹੁੰਦੀ। ਬ੍ਰਾਹਮਣ ਹੁੰਦੇ ਹੋਏ ਵੀ ਘਰ ਵਿੱਚ ਬਹੁਤਾ ਧਾਰਮਿਕ ਮਾਹੌਲ ਨਹੀਂ ਸੀ। ਖਾਸ ਤਿਥ ਤਿਓਹਾਰ ਤੇ ਘਰ ਵਿੱਚ ਧਾਰਮਿਕ ਰਸਮਾਂ ਅਤੇ ਪੂਜਾ ਵਗੈਰਾ ਹੁੰਦੀ ਸੀ।

? ਤੁਸੀਂ ਧਾਰਮਿਕ ਵਿਚਾਰਾਂ ਤੋਂ ਉਲਟ ਸੋਚਣਾ ਕਦੋਂ ਤੇ ਕਿਵੇਂ ਸ਼ੁਰੂ ਕੀਤਾ?

- ਘਰੇ ਧਾਰਮਿਕ ਫੋਟੋ ਵਗੈਰਾ ਹੁੰਦੇ। ਇਮਤਿਹਾਨ ਤੋਂ ਪਹਿਲਾਂ ਮੇਰੀ ਮਾਂ ਨੇ ਪੂਜਾ ਕਰਨ ਲਈ ਕਹਿਣਾ। ਮੈਨੂੰ ਲਗਦਾ ਕਿ ਪੂਜਾ ਵਿਚ ਕੀ ਹੈ? ਮੈਂ ਉਦੋਂ ਪੰਜਵੀਂ ਜਾਂ ਛੇਵੀਂ ਵਿੱਚ ਸੀ। ਮੈਂ ਪੂਜਾ ਨਾ ਕੀਤੀ। ਮੇਰੇ ਫਿਰ ਵੀ ਚੰਗੇ ਨੰਬਰ ਆਏ। ਮੇਰੇ ਪਿਤਾ ਜੀ ਨੂੰ ਕਿਸੇ ਮੰਦਿਰ ਦੇ ਪੁਜਾਰੀ ਨੇ ਇਸ਼ਨਾਨ ਕਰਕੇ ਕਿਸੇ ਦਲਿਤ ਔਰਤ ਨੂੰ ਖਾਣਾ ਖਵਾਉਣ ਲਈ ਕਿਹਾ। ਮੈਂ ਆਪਣੀ ਮਾਂ ਨੂੰ ਇਸ ਬਾਰੇ ਪੁੱਛਿਆ ਤਾਂ ਉਹ ਕਹਿੰਦੀ ਕਿ ਇਸ ਤਰ੍ਹਾਂ ਕਰਨ ਨਾਲ ਆਪਣੀ ਬਦਕਿਸਮਤੀ ਉਸ ਦਲਿਤ ਔਰਤ ਕੋਲ ਚਲੀ ਜਾਵੇਗੀ। ਮੈਨੂੰ ਇਹ ਸਭ ਠੀਕ ਨਾ ਲੱਗਿਆ। ਆਮ ਤੌਰ ਤੇ ਪਹਿਲਾਂ ਛੋਟੇ-ਮੋਟੇ ਅੰਧਵਿਸ਼ਵਾਸ ਜਾਂਦੇ ਨੇ, ਫਿਰ ਭਗਵਾਨ ਦਾ ਨੰਬਰ ਆਉਂਦਾ ਹੈ ਪਰ ਮੈਂ ਸਿੱਧਾ ਭਗਵਾਨ ਤੋਂ ਹੀ ਮੁਕਤ ਹੋਇਆ। ਇਸ ਤਰ੍ਹਾਂ ਮੈਂ ਗਿਆਰਾਂ ਸਾਲ ਦੀ ਉਮਰ ਤੱਕ ਪੂਰਾ ਨਾਸਤਿਕ ਬਣ ਗਿਆ ਸੀ।

? ਨਾਸਤਿਕ ਬਨਣ ਵਿੱਚ ਕਿਤਾਬਾਂ ਪੜ੍ਹਨ ਦਾ ਵੀ ਕੋਈ ਰੋਲ ਰਿਹਾ?

- ਇਸ ਤਬਦੀਲੀ ਵਿੱਚ ਸਾਹਿਤ ਪੜ੍ਹਣ ਦਾ ਕੋਈ ਰੋਲ ਨਹੀਂ ਸੀ। ਬਸ ਅਨੁਭਵ ਹੀ ਸੀ। ਅੰਦਰੋਂ ਹੀ ਸੁਆਲ ਉਠਦੇ ਸਨ। ਪਰ ਗ੍ਰੈਜੂਏਸ਼ਨ ਤੋਂ ਬਾਅਦ ਸਾਹਿਤ ਦਾ ਵਿਗਿਆਨਕ ਨਜ਼ਰੀਆ ਬਨਾਉਣ ਵਿੱਚ ਯੋਗਦਾਨ ਰਿਹਾ ਹੈ।

? ਉੱਚ ਸਿੱਖਿਆ ਬਾਰੇ।

- ਗਿਆਰਵੀਂ ਵਿੱਚ ਨੈਸ਼ਨਲ ਸਾਇੰਸ ਸਕੌਲਰਸ਼ਿਪ ਲਈ ਇਮਤਿਹਾਨ ਦਿੱਤਾ। ਲੱਖਾਂ ਵਿਦਿਆਰਥੀਆਂ ਵਿੱਚੋਂ ਸਿਰਫ 300 ਬੱਚਿਆਂ ਨੂੰ ਇਹ ਵਜੀਫ਼ਾ ਮਿਲਦਾ ਹੈ। ਮੈਨੂੰ ਇਹ ਵਜ਼ੀਫਾ ਮਿਲਿਆ। 100 ਰੁਪਏ ਮਹੀਨਾ। ਗ੍ਰੈਜੂਏਸ਼ਨ ਚੇਨਈ ਦੇ ਕਾਲਜ ਤੋਂ ਕੀਤੀ। ਇਥੇ ਲਾਇਬ੍ਰੇਰੀ ਵਿੱਚੋਂ ਬਹੁਤ ਸਾਹਿਤ ਪੜ੍ਹਿਆ। ਮੈਂ ਖੱਬੇ ਪੱਖੀ ਵਿਚਾਰਧਾਰਾ ਵੱਲ ਮੁੜ ਗਿਆ। ਵਿਦਿਆਰਥੀ ਸਰਗਰਮੀਆਂ ਕਰਕੇ ਕਾਲਜ ਵਾਲਿਆਂ ਨੇ ਧਮਕੀ ਦਿੱਤੀ ਕਿ ਤੈਨੂੰ

ਨੈਕਸਲਾਈਟ ਹੋਣ ਕਰਕੇ ਕਾਲਿਜ ਵਿੱਚੋਂ ਕੱਢ ਦਿਆਂਗੇ। ਜਨਰਲ ਸਾਇੰਸ ਵਿੱਚ ਮੈਂ ਅੱਗੇ ਸੀ। ਕਸਤੂਰਬਾ ਮੈਡੀਕਲ ਕਾਲਿਜ ਵਿੱਚ ਟੈਕਨੀਸ਼ਿਅਨ ਦੀ ਨੌਕਰੀ ਕੀਤੀ। ਉਸ ਕਰਕੇ ਮੈਨੂੰ ਮਨੀਪਾਲ ਯੂਨੀਵਰਸਿਟੀ ਵਿੱਚ ਬਾਇਓ ਕੈਮਿਸਟਰੀ ਵਿੱਚ ਐਮ.ਐਸ.ਸੀ. ਵਿੱਚ ਦਾਖਲਾ ਮਿਲ ਗਿਆ।

? ਰੁਜ਼ਗਾਰ ਦੀ ਭਾਲ ਵਿੱਚ ਕੀ ਕੀ ਪਾਪੜ ਵੇਲਣੇ ਪਏ?

– ਐਮ.ਐਸ.ਸੀ. ਕਰਕੇ ਕੁੱਝ ਸਮਾਂ ਵਿਹਲਾ ਰਿਹਾ। ਸਮਾਲ ਸਕੇਲ ਇੰਡਸਟਰੀ ਲਗਾਈ। ਫਿਰ ਕਸਤੂਰਬਾ ਮੈਡੀਕਲ ਕਾਲਜ ਵਿੱਚ ਨੌਕਰੀ ਮਿਲ ਗਈ। ਫਾਰਮ ਭਰਨ ਲਈ ਦਿੱਤਾ। ਮੈਂ ਲਿਖਿਆ–ਨੋ ਕਾਸਟ, ਨੋ ਰਿਲੀਜ਼ਨ। ਫਾਰਮ ਵਾਪਿਸ ਆ ਗਿਆ। ਕਾਸਟ ਰਿਲੀਜ਼ਨ ਲਿਖਣਾ ਜਰੂਰੀ ਹੈ। ਫਿਰ ਮੈਂ ਲਿਖਿਆ ਕਿ ਮੈਂ ਜਿੰਨ੍ਹਾਂ ਮਾਪਿਆਂ ਦੀ ਔਲਾਦ ਹਾਂ, ਉਨ੍ਹਾਂ ਦੀ ਫਲਾਣਾ ਫਲਾਣਾ ਜਾਤੀ ਤੇ ਧਰਮ ਹੈ। ਚੱਲੋ, ਮਾਮਲਾ ਸੁਲਝ ਗਿਆ।

? ਤਰਕਸ਼ੀਲ ਵਿਚਾਰਾਂ ਕਰਕੇ ਵਿਆਹ ਸਮੇਂ ਵੀ ਕੋਈ ਮੁਸ਼ਕਿਲ ਆਈ?

– ਮੇਰੇ ਬਾਕੀ ਦੋਸਤਾਂ ਦੇ ਵਿਆਹ ਹੋ ਗਏ। ਘਰ ਵਾਲੇ ਕਹਿਣ ਲੱਗੇ ਕਿ ਭਾਈ ਸ਼ਾਦੀ ਕਰ ਲਉ। ਮੈਂ ਕਿਹਾ ਕਿ ਬਿਨ੍ਹਾਂ ਜਾਤਪਾਤ, ਬਿਨ੍ਹਾਂ ਲੈਣ ਦੇਣ, ਬਿਨ੍ਹਾਂ ਕੁੰਡਲੀ ਮਿਲਾਏ, ਬਿਨ੍ਹਾਂ ਰਸਮਾਂ ਤੋਂ ਜੇਕਰ ਕੋਈ ਲੜਕੀ ਵਿਆਹ ਲਈ ਤਿਆਰ ਹੈ ਤਾਂ ਠੀਕ ਹੈ। ਉਸ ਸਮੇਂ ਇਹ ਬਹੁਤ ਵੱਡੀ ਗੱਲ ਸੀ। ਘਰ ਵਾਲੇ ਕਹਿਣ ਲੱਗੇ ਕਿ ਵਿਆਹ ਤੱਕ ਸਾਡੀ ਗੱਲ ਮੰਨ ਲੈ, ਫਿਰ ਸ਼ਾਦੀ ਤੋਂ ਬਾਅਦ ਆਪਣੀ ਮਰਜੀ ਕਰ ਲਵੀਂ। ਮੈਂ ਕਿਹਾ, ਮੈਂ ਸ਼ਾਦੀ ਤੋਂ ਬਿਨ੍ਹਾਂ ਹੀ ਠੀਕ ਹਾਂ। ਖੈਰ! ਫਿਰ ਕਿਸੇ ਜਾਣ ਪਹਿਚਾਣ ਵਿੱਚੋਂ ਲੜਕੀ ਦੀ ਗੱਲ ਚੱਲੀ। ਮੈਂ ਲੜਕੀ ਨਾਲ ਗੱਲ ਕੀਤੀ ਕਿ ਮੈਂ ਭਗਵਾਨ ਨੂੰ ਨਹੀਂ ਮੰਨਦਾ। ਉਹ ਕਹਿੰਦੀ ਕਿ ਮੰਨਦੀ ਤਾਂ ਮੈਂ ਵੀ ਨਹੀਂ ਪਰ ਲੋਕਾਂ ਸਾਹਮਣੇ ਡਰਾਮਾ ਕਰਨਾ ਪੈਂਦਾ ਹੈ। ਮੈਂ ਕਿਹਾ ਕਿ ਜੇ ਸ਼ਾਦੀ ਹੋ ਗਈ ਤਾਂ ਡਰਾਮਾ ਕਰਨ ਦੀ ਜ਼ਰੂਰਤ ਨਹੀਂ। ਅਗਲੀ ਗੱਲ ਕਿ ਮੈਂ ਕੋਈ ਮੰਗਲ ਸੂਤਰ ਨਹੀਂ ਪਾਵਾਂਗਾ, ਅੱਗ ਦੁਆਲੇ ਫੇਰੇ ਨਹੀਂ ਲਵਾਂਗਾ, ਕੋਈ ਪੁਰੋਹਿਤ ਨਹੀਂ ਆਏਗਾ। ਉਸਨੇ ਕਿਹਾ ਠੀਕ ਹੈ। ਮਹੀਨੇ ਬਾਦ ਸ਼ਾਦੀ ਹੋ ਗਈ। ਉਹ ਵੀ ਗ੍ਰਹਿਆਂ, ਨਛੱਤਰਾਂ ਦੇ ਹਿਸਾਬ ਨਾਲ ਜੋ ਸਭ ਤੋਂ ਬੁਰਾ ਦਿਨ ਸੀ, ਉਸ ਦਿਨ। ਇੱਕ ਦਿਲਚਸਪ ਗੱਲ ਹੋਰ ਹੋਈ। ਮੇਰੀ ਸ਼ਾਦੀ ਤੋਂ ਅਗਲੇ ਦਿਨ ਮੇਰੇ ਸਹੁਰੇ ਪਰਿਵਾਰ ਦਾ ਪੁਰੋਹਿਤ ਆਇਆ। ਮੈਂ ਸਮਝ ਗਿਆ ਕਿ ਇਹ ਜੋ ਰਸਮਾਂ ਨਹੀਂ ਹੋਈਆਂ, ਉਸਦੇ ਪੈਸੇ ਲੈਣ ਆਇਆ ਹੈ। ਚਲਦੀਆਂ ਗੱਲਾਂ ਵਿੱਚ ਮੈਨੂੰ ਕਹਿਣ ਲੱਗਾ ਕਿ ਬੇਟਾ, ਮੇਰੀ ਬੇਟੀ ਲਈ ਕੋਈ ਚੰਗਾ ਲੜਕਾ ਦੇਖਣਾ, ਤੇਰੇ ਵਰਗਾ (ਮਤਲਬ ਨਾਸਤਿਕ) ਹੋਇਆ ਤਾਂ ਵੀ ਚੱਲੇਗਾ।

? ਤੁਸੀਂ ਕਦੋਂ ਤਰਕਸ਼ੀਲ ਲਹਿਰ ਨਾਲ ਪ੍ਰਚਾਰ ਕਰਨ ਦੇ ਪੱਧਰ ਤੇ ਜੁੜੇ ਅਤੇ ਤੁਹਾਡੇ ਪ੍ਰੇਰਣਾ ਸਰੋਤ ਕੌਣ ਸਨ? ਤੁਹਾਡੇ ਪ੍ਰਚਾਰ ਨਾਲ ਦੇਸ਼ ਵਿੱਚ ਤਰਕਸ਼ੀਲਤਾ ਦਾ ਪ੍ਰਭਾਵ ਕਿੰਨਾ ਕੁ ਵਧਿਆ ਹੈ?

– 25-11-1976 ਨੂੰ ਅਸੀਂ ਡਾ. ਕਾਵੂਰ ਦਾ ਪ੍ਰੋਗਰਾਮ ਰੱਖਿਆ। ਬਹੁਤ ਵੱਡਾ ਇਕੱਠ ਹੋਇਆ। ਸਪੀਕਰ ਹਾਲ ਤੋਂ ਬਾਹਰ ਵੀ ਲਾਉਣੇ ਪਏ। ਮੈਂ ਬਹੁਤ ਪ੍ਰਭਾਵਿਤ ਹੋਇਆ ਅਤੇ ਤਰਕਸ਼ੀਲ ਵਿਚਾਰਾਂ ਦਾ ਪ੍ਰਚਾਰ ਕਰਨ ਦਾ ਅਹਿਦ ਲਿਆ। ਸੋ ਮੈਂ 1976 ਵਿੱਚ ਡਾ. ਇਬਰਾਹਿਮ ਟੀ. ਕਾਵੂਰ ਦੇ ਪ੍ਰਭਾਵ ਹੇਠ ਰੈਸ਼ਨੇਲਿਸਟ ਵਿਚਾਰਾਂ ਦਾ ਪ੍ਰਚਾਰ ਸ਼ੁਰੂ ਕੀਤਾ ਸੀ। 1977 ਵਿੱਚ ਮੇਰਾ ਪਹਿਲਾ ਪਬਲਿਕ ਲੈਕਚਰ ਮੈਂਗਲੂਰ ਯੂਨੀਵਰਸਿਟੀ ਵਿੱਚ ਹੋਇਆ। ਫਿਰ ਇਸ ਤੋਂ ਬਾਅਦ ਬੀ. ਪ੍ਰੇਮਾਨੰਦ ਜੀ ਦਾ ਲੈਕਚਰ ਰੱਖਿਆ। ਕੱਟੜ ਧਾਰਮਿਕ ਲੋਕਾਂ ਨੇ ਇਸਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋਏ। ਅਗਲੇ ਦਿਨ ਅਖਬਾਰ ਵਿੱਚ ਛਪਿਆ ਕਿ ਇਹ ਰੈਸ਼ਨੇਲਿਸਟ ਅੱਜ ਕਹਿੰਦੇ ਹਨ ਕਿ ਕੋਈ ਚਮਤਕਾਰ ਨਹੀਂ, ਕੱਲ ਕਹਿਣਗੇ ਭਗਵਾਨ ਨਹੀਂ। ਅਸੀਂ ਕਿਹਾ ਕਿ ਕੱਲ੍ਹ ਕਿਉਂ, ਅਸੀਂ ਤਾਂ ਅੱਜ ਹੀ ਕਹਿ ਰਹੇ ਹਾਂ ਕਿ ਭਗਵਾਨ ਨਹੀਂ। ਵਿਰੋਧ ਦੇ ਬਾਵਜੂਦ ਇਸ ਲਹਿਰ ਵਿੱਚ ਤੇਜੀ ਆਈ। ਅੱਜ ਕੱਲ੍ਹ਼ ਅਸੀਂ ਇੰਡੀਆ ਪੱਧਰ ਦੇ ਪ੍ਰੋਜੈਕਟ ਕਰ ਰਹੇ ਹਾਂ। ਪਹਿਲਾਂ ਅਸੀਂ ਆਪਣੀਆਂ ਸਫਾ ਵਿੱਚ ਹੀ ਰੁਝੇ ਰਹਿੰਦੇ ਸਾਂ, ਬਾਹਰ ਦੂਜਿਆਂ ਵਿੱਚ ਨਹੀਂ ਸਾਂ ਪਹੁੰਚਦੇ। ਹੁਣ ਜਦੋਂ ਤੋਂ ਪ੍ਰੈਸ ਅਤੇ ਟੀ.ਵੀ. ਚੈਨਲਾਂ ਨਾਲ ਵਾਹ ਪਿਆ ਹੈ ਤਾਂ ਸਾਨੂੰ ਕੁੱਝ ਐਸੇ ਨੌਜਵਾਨ ਮਿਲੇ, ਜਿਨ੍ਹਾਂ ਨੂੰ ਸਾਡੇ ਤਰਕਸ਼ੀਲ ਵਿਚਾਰਾਂ ਦੀ ਸਖਤ ਲੋੜ ਸੀ। ਉਨ੍ਹਾਂ ਸਾਡੇ ਵਿਗਿਆਨਕ ਤਜ਼ਰਬਿਆਂ ਤੋਂ ਕਾਫੀ ਗਿਆਨ ਹਾਸਿਲ ਕੀਤਾ। ਇਸ ਤੋਂ ਪਹਿਲਾਂ ਨੌਜਵਾਨਾਂ ਨੂੰ ਪਤਾ ਹੀ ਨਹੀਂ ਸੀ ਕਿ ਸਾਡੇ ਤਰਕਸ਼ੀਲਾਂ ਕੋਲ ਇੰਨ੍ਹਾਂ ਵੱਡਾ ਗਿਆਨ ਦਾ ਖਜਾਨਾ ਹੈ ਜੋ ਦੇਸ਼ ਅਤੇ ਆਮ ਲੋਕਾਂ ਦੇ ਵਿਕਾਸ ਲਈ ਜ਼ਰੂਰੀ ਹੈ। ਮੈਂ ਸਕੂਲਾਂ ਵਿੱਚ

ਬੱਚਿਆਂ ਦੇ ਹਰ ਸਵਾਲ ਦਾ ਬੜੇ ਠਰ੍ਹੰਮੇ ਨਾਲ ਜਵਾਬ ਦਿੰਦਾ ਹਾਂ ਤਾਂ ਕਿ ਬੱਚੇ ਭਵਿੱਖ ਵਿਚ ਸਹੀ ਰਾਸਤਾ ਅਖਤਿਆਰ ਕਰ ਲੈਣ ਕਿਉਂਕਿ ਇਹ ਹੀ ਸਮਾਂ ਹੁੰਦਾ ਹੈ ਜਦੋਂ ਬੱਚੇ ਆਪਣੇ ਸ਼ੰਕੇ ਦੂਰ ਕਰਕੇ, ਜਿੰਦਗੀ ਦੇ ਮਕਸਦ ਤੈਹ ਕਰਦੇ ਹਨ।

? ਡਾ. ਨਾਇਕ, ਤੁਸੀਂ ਲੰਮੇ ਸਮੇਂ ਤੋਂ ਫੀਰਾ ਦੀ ਅਗਵਾਈ ਕਰ ਰਹੇ ਹੋ, ਇਸ ਸੰਸਥਾ ਦੇ ਉਦੇਸ਼ ਅਤੇ ਨੀਤੀਆਂ ਕੀ ਹਨ ਅਤੇ ਇਹ ਸੰਸਥਾ ਸਮਾਜ ਵਿੱਚ ਕਿਵੇਂ ਵਿਗਿਆਨਕ ਸੋਚ ਪੈਦਾ ਕਰਦੀ ਹੈ?

– ਅਸੀਂ ਸਾਰੇ ਦੇਸ਼ ਭਰ ਵਿੱਚ ਸਾਂਝੇ ਸਮਾਜਿਕ ਮੁੱਦਿਆਂ ਤੇ ਕੰਮ ਕਰਦੇ ਹਾਂ ਅਤੇ ਸਮਾਜ ਵਿੱਚੋਂ ਵਹਿਮ ਭਰਮ ਅਤੇ ਅੰਧ-ਵਿਸ਼ਵਾਸ਼ ਖਤਮ ਕਰਨ ਅਤੇ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਵਿਚਾਰਧਾਰਕ ਸੰਘਰਸ਼ ਕਰਨਾ ਸਾਡਾ ਮੁੱਖ ਉਦੇਸ਼ ਹੈ। ਫੀਰਾ ਵਿੱਚ ਰੈਸਨਲਿਸਟ, ਨਾਸਿਤਕ, ਸਮਾਜ ਸੁਧਾਰਕ ਅਤੇ ਬਹੁਤ ਸਾਰੀਆਂ ਅਗਾਂਹਵਧੂ ਵਿਚਾਰਾਂ ਵਾਲੀਆਂ ਜਥੇਬੰਦੀਆਂ ਸ਼ਾਮਿਲ ਹਨ। ਸਾਰੀਆਂ ਜਥੇਬੰਦੀਆਂ ਆਪਣੇ-ਆਪਣੇ ਇਲਾਕੇ ਦੇ ਸਭਿਆਚਾਰ ਅਨੁਸਾਰ, ਵੱਖ-ਵੱਖ ਢੰਗਾਂ ਨਾਲ ਲੋਕਾਂ ਨੂੰ ਜਾਗ੍ਰਿਤ ਕਰਦੀਆਂ ਹਨ ਅਤੇ ਹਰ ਸੰਗਠਨ ਨੂੰ ਆਜ਼ਾਦ ਤੌਰ ਤੇ ਕੰਮ ਕਰਨ ਦੀ ਵੀ ਪੂਰੀ ਖੁੱਲ ਹੈ। ਉਂਝ ਜਾਤੀਵਾਦ, ਫਾਸ਼ੀਵਾਦ, ਫਿਰਕਾਪ੍ਰਸਤੀ ਅਤੇ ਅੰਨ੍ਹੀ ਸ਼ਰਧਾ ਲਈ ਇਸ ਸੰਸਥਾ ਵਿੱਚ ਕੋਈ ਜਗ੍ਹਾ ਨਹੀਂ ਹੈ। ਸਾਡੀ ਕੋਸ਼ਿਸ਼ ਹੈ ਕਿ ਭਾਰਤ ਵਿੱਚ ਰਾਜਨੀਤੀ ਅਤੇ ਧਰਮ ਅੱਡ-ਅੱਡ ਕੰਮ ਕਰਨ ਤਾਂ ਕਿ ਕੋਈ ਵੀ ਰਾਜਨੀਤਿਕ ਪਾਰਟੀ ਧਰਮ ਦਾ ਲਾਹਾ ਕੇ ਲੋਕਾਂ ਨੂੰ ਗੁੰਮਰਾਹ ਨਾ ਕਰ ਸਕੇ ਅਤੇ ਨਾ ਹੀ ਧਾਰਮਿਕ ਗੁਰੂ ਰਾਜਨੀਤੀ ਵਿੱਚ ਕੋਈ ਦਖਲ ਦੇਣ।

? ਭਾਰਤ ਅੰਦਰ ਪਾਖੰਡੀ ਸਾਧਾਂ ਨੇ ਹਰ ਥਾਂ ਆਪਣੇ ਪੈਰ ਪਸਾਰੇ ਹੋਏ ਹਨ ਜੋ ਆਪਣੇ ਆਪ ਨੂੰ ਚਮਤਕਾਰੀ ਸ਼ਕਤੀਆਂ ਦਾ ਮਾਲਕ ਦੱਸਦੇ ਹਨ। ਇਨ੍ਹਾਂ ਦੇ ਢੰਗਾਂ ਦਾ ਪਰਦਾਫਾਸ਼ ਕਰਨ ਸਮੇਂ ਤੁਹਾਨੂੰ ਕਿੰਨ੍ਹਾਂ ਕਿੰਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਹੈ?

– ਅਖੌਤੀ ਬਾਬਿਆਂ ਅਤੇ ਢੌਂਗੀ ਸੰਤਾਂ ਦੀਆਂ ਬਹੁਤ ਸਾਰੀਆਂ ਨਿੱਜੀ ਲਾਲਸਾਵਾਂ ਹੁੰਦੀਆਂ ਹਨ ਅਤੇ ਬਾਹਰੋਂ ਵੇਖਣ ਨੂੰ ਤਾਂ ਉਹ ਵੱਡੇ ਚਰਿਤਰ ਵਾਲੇ ਲਗਦੇ ਹਨ ਪਰ ਅੰਦਰੋਂ ਉਹ ਆਮ ਤੌਰ ਤੇ ਭੋਗ ਵਿਲਾਸੀ ਹੁੰਦੇ ਹਨ। ਜਿਸ ਕਾਰਨ ਉਹ ਮਾਨਸਿਕ ਤੌਰ ਤੇ ਕਮਜੋਰ ਲੋਕਾਂ ਨੂੰ ਧਰਮ ਅਤੇ ਗੈਬੀ ਸ਼ਕਤੀਆਂ ਦੇ ਨਾਂਅ ਤੇ ਗੁੰਮਰਾਹ ਕਰਕੇ ਲੁੱਟਦੇ ਰਹਿੰਦੇ ਹਨ। ਪਰ ਜਦੋਂ ਵੀ ਕੋਈ ਤਰਕਸ਼ੀਲ ਕਾਰਕੁੰਨ ਬਾਬੇ ਦੇ ਪਾਜ਼ ਖੋਲ੍ਹਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਨੂੰ ਹਰ ਹੀਲੇ ਲਾਂਭੇ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਨ੍ਹਾਂ ਮਾਮਲਿਆਂ ਵਿੱਚ ਮੈਨੂੰ ਦੋ ਵਾਰ ਜਾਨੋਂ, ਮਾਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਇਕ ਵਾਰ ਮੇਰੇ ਮੋਟਰ ਸਾਈਕਲ ਦੇ ਪਹੀਏ ਦੇ ਤਾਰ ਢਿਲੇ ਕਰ ਦਿੱਤੇ ਗਏ ਤਾਂ ਕਿ ਜਦੋਂ ਮੈਂ ਬ੍ਰੇਕ ਲਗਾਵਾਂ, ਐਕਸੀਡੈਂਟ ਦਾ ਸ਼ਿਕਾਰ ਹੋ ਜਾਵਾਂ। ਪਹਿਲਾਂ ਪਹਿਲਾਂ ਮੈਨੂੰ ਇਨ੍ਹਾਂ ਸ਼ਾਤਰ ਲੋਕਾਂ ਦੀਆਂ ਬੜੀਆਂ ਧਮਕੀਆਂ ਆਉਂਦੀਆਂ ਸਨ ਪਰ ਫ਼ੋਨ ਆਈ.ਡੀ. ਆਉਣ ਤੋਂ ਬਾਅਦ, ਇਹ ਵਰਤਾਰਾ ਆਪਣੇ ਆਪ ਬੰਦ ਹੋ ਗਿਆ। ਮੈਨੂੰ ਹੁਣ ਜੇਕਰ ਕੋਈ ਚੈਲੇਂਜ ਕਰਦਾ ਹੈ ਜਾਂ ਧਮਕੀ ਦਿੰਦਾ ਹੈ ਤਾਂ ਮੈਂ ਸਿੱਧਾ ਉਸ ਦੇ ਕੋਲ ਹੀ ਪਹੁੰਚ ਜਾਂਦਾ ਹਾਂ।

? ਸਾਡੇ ਦੇਸ਼ ਨੂੰ ਅਜ਼ਾਦ ਹੋਏ ਨੂੰ 65 ਸਾਲ ਬੀਤ ਚੁੱਕੇ ਹਨ ਪਰ ਅੱਜ ਵੀ ਇਹ ਬੇਹੱਦ ਪਿਛੜਿਆ ਹੋਇਆ ਹੈ ਅਤੇ ਇੱਥੋਂ ਦੀ ਅੱਧੀ ਜਨਤਾ ਰੋਟੀ ਤੋਂ ਮੁਥਾਜ ਹੈ, ਕੀ ਕਾਰਨ ਹਨ?

– ਤਕਨਾਲੋਜੀ ਭਾਵੇਂ ਨਵੀਂ ਆ ਗਈ ਹੈ ਪਰ ਆਮ ਲੋਕਾਂ ਦੇ ਵਿਚਾਰ ਹਾਲੀ ਵੀ ਰੂੜੀਵਾਦੀ ਹਨ। ਲੋਕ ਨਵੇਂ ਵਿਗਿਆਨਕ ਵਿਚਾਰਾਂ ਨੂੰ ਗ੍ਰਹਿਣ ਨਹੀਂ ਕਰ ਰਹੇ। ਦੂਜੇ ਪਾਸੇ ਵਿਹਲੜ ਅਤੇ ਸ਼ਾਤਰ ਲੋਕ ਨਵੀਂ ਤਕਨਾਲੋਜ਼ੀ ਦੀ ਦੁਰਵਰਤੋਂ ਕਰਕੇ ਅੰਧ-ਵਿਸ਼ਵਾਸ਼ ਅਤੇ ਵਹਿਮ-ਭਰਮ ਫੈਲਾ ਰਹੇ ਹਨ, ਕੋਈ ਪੁੱਛਣ ਵਾਲਾ ਨਹੀਂ। ਇਹ ਪਿਛਾਂਹਖਿੱਚੂ ਵਰਤਾਰਾ ਹਰ ਰੋਜ਼ ਟੀ.ਵੀ. ਚੈਨਲਾਂ ਤੇ ਚਲਦੇ ਅਖੌਤੀ ਬਾਬਿਆਂ ਦੇ ਧਰਮ ਕਰਮ, ਕਸ਼ਟ ਨਿਵਾਰਨ ਅਤੇ ਭਵਿੱਖਬਾਣੀਆਂ ਵਾਲੇ ਪ੍ਰੋਗਰਾਮਾਂ ਵਿੱਚੋਂ ਪ੍ਰਤੱਖ ਦੇਖਿਆ ਜਾ ਸਕਦਾ ਹੈ। ਹਾਲਾਂਕਿ ਇਸ ਦੁਸ਼-ਪ੍ਰਚਾਰ ਨੂੰ ਰੋਕਣ ਲਈ ਕਈ ਕਾਨੂੰਨ ਹਨ ਪਰ ਸਰਕਾਰਾਂ ਨਹੀਂ ਚਾਹੁੰਦੀਆਂ ਕਿ ਚੰਗੇ ਅਤੇ ਸਮਾਜੀ ਪ੍ਰੋਗਰਾਮ ਦੇਖ ਕੇ ਲੋਕ ਸਿਆਣੇ ਹੋਣ ਅਤੇ ਸਰਕਾਰਾਂ ਤੋਂ ਆਪਣੇ ਹਿੱਸੇ ਦੀ ਮੰਗ ਕਰਨ।

? ਕੀ ਕਾਰਨ ਹੈ, ਭਾਰਤ ਸਦੀਆਂ ਤੋਂ ਵਿਦੇਸ਼ੀ ਸ਼ਕਤੀਆਂ ਦਾ ਗੁਲਾਮ ਰਿਹਾ ਹੈ?

– ਪਰੋਹਿਤਵਾਦ ਨੇ ਭਾਰਤ ਵਾਸੀਆਂ ਵਿਚ ਧਾਰਮਿਕਤਾ ਕੁੱਟ ਕੁੱਟ ਕੇ ਭਰ ਦਿੱਤੀ ਹੈ ਕਿ ਗੁਰੂ ਦੀ ਸ਼ਰਨ ਵਿੱਚ ਜਾਓ, ਤੁਹਾਡੀ ਕਿਸਮਤ

ਉੱਪਰ ਵਾਲੀਆਂ ਸ਼ਕਤੀਆਂ ਦੇ ਹੱਥ ਹੈ। ਇਤਿਹਾਸ ਗਵਾਹ ਹੈ ਕਿ ਮੁੱਠੀ ਭਰ ਹਮਲਾਵਰਾਂ ਨੇ ਭਾਰਤ ਅਤੇ ਇੱਥੋਂ ਦੇ ਧਨ ਦੌਲਤ ਨਾਲ ਭਰੇ ਮੰਦਿਰਾਂ ਨੂੰ ਲੁੱਟਿਆ ਅਤੇ ਤਹਿਸ ਨਹਿਸ ਕੀਤਾ ਪਰ ਲੋਕ ਦੇਵੀ ਦੇਵਤਿਆਂ ਅਤੇ ਰੱਬ ਦੇ ਸਹਾਰੇ ਅਖੌਤੀ ਚਮਤਕਾਰਾਂ ਦੀ ਉਡੀਕ ਕਰਦੇ ਰਹੇ ਤੇ ਧਾੜਵੀਆਂ ਨਾਲ ਪੂਰੀ ਸ਼ਕਤੀ ਨਾਲ ਲੜੇ ਨਹੀਂ ਤੇ ਸਦਾ ਲਈ ਗੁਲਾਮ ਹੋ ਗਏ। ਭਾਰਤੀਆਂ ਦੀ ਇਸ ਤਰ੍ਹਾਂ ਦੀ ਪ੍ਰਵਿਰਤੀ ਦੇਖ ਕੇ ਵਪਾਰ ਕਰਨ ਆਏ ਅੰਗ੍ਰੇਜ਼ਾਂ ਨੇ ਇਨ੍ਹਾਂ ਨੂੰ ਗੁਲਾਮ ਬਣਾਇਆ। ਅਸਲ ਵਿੱਚ ਧਾਰਮਿਕ ਕਰਮ ਕਾਂਡ ਭਾਰਤ ਦੇ ਹਰ ਸਖਸ਼ ਨੂੰ ਬਚਪਨ ਵਿੱਚ ਹੀ ਗੁਲਾਮ ਮਾਨਸਿਕਤਾ ਵਾਲਾ ਬਣਾ ਦਿੰਦੇ ਹਨ ਅਤੇ ਸਕੂਲ ਵਿੱਚ ਅਧਿਆਪਕ, ਬੱਚੇ ਨੂੰ ਸਵਾਲ ਕਰਨ ਦੀ ਇਜ਼ਾਜਤ ਨਹੀਂ ਦਿੰਦੇ, ਸਗੋਂ ਆਪਣੀ ਹਰ ਗੱਲ ਮੰਨਵਾ ਕੇ ਖੁਸ਼ ਹੁੰਦੇ ਹਨ। ਇਸ ਵਰਤਾਰੇ ਨਾਲ ਬੱਚੇ ਦਾ ਮਾਨਸਿਕ ਵਿਕਾਸ ਸਹੀ ਦਿਸ਼ਾ ਵਿੱਚ ਨਹੀਂ ਹੁੰਦਾ ਅਤੇ ਬੱਚੇ ਵੱਡੇ ਹੋ ਕੇ ਆਜ਼ਾਦਾਨਾ ਸੋਚਣ ਵਾਲੇ ਨਹੀਂ ਬਣਦੇ। ਇਥੋਂ ਦੇ ਧਾਰਮਿਕ ਸਥਾਨਾਂ ਵਿੱਚ ਤਾਂ ਪ੍ਰੋਹਿਤ ਸ਼ਰਧਾਲੂਆਂ ਨੂੰ ਆਤਮਾ ਪਰਮਾਤਮਾ, ਜਨਮ ਮਰਨ ਦੇ ਚੱਕਰ ਅਤੇ ਸਵਰਗ ਨਰਕ ਦੇ ਮਸਲੇ ਵਿੱਚ ਹੀ ਉਲਝਾਈ ਰੱਖਦੇ ਹਨ ਤੇ ਕਿਸੇ ਨੂੰ ਸੋਚਣ ਜੋਗਾ ਹੀ ਨਹੀਂ ਛੱਡਦੇ। ਇਸ ਮਾਨਸਿਕ ਪੱਛੜੇਵੇਂ ਕਾਰਨ ਭਾਰਤ ਵਾਸੀ ਆਪਣੀ ਹੋਣੀ ਦੇ ਮਾਲਕ ਕਦੇ ਨਹੀਂ ਬਣ ਸਕੇ ਤੋਂ ਅਤੇ ਦੂਜਿਆਂ ਦੀ ਗੁਲਾਮੀ ਸਵਿਕਾਰ ਕਰਦੇ ਚਲੇ ਗਏ।

? ਦੇਸ਼ ਦੇ ਸਾਰੇ ਮੁੱਖ ਧਾਰਮਿਕ ਸਥਾਨਾਂ ਤੇ ਅਥਾਹ ਦੌਲਤ ਜਮ੍ਹਾ ਹੈ ਪਰ ਪੈਦਾਵਾਰ ਕਰਨ ਵਾਲੇ ਲੋਕ ਬੇਹੱਦ ਗਰੀਬ ਹਨ। ਇਸ ਬੇਸ਼ੁਮਾਰ ਦੌਲਤ ਦਾ ਕੀ ਕਰਨਾ ਚਾਹੀਦਾ ਹੈ?

– ਕੇਰਲਾ ਦੇ ਮੰਦਿਰ ਦੇ ਤਹਿਖਾਨੇ ਵਿੱਚੋਂ ਜਿਹੜੇ ਅਰਬਾਂ-ਖਰਬਾਂ ਦੇ ਸੋਨੇ ਦੇ ਗਹਿਣੇ ਅਤੇ ਹੀਰੇ ਜਵਾਹਰਾਤ ਮਿਲੇ ਹਨ, ਉਹ ਕਿਸੇ ਸਮੇਂ ਉਥੋਂ ਦੇ ਰਾਜੇ ਨੇ ਲੋਕਾਂ ਤੇ ਜਬਰੀ ਟੈਕਸ ਲਗਾ ਕੇ ਇਕੱਠੇ ਕੀਤੇ ਸਨ। ਇਹ ਧਨ ਦੌਲਤ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਹੈ, ਸਗੋਂ ਗਰੀਬਾਂ ਦਾ ਪੈਸਾ ਹੈ। ਬੇਗਿਣਤੀ ਧਾਰਮਿਕ ਸਥਾਨਾਂ ਤੇ ਦੌਲਤ ਦੇ ਇਹ ਅੰਬਾਰ ਪਏ ਹਨ। ਇਹ ਪੈਸਾ ਲੋਕਾਂ ਦੇ ਸਮੂਹਿਕ ਹਿੱਤ ਲਈ ਵਰਤਿਆ ਜਾਣਾ ਚਾਹੀਦਾ ਹੈ।

? ਤੁਸੀਂ ਵਿਗਿਆਨਕ ਸੋਚ ਦੇ ਪ੍ਰਸਾਰ ਬਾਰੇ ਪੰਜਾਬ ਦੇ ਸਕੂਲਾਂ ਅਤੇ ਕਾਲਜਾਂ ਵਿੱਚ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਆਏ ਹੋ, ਬੱਚਿਆਂ ਦਾ ਕੀ ਪ੍ਰਤੀਕਰਮ ਹੈ?

– ਬਹੁਤ ਵਧੀਆ। ਪਹਿਲਾਂ ਸਕੂਲਾਂ ਵਿੱਚ ਟੈਕਨੀਕਲ ਲੋਕ ਆਉਂਦੇ ਸਨ ਜੋ ਜਾਦੂ ਦੇ ਟ੍ਰਿਕ ਆਦਿ ਦਿਖਾ ਕੇ ਚਲੇ ਜਾਂਦੇ ਸਨ, ਮੇਰਾ ਆਪਣਾ ਢੰਗ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਨੌਜਵਾਨਾਂ ਨੂੰ ਜਾਣਕਾਰੀਆਂ ਦੇਣ ਦੇ ਨਾਲ-ਨਾਲ ਉਨ੍ਹਾਂ ਦੀ ਵਿਗਿਆਨਕ ਸੋਚ ਵਧੇ। ਜਾਦੂ ਦੇ ਟ੍ਰਿਕ ਇੱਕ ਕਰੋ ਜਾਂ ਸੌ ਇਸ ਨਾਲ ਬਹੁਤਾ ਫਰਕ ਨਹੀਂ ਪੈਂਦਾ। ਮੈਂ ਜਿੱਥੇ ਵੀ ਆਪਣਾ ਪ੍ਰੋਗਰਾਮ ਦਿੰਦਾ ਹਾਂ, ਇਹ ਦੱਸਦਾ ਹਾਂ ਕਿ ਕਿਹੜੇ ਅਖੌਤੀ ਚਮਤਕਾਰ ਪਿੱਛੇ ਵਿਗਿਆਨ ਦਾ ਕਿਹੜਾ ਨਿਯਮ ਕੰਮ ਕਰਦਾ ਹੈ। ਮੇਰੇ ਪ੍ਰੋਗਰਾਮਾਂ ਵਿਚ ਆਸ ਨਾਲੋਂ ਵੱਧ ਬੱਚੇ ਸ਼ਾਮਿਲ ਹੋ ਰਹੇ ਹਨ ਅਤੇ ਮੈਂ ਮੌਕੇ ਤੇ ਸਾਰਿਆਂ ਦੇ ਸਵਾਲਾਂ ਦੇ ਜਵਾਬ ਤਰਕਪੂਰਨ ਢੰਗ ਨਾਲ ਦਿੰਦਾ ਹਾਂ।

? ਭਾਰਤ ਵਿੱਚ ਤਰਕਸ਼ੀਲ ਲਹਿਰ ਦੀ ਕਿਹੋ ਜਿਹੀ ਸਥਿਤੀ ਦੇਖਦੇ ਹੋ?

– ਦੁਨੀਆਂ ਦੇ ਕਈ ਦੇਸ਼ ਜਿਵੇਂ ਨਾਰਵੇ, ਫਰਾਂਸ ਆਦਿ ਸਰਕਾਰਾਂ ਨੇ ਨਾਸਤਿਕ ਐਲਾਨੇ ਹੋਏ ਨੇ। ਇੱਥੇ ਪਬਲਿਕ ਥਾਵਾਂ ਤੇ ਧਾਰਮਿਕ ਚਿੰਨ੍ਹ ਦੀ ਵਰਤੋਂ ਦੀ ਮਨਾਹੀ ਹੈ ਅਤੇ ਧਰਮ ਨਿਰੋਲ ਨਿੱਜੀ ਮਾਮਲਾ ਹੈ। ਪਰ ਭਾਰਤ ਦੀ ਸਥਿਤੀ ਵੱਖਰੀ ਹੈ। ਇੱਥੇ ਧਰਮ ਦਾ ਵਰਤਾਰਾ ਬੜਾ ਗੁੰਝਲਦਾਰ ਹੈ। ਰਾਜਨੀਤਿਕ ਲੋਕ ਆਪਣੇ ਸੌੜੇ ਹਿੱਤਾਂ ਲਈ ਧਰਮ ਨੂੰ ਵਰਤਦੇ ਹਨ।

? ਤਰਕਸ਼ੀਲ ਸੁਸਾਇਟੀ ਪੰਜਾਬ ਦੀ ਕਾਰਗੁਜ਼ਾਰੀ ਬਾਰੇ ਤੁਹਾਡੀ ਕੀ ਰਾਏ ਹੈ? ਸੁਸਾਇਟੀ ਨੂੰ ਹੋਰ ਅੱਗੇ ਵਧਣ ਲਈ ਕਿਵੇਂ ਲੋਕਾਂ ਵਿੱਚ ਜਾਣਾ ਚਾਹੀਦਾ ਹੈ?

– ਬਹੁਤ ਸੰਗਠਿਤ ਸੰਸਥਾ ਹੈ ਅਤੇ ਕੇਰਲਾ ਅਤੇ ਤਾਮਿਲਨਾਡੂ ਵਾਂਗ ਬਹੁਤ ਵਧੀਆ ਤਰੀਕੇ ਨਾਲ ਕੰਮ ਕਰ ਰਹੀ ਹੈ। ਪਰ ਹੁਣ ਤਰਕਸ਼ੀਲ ਕਾਰਕੁੰਨਾਂ ਨੂੰ ਪੰਜਾਬ ਅੰਦਰ ਜਾਦੂ ਅਤੇ ਟੂਣੇ ਦੀ ਗੱਲ ਘੱਟ ਕਰ ਕੇ ਜ਼ਿੰਦਗੀ ਦੀ ਫਿਲਾਸਫੀ ਦੀ ਵਿਗਿਆਨਕ ਵਿਆਖਿਆ ਕਰਨੀ ਚਾਹੀਦੀ ਹੈ। ਬਾਕੀ ਵਿਗਿਆਨਕ ਵਿਚਾਰਾਂ ਦਾ ਪ੍ਰਚਾਰ ਅਤੇ ਪ੍ਰਸਾਰ ਇੱਕ ਬਹੁਤ ਵੱਡਾ ਅਤੇ ਲੰਮਾ ਕੰਮ ਹੈ। ਜਿਸ ਵਿੱਚ ਨੌਜਵਾਨਾਂ ਨੂੰ ਨਾਲ ਲੈ ਕੇ ਚੱਲਣਾ ਬੇਹੱਦ ਜਰੂਰੀ ਹੈ। ਸਕੂਲਾਂ ਕਾਲਜਾਂ ਵਿੱਚ ਪ੍ਰੋਗਰਾਮ ਕਰਨ ਨਾਲ ਵਿਦਿਆਰਥੀ ਆਪਣੇ ਆਪ ਤਰਕਸ਼ੀਲ ਲਹਿਰ ਨਾਲ ਜੁੜਦੇ ਚਲੇ ਜਾਣਗੇ।

? ਕੀ ਤੁਹਾਡਾ ਕੋਈ ਰਾਜਨੀਤਕ ਏਜੰਡਾ ਹੈ?

– ਆਪਣੇ **ਰਾਜਨੀਤਕ** ਵਿਚਾਰਾਂ ਨੂੰ, ਅਸੀਂ ਤਾਂ ਹੀ ਅਮਲੀ ਜਾਮਾ ਪਹਿਨਾ ਸਕਦੇ ਹਾਂ ਜੇਕਰ ਸਾਡੇ ਹੱਥ **ਰਾਜਨੀਤਕ** ਸਿਸਟਮ ਦੀ ਵਾਗਡੋਰ ਆਵੇ। ਪਰ ਫੇਰ ਵੀ ਸਾਡਾ ਘੱਟੋ-ਘੱਟ ਏਜੰਡਾ ਸਾਰੇ ਕਿਰਤੀ ਸਮਾਜ ਨੂੰ ਤਰੱਕੀ ਲਈ ਬਰਾਬਰੀ ਦੇ ਹੱਕ ਦਿਵਾਉਣਾ ਹੈ। ਨਾਸਤਿਕ ਹੋਣਾ ਤਾਂ ਬਹੁਤ ਛੋਟੀ ਗੱਲ ਹੈ ਅਤੇ ਲੋਕ ਪੱਖੀ ਜ਼ਿੰਦਗੀ ਜਿਉਂਣ ਦੇ ਸਫਰ ਵਿੱਚ ਨਾਸਤਿਕਤਾ ਪਹਿਲੀ ਮੰਜ਼ਿਲ ਹੈ, ਜਿਸ ਤੋਂ ਤਰਕਸ਼ੀਲਤਾ ਦਾ ਸਫ਼ਰ ਸ਼ੁਰੂ ਹੁੰਦਾ ਹੈ। ਇਹ ਸਫ਼ਰ ਮਾਨਵਤਾ ਦੀ ਬਰਾਬਰੀ ਤੇ ਜਮਾਤ ਰਹਿਤ ਸਰੋਕਾਰਾਂ ਤੱਕ ਪਹੁੰਚਦਾ ਹੈ।

? ਕੀ ਹਰ ਧਾਰਮਿਕ ਵਿਅਕਤੀ ਫਿਰਕਾਪ੍ਰਸਤ ਹੁੰਦਾ ਹੈ?

– ਨਹੀਂ। ਪਰ ਫਿਰਕਾਪ੍ਰਸਤ ਹੋ ਜਾਣ ਦੀਆਂ ਸੰਭਾਵਨਾਵਾਂ ਤਾਂ ਧਾਰਮਿਕ ਵਿਅਕਤੀ ਵਿੱਚ ਹੁੰਦੀਆਂ ਹੀ ਹਨ।

? ਤਰਕਸ਼ੀਲਾਂ ਦੇ ਨਾਂ ਕੋਈ ਸੰਦੇਸ਼।

– ਅਧਿਐਨ ਕਰੋ। ਜੋ ਪ੍ਰਚਾਰ ਕਰੋ ਉਸਨੂੰ ਜ਼ਿੰਦਗੀ ਵਿੱਚ ਲਾਗੂ ਕਰਨ ਦੀ ਪੂਰੀ ਕੋਸ਼ਿਸ਼ ਕਰੋ। ਹਿੰਮਤ ਨਾਲ ਲੋਕਾਂ ਵਿੱਚ ਜਾਓ, ਲੋਕਾਂ ਵਿੱਚ ਹਿੰਮਤ ਜਗਾਓ।

ਸਾਰੇ ਜੋਨਾਂ ਦੇ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ 27-28 ਅਕਤੂਬਰ ਨੂੰ ਹੋਣ ਵਾਲੀ ਛਿਮਾਹੀ ਇਕੱਤਰਤਾ ਪ੍ਰਬੰਧਕੀ ਕਾਰਨਾਂ ਕਰਕੇ ਹੁਣ 10-11 ਨਵੰਬਰ ਨੂੰ ਹੋਵੇਗੀ। ਬਾਕੀ ਦਾ ਸਾਰਾ ਸ਼ਡਿਊਲ ਓਹੀ ਰਹੇਗਾ। ਇਸ ਲਈ ਆਪੋ ਆਪਣੇ ਜ਼ੋਨਾਂ ਦੀਆਂ ਸਾਰੀਆਂ ਇਕਾਈਆਂ ਨੂੰ ਸਮੇਂ ਸਿਰ ਪੂਰੀ ਚੰਗੀ ਤਰ੍ਹਾਂ ਸੂਚਿਤ ਕਰ ਦਿੱਤਾ ਜਾਵੇ ਅਤੇ ਇਕਾਈਆਂ ਤੋਂ ਇਹ ਪੱਕਾ ਵੀ ਕਰ ਲਿਆ ਜਾਵੇ ਕਿ ਉਨ੍ਹਾਂ ਕੋਲ ਸੂਚਨਾ ਪਹੁੰਚ ਗਈ ਹੈ।

ਨਵੰਬਰ-ਦਸੰਬਰ

ਵਿਸ਼ੇਸ ਦਿਨ

5 ਨਵੰਬਰ :	ਇੰਡੀਅਨ ਰੈੱਡ ਕਰਾਸ ਸੁਸਾਇਟੀ ਸਥਾਪਿਤ (1920)
7 ਨਵੰਬਰ :	ਮਹਾਨ ਰੂਸੀ ਇਨਕਲਾਬ (1917)
8 ਨਵੰਬਰ :	ਐਕਸਰੇ ਦੀ ਖੋਜ (1896)
12 ਨਵੰਬਰ :	ਪੰਛੀ ਵਿਗਿਆਨੀ ਸਲੀਮ ਅਲੀ ਦਾ ਜਨਮ (1896)
16 ਨਵੰਬਰ :	19 ਸਾਲ ਦੀ ਉਮਰ ਵਿੱਚ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ (1915)
19 ਨਵੰਬਰ :	ਕਲਪਨਾ ਚਾਵਲਾ ਪੁਲਾੜ ਵਿੱਚ ਜਾਣ ਵਾਲੀ ਪਹਿਲੀ ਔਰਤ ਬਣੀ (1997)
25 ਨਵੰਬਰ :	ਔਰਤਾਂ ਖਿਲਾਫ਼ ਹਿੰਸਾ ਦੇ ਖਾਤਮੇ ਦਾ ਦਿਨ
28 ਨਵੰਬਰ :	ਜਨਮ ਦਿਨ - ਫਰੈਡਰਿਕ ਏਂਗਲਜ਼ (ਕਾਰਲ ਮਾਰਕਸ ਦਾ ਸਾਥੀ) (1820)
30 ਨਵੰਬਰ :	ਜਨਮ ਦਿਨ ਭਾਰਤੀ ਵਿਗਿਆਨਕ ਜਗਦੀਸ਼ ਚੰਦਰ ਬੋਸ (1858)
1 ਦਸੰਬਰ :	ਵਿਸ਼ਵ ਏਡਜ਼ ਦਿਵਸ
2 ਦਸੰਬਰ :	ਕੌਮੀ ਪ੍ਰਦੂਸ਼ਣ ਰੋਕੂ ਦਿਵਸ
9 ਦਸੰਬਰ :	ਭ੍ਰਿਸ਼ਟਾਚਾਰ ਵਿਰੋਧੀ ਦਿਵਸ
10 ਦਸੰਬਰ :	ਮੈਰੀ ਕਿਊਰੀ ਨੋਬਲ ਪ੍ਰਾਈਜ ਪ੍ਰਾਪਤ ਕਰਨ ਵਾਲੀ ਪਹਿਲੀ ਔਰਤ ਬਣੀ (1903)
11 ਦਸੰਬਰ :	ਮਾਰਕੋਨੀ ਨੇ ਪਹਿਲੀ ਵਾਰ ਵਾਇਰਲੈੱਸ ਰਾਹੀਂ ਸੰਦੇਸ਼ ਭੇਜਿਆ (1901)
14 ਦਸੰਬਰ :	ਕੌਮੀ ਊਰਜਾ ਬਚਾਉ ਦਿਵਸ
17 ਦਸੰਬਰ :	ਭਗਤ ਸਿੰਘ ਅਤੇ ਰਾਜਗੁਰੂ ਦੁਆਰਾ ਸਾਂਡਰਸ ਦਾ ਕਤਲ (1929), ਰਾਈਟ ਭਰਾਵਾਂ ਦੁਆਰਾ ਹਵਾਈ ਜਹਾਜ਼ ਦੀ ਪਹਿਲੀ ਉਡਾਨ (1903)
19 ਦਸੰਬਰ :	ਰਾਮ ਪ੍ਰਸ਼ਾਦ ਬਿਸਮਿਲ, ਅਸ਼ਫਾਕ ਉੱਲਾ ਅਤੇ ਰੋਸ਼ਨ ਸਿੰਘ ਨੂੰ ਕਾਕੋਰੀ ਕਾਂਡ ਵਿੱਚ ਫਾਂਸੀ ਦਿੱਤੀ (1927)
22 ਦਸੰਬਰ :	ਭਾਰਤੀ ਹਿਸਾਬਦਾਨ ਸ੍ਰੀ ਰਾਮਾਨੁਜਨ ਦਾ ਜਨਮ (1887)
23 ਦਸੰਬਰ :	ਗੁਰਦਾ ਬਦਲੀ ਦਾ ਪਹਿਲਾ ਸਫ਼ਲ ਅਪ੍ਰੇਸ਼ਨ (1954)
26 ਦਸੰਬਰ :	ਜਨਮ ਦਿਨ ਸ਼ਹੀਦ ਊਧਮ ਸਿੰਘ (1899) ਅਤੇ ਚੀਨੀ ਇਨਕਲਾਬ ਦੇ ਆਗੂ ਮਾਓ-ਜੇ-ਤੁੰਗ (1893)
27 ਦਸੰਬਰ :	ਸੂਖਮ ਜੀਵ ਵਿਗਿਆਨੀ ਲੂਈ ਪਾਸਚਰ ਦਾ ਜਨਮ (1822)
31 ਦਸੰਬਰ :	ਐਡੀਸ਼ਨ ਦੁਆਰਾ ਬਣਾਏ ਬਿਜਲੀ ਦੇ ਬਲਬ ਨਾਲ ਰੋਸ਼ਨੀ ਕਰਨ ਦਾ ਜਨਤਕ - ਪ੍ਰਦਰਸ਼ਨ (1879)

ਸੱਪ ਦੇ ਜ਼ਹਿਰ 'ਚ ਦਰਦ ਨਿਵਾਰਕ ਦਵਾ

ਇਹ ਕਹਾਵਤ ਪ੍ਰਸਿੱਧ ਹੈ ਕਿ ਜ਼ਹਿਰ ਹੀ ਜ਼ਹਿਰ ਨੂੰ ਕੱਟਦਾ ਹੈ ਪਰ ਖ਼ੋਜਾਂ ਤੋਂ ਇਹ ਸਾਬਤ ਹੋਇਆ ਹੈ ਕਿ ਸੱਪ ਦੇ ਜ਼ਹਿਰ ਵਿੱਚ ਹੀ ਆਪਣੇ ਸ਼ਿਕਾਰ ਲਈ ਦਰਦ ਦੀ ਦਵਾ ਵੀ ਮੌਜੂਦ ਹੁੰਦੀ ਹੈ। ਫ਼ਰਾਂਸ ਦੇ ਵਿਗਿਆਨਕਾਂ ਨੇ ਚੂਹਿਆਂ ਤੇ ਕੀਤੇ ਗਏ ਪ੍ਰਯੋਗ ਤੋਂ ਬਲੈਕ ਮਾਂਬਾ ਸੱਪ ਦੇ ਜ਼ਹਿਰ ਤੋਂ ਦਰਦ ਨਿਵਾਰਕ ਦਵਾਈ ਬਣਾਉਣ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਇਸ ਦਾ ਉਦੇਸ਼ ਦਰਦ ਦੂਰ ਕਰਨ ਵਾਲੀ ਸਭ ਤੋਂ ਕਾਰਗਰ ਮੰਨੇ ਜਾਂਦੇ ਮਾਰਫ਼ੀਨ ਦੀ ਤਰਜ਼ ਤੇ ਇੱਕ ਦਵਾਈ ਬਣਾਉਣਾ ਹੈ।

ਅਫ਼ਰੀਕਾ ਦੇ ਜੰਗਲਾਂ ਵਿੱਚ ਪਾਇਆ ਜਾਣ ਵਾਲਾ ਬਲੈਕ ਮਾਂਬਾ ਸੱਪ ਬਹੁਤ ਜ਼ਹਿਰੀਲਾ ਹੁੰਦਾ ਹੈ। ਇਸ ਸੱਪ ਦੇ ਜ਼ਹਿਰ ਵਿੱਚ ਮੌਜੂਦ ਨਿਊਰੋਟਾਕਸਿਨ ਨਾਲ ਸ਼ਿਕਾਰ ਨੂੰ ਲਕਵਾ ਹੋ ਜਾਂਦਾ ਹੈ, ਜੇਕਰ ਜ਼ਹਿਰ ਜ਼ਿਆਦਾ ਮਾਤਰਾ ਵਿੱਚ ਸਰੀਰ ਵਿੱਚ ਪਹੁੰਚ ਜਾਵੇ ਤਾਂ ਸ਼ਿਕਾਰ ਦੀ ਮੌਤ ਵੀ ਹੋ ਸਕਦੀ ਹੈ। ਹਾਲਾਂਕਿ 'ਨੇਚਰ' ਰਸਾਲੇ ਵਿੱਚ ਛਪੀ ਫ਼ਰਾਂਸੀਸੀ ਵਿਗਿਆਨਕਾਂ ਦੀ ਰਿਪੋਰਟ ਅਨੁਸਾਰ ਇਸ ਜ਼ਹਿਰ ਵਿੱਚ ਦਰਦ ਦੂਰ ਕਰਨ ਦੇ ਤੱਤ ਵੀ ਮੌਜੂਦ ਹਨ।

ਵਿਗਿਆਨੀਆਂ ਨੇ ਇਸ ਪ੍ਰਯੋਗ ਲਈ 50 ਵੱਖ-ਵੱਖ ਪ੍ਰਜਾਤੀਆਂ ਤੋਂ ਮਿਲੇ ਜ਼ਹਿਰ ਦੀ ਜਾਂਚ ਕੀਤੀ ਅਤੇ ਇਹ ਵੇਖਿਆ ਕਿ ਬਲੈਕ ਮਾਂਬਾ ਦੇ ਜ਼ਹਿਰ ਵਿੱਚ ਦਰਦ ਨਿਵਾਰਕ ਪ੍ਰੋਟੀਨ ਭਾਵ 'ਮੈਮਬਾਲਗਿੰਸ' ਮੌਜੂਦ ਹੁੰਦੇ ਹਨ। ਇਸ ਦਰਦ ਨਿਵਾਰਕ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਦਾ ਕੋਈ ਸਾਈਡ ਇਫ਼ੈਕਟ ਨਹੀਂ ਹੁੰਦਾ। ਵਿਗਿਆਨੀਆਂ ਨੂੰ ਇਸ ਖ਼ੋਜ ਤੋਂ ਸਾਕਾਰਾਤਮਕ ਨਤੀਜਿਆਂ ਦੀ ਉਮੀਦ ਹੈ।

ਹਲਦੀ ਬਚਾ ਸਕਦੀ ਹੈ ਦਿਲ ਦੇ ਦੌਰੇ ਤੋਂ?

ਖਾਣੇ ਵਿੱਚ ਜ਼ਾਇਕਾ ਅਤੇ ਰੰਗ ਦੇਣ ਲਈ ਵਰਤੀ ਜਾਣ ਵਾਲੀ ਹਲਦੀ ਹੁਣ ਸਾਡੇ ਦਿਲ ਦੀ ਹਿਫ਼ਾਜ਼ਤ ਵੀ ਕਰਦੀ ਹੈ। ਥਾਈਲੈਂਡ ਵਿੱਚ ਕੀਤੇ ਗਏ ਇੱਕ ਪ੍ਰਯੋਗ ਵਿੱਚ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਬਾਈਪਾਸ ਸਰਜਰੀ ਕਰਵਾਉਣ ਵਾਲੇ ਦਿਲ ਦੇ ਰੋਗੀਆਂ ਲਈ ਹਲਦੀ ਬਹੁਤ ਫਾਇਦੇਮੰਦ ਸਾਬਤ ਹੋ ਸਕਦੀ ਹੈ ਅਤੇ ਦਿਲ ਦੇ ਦੌਰੇ ਤੋਂ ਬਚਾ ਸਕਦੀ ਹੈ। ਬਾਈਪਾਸ ਸਰਜਰੀ ਦੌਰਾਨ ਖ਼ੂਨ ਪ੍ਰਵਾਹ ਦੀ ਕਮੀ ਦੇ ਚਲਦਿਆਂ ਦਿਲ ਦੀਆਂ ਮਾਸਪੇਸ਼ੀਆਂ ਨੂੰ ਨੁਕਸਾਨ ਹੋ ਸਕਦਾ ਹੈ, ਜਿਸ ਨਾਲ ਮਰੀਜ਼ ਨੂੰ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਵਧ ਜਾਂਦੀ ਹੈ। ਹਲਦੀ ਵਿੱਚ ਕਈ ਅਜਿਹੇ ਤੱਤ ਪਾਏ ਜਾਂਦੇ ਹਨ ਜੋ ਇਨ੍ਹਾਂ ਖ਼ਤਰਿਆਂ ਦਾ ਮੁਕਾਬਲਾ ਕਰਨ ਵਿੱਚ ਮਦਦਗਾਰ ਸਾਬਤ ਹੁੰਦੇ ਹਨ।

ਹਲਦੀ ਨਾਲ ਦੌਰੇ ਦਾ ਖ਼ਤਰਾ 65 ਫ਼ੀਸਦੀ ਘੱਟ: ਇਹ ਖ਼ੋਜ ਥਾਈਲੈਂਡ ਦੀ ਚਿਆਂਗ ਮਾਈ ਯੂਨੀਵਰਸਿਟੀ ਵਿੱਚ ਹੋਈ ਜਿਸ ਵਿੱਚ 2009 ਤੋਂ2011 ਦੇ ਦਰਮਿਆਨ ਬਾਈਪਾਸ ਸਰਜ਼ਰੀ ਕਰਵਾਉਣ ਵਾਲੇ 121 ਵਿਅਕਤੀਆਂ ਨੇ ਹਿੱਸਾ ਲਿਆ। ਇਨ੍ਹਾਂ ਵਿੱਚੋਂ ਅੱਧੇ ਲੋਕਾਂ ਨੂੰ ਦਿਨ ਵਿੱਚ 4 ਵਾਰ 1 ਗਰਾਮ ਹਲਦੀ ਦੇ ਤੱਤ ਤੋਂ ਬਣੇ ਕੈਪਸੂਲ ਦਿੱਤੇ ਗਏ ਜਦਕਿ ਬਾਕੀ ਲੋਕਾਂ ਨੂੰ ਦੂਸਰੇ ਕੈਪਸੂਲ ਦਿੱਤੇ ਗਏ। ਇਹ ਕੈਪਸੂਲ ਸਰਜਰੀ ਹੋਣ ਤੋਂ 3 ਦਿਨ ਪਹਿਲਾਂ ਤੇ 5 ਦਿਨ ਬਾਅਦ ਤੱਕ ਦਿੱਤੇ ਗਏ।

'ਅਮਰੀਕਨ ਜਰਨਲ ਆਫ਼ ਕਾਰਡੀਆਲੌਜੀ' ਵਿੱਚ ਛਪੇ ਖ਼ੋਜ ਪੱਤਰ ਦੇ ਨਤੀਜਿਆਂ ਅਨੁਸਾਰ ਆਪ੍ਰੇਸ਼ਨ ਉਪਰੰਤ ਹਸਪਤਾਲ 'ਚ ਰਹਿੰਦਿਆਂ ਹਲਦੀ ਦੇ ਤੱਤ ਵਾਲੇ ਕੈਪਸੂਲ ਖਾਣ ਵਾਲੇ ਵਿਅਕਤੀਆਂ ਵਿੱਚ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ 13 ਪ੍ਰਤੀਸ਼ਤ ਸੀ ਜਦਕਿ ਦੂਸਰੇ ਕੈਪਸੂਲ ਖਾਣ ਵਾਲਿਆਂ ਵਿੱਚ ਇਹ ਸੰਭਾਵਨਾ 30 ਪ੍ਰਤੀਸ਼ਤ ਦੇ ਆਸ-ਪਾਸ ਵੇਖੀ ਗਈ। ਇਹ ਖ਼ੋਜ ਕਰਨ ਵਾਲੀ ਟੀਮ ਦੇ ਪ੍ਰਮੁੱਖ ਡਾਕਟਰ ਵਾਰਵਾਰੰਗ ਵਾਂਗਚੇਰੋਨ ਦਾ ਕਹਿਣਾ ਹੈ ਕਿ ਹਲਦੀ ਨਾਲ ਬਣੇ ਕੈਪਸੂਲ ਲੈਣ ਵਾਲਿਆਂ ਨੂੰ ਦਿਲ ਦੇ ਦੌਰੇ ਦਾ ਖ਼ਤਰਾ 65 ਫ਼ੀਸਦੀ ਘੱਟ ਪਾਇਆ ਗਿਆ। ਹਾਲਾਂਕਿ ਇਹ ਖ਼ੋਜ ਦਿਲ ਦੇ ਰੋਗੀਆਂ ਦੇ ਛੋਟੇ ਸਮੂਹ ਤੇ ਕੀਤੀ ਗਈ ਪਰ ਜਾਣਕਾਰਾਂ ਦਾ ਮੰਨਣਾ ਹੈ ਕਿ ਅਜੇ ਇਸ ਤੇ ਹੋਰ ਖੋਜ ਬਾਕੀ ਹੈ, ਜਿਸ ਦੇ ਨਿਸਚੇ ਹੀ ਉਤਸ਼ਾਹਜਨਕ ਨਤੀਜੇ ਸਾਹਮਣੇ ਆਉਣਗੇ।

ਮੋਬਾਈਲ ਦਾ ਕੈਂਸਰ ਨਾਲ ਸਬੰਧ ਨਹੀਂ !

ਇੰਗਲੈਂਡ ਦੇ ਇੰਸਟੀਚਿਊਟ ਆਫ਼ ਕੈਂਸਰ ਰਿਸਰਚ ਦਾ ਕਹਿਣਾ ਹੈ ਕਿ ਉਨ੍ਹਾਂ ਪਾਸ ਅਜਿਹੇ ਕਾਫ਼ੀ ਸਬੂਤ ਹਨ, ਜਿਨ੍ਹਾਂ ਤੋਂ ਸੰਕੇਤ ਮਿਲਦੇ ਹਨ ਕਿ ਮੋਬਾਈਲ ਫ਼ੋਨ ਦੀ ਵਰਤੋਂ ਕਰਨ ਦਾ ਦਿਮਾਗ਼ ਦੇ ਕੈਂਸਰ ਨਾਲ ਕੋਈ ਸਬੰਧ ਨਹੀਂ ਹੈ। ਕੈਂਸਰ ਤੇ ਖ਼ੋਜ ਕਰਨ ਵਾਲੀ ਇੱਕ ਮੋਹਰੀ ਸੰਸਥਾ ਦਾ ਕਹਿਣਾ ਹੈ ਕਿ ਲਗਭਗ ਪੂਰੀ ਦੁਨੀਆਂ ਵਿੱਚ ਮੋਬਾਈਲ ਫ਼ੋਨ ਦੀ ਵਰਤੋਂ ਦੇ ਬਾਵਜੂਦ ਦਿਮਾਗ਼ ਦੇ ਕੈਂਸਰ ਦੀਆਂ ਸੰਭਾਵਨਾਵਾਂ ਵਿੱਚ ਕੋਈ ਗਿਣਨਯੋਗ ਵਾਧਾ ਨਹੀਂ ਹੋਇਆ। ਇੱਥੇ ਇਹ ਜ਼ਿਕਰਯੋਗ ਹੈ ਕਿ ਪਹਿਲਾਂ ਵਿਸ਼ਵ ਸਿਹਤ ਸੰਸਥਾ ਨੇ ਕਿਹਾ ਸੀ ਕਿ ਮੋਬਾਈਲ ਫ਼ੋਨ ਦੀ ਵਧੇਰੇ ਵਰਤੋਂ ਨਾਲ ਕੈਂਸਰ ਦੀ ਸੰਭਾਵਨਾ ਹੋ ਸਕਦੀ ਹੈ। ***ਸ੍ਰੋਤ: ਇੰਟਰਨੈੱਟ***

ਛੇੜਖਾਨੀ ਕਰਨ ਵਾਲੇ ਸੁਆਮੀ ਜੀ ਅਮਰੀਕਾ ਵਿੱਚੋਂ ਗਾਇਬ

83 ਸਾਲਾ ਵੀਲਚੇਅਰ ਤੇ ਚਲਦਾ ਭਾਰਤੀ ਮੂਲ ਦਾ ਇੱਕ ਸਾਧ, ਪ੍ਰਕਾਸ਼ਨੰਦ ਸਰਸਵਤੀ, ਜੋ ਦੋ ਕੁੜੀਆਂ ਨੂੰ ਛੇੜਣ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ, ਅਮਰੀਕਾ ਵਿੱਚੋਂ ਭਗੌੜਾ ਹੋ ਗਿਆ ਅਤੇ ਉਸ ਦੇ ਭਾਰਤ ਚਲੇ ਆਉਣ ਦੀ ਸੰਭਾਵਨਾ ਹੈ। ਆਪਣੇ ਭਗਤਾਂ ਵਿੱਚ ਸਵਾਮੀ ਜੀ ਵਜੋਂ ਮਸ਼ਹੂਰ ਇਸ ਸਾਧ ਦੀ ਤਲਾਸ਼ ਵਿੱਚ ਅਮਰੀਕਾ ਦੀ ਪੁਲਿਸ ਖਾਕ ਛਾਣ ਰਹੀ ਹੈ। ਮਾਰਚ 2011 ਵਿੱਚ ਉਸਨੂੰ ਆਪਣੀਆਂ ਦੋ ਭਗਤਣੀਆਂ ਨਾਲ ਛੇੜਖਾਨੀ ਕਰਨ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ। ਇਸ ਤਹਿਤ ਉਸਨੂੰ 14 ਸਾਲ ਦੀ ਸਜ਼ਾ ਸੁਣਾਈ ਗਈ ਸੀ।

ਰਾਮਦੇਵ ਦੀ ਕੰਪਨੀ ਦੇ ਪ੍ਰੋਡਕਟ ਟੈਸਟ 'ਚ ਫੇਲ੍ਹ

ਖੁਰਾਕ ਸੁਰੱਖਿਆ ਵਿਭਾਗ ਦੀ ਰਿਪੋਰਟ ਵਿੱਚ ਯੋਗ ਗੁਰੂ ਬਾਬਾ ਰਾਮਦੇਵ ਦੀ ਇਹ ਧਾਂਦਲੀ ਉਜਾਗਰ ਹੋਈ ਹੈ ਕਿ ਉਸਦੇ ਦਿਵਿਯਾ ਯੋਗ ਮੰਦਿਰ ਦੇ ਪ੍ਰੋਡਕਟ ਕਿਤੇ ਹੋਰ ਬਣ ਰਹੇ ਹਨ ਅਤੇ ਇਹ ਮੰਦਿਰ ਉਹਨਾਂ ਦੀ ਸਿਰਫ਼ ਪੈਕਿੰਗ ਕਰਕੇ ਜਨਤਾ ਨੂੰ ਗੁੰਮਰਾਹ ਕਰ ਰਿਹਾ ਹੈ। 16 ਅਗਸਤ ਨੂੰ ਖੁਰਾਕ ਵਿਭਾਗ ਦੀ ਟੀਮ ਵੱਲੋਂ ਫੂਡ ਸੇਫਟੀ ਅਫ਼ਸਰ ਦੀ ਅਗਵਾਈ ਹੇਠ ਇਨ੍ਹਾਂ ਦੇ ਪ੍ਰੋਡਕਟਾਂ ਅਰੋਗਯਾ ਸਰ੍ਹੋਂ ਦਾ ਤੇਲ, ਵੇਸਣ, ਨਮਕ, ਕਾਲੀ ਮਿਰਚ, ਜੈਮ ਅਤੇ ਸ਼ਹਿਦ ਦੇ 4-4 ਸੈਂਪਲ ਭਰੇ ਗਏ। ਲੈਬ ਤੋਂ ਆਈ ਰਿਪੋਰਟ ਵਿੱਚ ਰਾਮਦੇਵ ਦੀ ਕੰਪਨੀ ਵੱਲੋਂ ਨਿਰਮਿਤ ਪ੍ਰੋਡਕਟਾਂ ਦੀ ਮਿਸਲੀਡਿੰਗ ਅਤੇ ਮਿਸਵਾਈਡਿੰਗ ਪਾਈ ਗਈ ਹੈ। ਯਾਨਿ ਕਿ ਜਨਤਾ ਨਾਲ ਸਿੱਧਾ ਧੋਖਾ ਹੈ।

ਡੇਰਾ ਸੱਚਾ ਸੌਦਾ ਵੱਲੋਂ ਨਿਪੁੰਸਕ ਬਣਾਏ 62 ਲੋਕਾਂ ਦੀ ਸੂਚੀ ਹਾਈਕੋਰਟ ਨੂੰ ਭੇਜੀ

ਡੇਰਾ ਸੱਚਾ ਸੌਦਾ ਵੱਲੋਂ ਕਥਿਤ ਤੌਰ ਤੇ ਨਿਪੁੰਸਕ ਬਣਾਏ ਗਏ 62 ਲੋਕਾਂ ਦੀ ਸੂਚੀ ਪਟੀਸ਼ਨ ਕਰਤਾ ਰਾਮ ਕੁਮਾਰ ਬਿਸਨੋਈ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੂੰ ਸੌਂਪਦਿਆਂ ਇਸ ਦੀ ਸੀ.ਬੀ.ਆਈ. ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਹੈ। ਬਿਸਨੋਈ ਤੋਂ ਪਹਿਲਾਂ ਗੋਵਿੰਦਰ ਰਾਮ ਨਾਂ ਦੇ ਡੇਰੇ ਦੇ ਇੱਕ ਪੁਰਾਣੇ ਸਾਧੂ ਨੇ ਹਾਈਕੋਰਟ ਵਿੱਚ ਇਸ ਮਾਮਲੇ ਬਾਰੇ ਪਟੀਸ਼ਨ ਦਾਇਰ ਕਰਕੇ ਦੱਸਿਆ ਸੀ ਕਿ ਡੇਰੇ 'ਚ ਕਈ ਲੋਕਾਂ ਨੂੰ ਨਿਪੁੰਸਕ ਬਣਾਇਆ ਗਿਆ ਹੈ। ਜਿਸ ਵਿੱਚ ਉਹ ਆਪ ਵੀ ਸ਼ਾਮਿਲ ਹੈ। ਉਸ ਨੇ ਡੇਰੇ ਦੇ ਇੱਕ ਹੋਰ ਪੁਰਾਣੇ ਸਾਧੂ ਵਿਨੋਦ ਕੁਮਾਰ ਦੀ ਮੌਤ ਦਾ ਹਵਾਲਾ ਦਿੰਦੇ ਹੋਏ ਦੱਸਿਆ ਸੀ ਕਿ ਉਸ ਦੀ ਪੋਸਟ ਮਾਰਟਮ ਰਿਪੋਰਟ ਨਾਲ ਇਸ ਗੱਲ ਦੀ ਪੁਸ਼ਟੀ ਹੋਈ ਹੈ ਕਿ ਉਸ ਨੂੰ ਨਿਪੁੰਸਕ ਬਣਾਇਆ ਗਿਆ ਹੈ। ਇਸੇ ਤਰ੍ਹਾਂ ਡੇਰੇ ਦੇ 100 ਤੋਂ ਜ਼ਿਆਦਾ ਸ਼ਰਧਾਲੂਆਂ ਨੂੰ ਨਿਪੁੰਸਕ ਬਣਾਇਆ ਗਿਆ ਹੈ। ਇਸ ਤੋਂ ਪਹਿਲਾਂ ਉਸਨੇ ਡੇਰੇ ਦੇ ਇੱਕ ਪੁਰਾਣੇ ਮੈਨੇਜਰ ਫਕੀਰ ਚੰਦ ਦੇ ਕਤਲ ਦੀ ਜਾਂਚ ਦੀ ਮੰਗ ਕੀਤੀ।

ਨਿਹੰਗਾਂ ਦੇ ਬਾਣੇ ਚ ਆਏ ਲੁਟੇਰਿਆਂ ਵੱਲੋਂ ਗੁਰਦੁਆਰੇ ਵਿੱਚ ਡਾਕਾ

ਕੁੱਝ ਹਥਿਆਰਬੰਦ ਵਿਅਕਤੀਆਂ ਵੱਲੋਂ ਸੈਕਟਰ 20 ਚੰਡੀਗੜ੍ਹ ਦੇ ਗੁਰਦੁਆਰੇ ਵਿੱਚੋਂ ਡਾਕਾ ਮਾਰ ਕੇ ਇੱਕ ਲੱਖ ਰੁਪਏ ਦੀ ਨਕਦੀ ਅਤੇ ਹੋਰ ਸਮਾਨ ਲੁੱਟਣ ਦੀ ਘਟਨਾ ਵਾਪਰੀ ਹੈ। ਉਹਨਾਂ ਨੇ 16 ਸੀ.ਸੀ.ਟੀ.ਵੀ. ਕੈਮਰਿਆਂ ਵਿੱਚੋਂ 13 ਨੂੰ ਉਤਾਰ ਕੇ ਇਸ ਘਟਨਾ ਨੂੰ ਅੰਜਾਮ ਦਿੱਤਾ। ਪੁਲਿਸ ਨੇ ਇਸ ਸਬੰਧ ਵਿੱਚ ਕਮੇਟੀ ਦੇ ਸਾਬਕਾ ਪ੍ਰਧਾਨ, ਸੇਵਾਦਾਰ, ਸਾਬਕਾ ਹੈੱਡ ਗ੍ਰੰਥੀ, ਰਾਗੀ ਆਦਿ ਨੂੰ ਗ੍ਰਿਫਤਾਰ ਕੀਤਾ ਹੈ।

ਤੰਤਰ ਮੰਤਰ ਕਰਦਿਆਂ ਨੂੰ ਕੁਟਾਪਾ ਚਾੜ੍ਹਿਆ

ਨਰਾਇਣਗੜ੍ਹ ਨੇੜਲੇ ਪਿੰਡ ਮਿਲਕ ਦੇ ਸਮਸ਼ਾਨ ਘਾਟ ਵਿੱਚ ਅੱਧੀ ਰਾਤ ਸਮੇਂ ਤੰਤਰ ਮੰਤਰ ਕਰ ਰਹੀਆਂ ਦੋ ਔਰਤਾਂ ਸਮੇਤ ਚਾਰ ਵਿਅਕਤੀਆਂ ਨੂੰ ਪਿੰਡ ਵਾਸੀਆਂ ਨੇ ਚੰਗਾ ਕੁਟਾਪਾ ਚਾੜ੍ਹਿਆ ਅਤੇ ਪੁਲਿਸ ਹਵਾਲੇ ਕਰ ਦਿੱਤਾ। ਜਗਮਾਲ, ਉਸਦੀ ਪਤਨੀ ਚੰਪਾ ਵਾਸੀ ਮਿਲਕ ਅਤੇ ਪੰਮੀ, ਉਸਦੀ ਪਤਨੀ ਊਸ਼ਾ ਵਾਸੀ ਨਰਾਇਣਗੜ੍ਹ ਇਹ ਤੰਤਰ ਮੰਤਰ ਕਰ ਰਹੇ ਸਨ।

ਨੌਜਵਾਨਾ ਨੇ ਜੋਤਸ਼ੀ ਠੱਗ ਨੂੰ ਰੇਲਵੇ ਸਟੇਸ਼ਨ ਤੋਂ ਕੀਤਾ ਕਾਬੂ

ਬਟਾਲਾ ਦੇ ਪ੍ਰੇਮ ਨਗਰ ਨਿਵਾਸੀ ਰੌਸ਼ਨ ਲਾਲ ਦੇ ਪਰਿਵਾਰ ਤੇ ਚੱਲ ਰਿਹਾ ਬਿਮਾਰੀ, ਮੁਸੀਬਤਾਂ ਦਾ ਸੰਕਟ ਦੂਰ ਕਰਨ ਅਤੇ ਪਰਿਵਾਰ ਦੀ ਆਰਥਿਕ ਹਾਲਤ ਸੁਧਾਰਨ ਲਈ ਵਿਸ਼ੇਸ਼ ਉਪਾਅ ਕਰਨ ਦੇ ਨਾਮ ਤੇ ਰੌਸ਼ਨ ਲਾਲ ਅਤੇ ਉਸਦੀ ਅਪਾਹਜ ਪਤਨੀ ਤੋਂ 11 ਹਜ਼ਾਰ ਰੁਪਏ ਠੱਗ ਕੇ ਰਫੂ ਚੱਕਰ ਹੋਣ ਵਾਲੇ ਰਾਜਸਥਾਨੀ ਜੋਤਸ਼ੀ ਕਿਰਪਾ ਸ਼ੰਕਰ ਨੂੰ ਬਟਾਲਾ ਦੇ ਹਿੰਮਤੀ ਨੌਜਵਾਨਾਂ ਜਸਪਾਲ ਸਿੰਘ, ਮਨਪ੍ਰੀਤ ਸਿੰਘ, ਦਵਿੰਦਰ ਸਿੰਘ ਅਤੇ ਪਰਮਿੰਦਰ ਸਿੰਘ ਵੇਰਕਾ ਨੇ ਰੇਲਵੇ ਸਟੇਸ਼ਨ ਤੋਂ ਕਾਬੂ ਕਰ ਲਿਆ। ਉਹ ਰੇਲਗੱਡੀ ਰਾਹੀਂ ਇੱਥੋਂ ਦੌੜਣ ਦੀ ਤਾਕ ਵਿੱਚ ਸੀ। ਨੌਜਵਾਨਾਂ ਨੇ ਉਸ ਨੂੰ ਬਟਾਲਾ ਲਿਆ ਕੇ ਰੌਸ਼ਨ ਲਾਲ ਦੇ 11 ਹਜ਼ਾਰ ਰੁਪਏ ਵਾਪਿਸ ਕਰਵਾਏ। ਜੋਤਸ਼ੀ ਕਿਰਪਾ ਸ਼ੰਕਰ ਦਾ ਭੇਤ ਖੁੱਲਣ ਤੇ ਇੱਥੇ ਦਰਜਨ ਦੇ ਕਰੀਬ ਹੋਰ ਔਰਤਾਂ ਅਤੇ ਮਰਦ ਵੀ ਇਸ ਜੋਤਸ਼ੀ ਨੂੰ ਦਿੱਤੇ 3100, 5100 ਆਦਿ ਰੁਪਏ ਵਾਪਿਸ ਲੈਣ ਲਈ ਉਸ ਕੋਲ ਪਹੁੰਚ ਗਏ।



ਸਿਸਕਦੇ ਨੇ ਰੁੱਖ ਤੇ ਮੂੰਹ ਕਲੀਆਂ ਦੇ ਵੀ ਖੁੱਲ੍ਹਦੇ ਨਹੀਂ
ਇਸ ਚਮਨ ਵਿੱਚ ਪੂਰੇ ਹੋਣੇ ਖ਼ਾਬ ਬੁਲ-ਬੁਲ ਦੇ ਨਹੀਂ।
ਰੜਕਦੇ ਮੰਡੀ ਦੀ ਅੱਖ ਅੰਦਰ ਉਹ ਸਾਰੇ ਲੋਕ ਹੀ,
ਵਸਤੂਆਂ ਵਾਂਗ ਕਿਸੇ ਕੀਮਤ ਤੇ ਜੋ ਤੁਲਦੇ ਨਹੀਂ।

ਕੁਲਵਿੰਦਰ ਬੱਛੋਆਣਾ, 84277-17867

ਤੇਰੇ ਜੇ ਤਖ਼ਤ ਤੀਕਰ ਮੇਰਾ ਸਲਾਮ ਪਹੁੰਚੇ,
ਸੂਲੀ, ਸਲੀਬ ਸ਼ਾਇਦ ਮੇਰਾ ਇਨਾਮ ਪਹੁੰਚੇ।
ਹਰ ਅੱਖ ਖ਼ਾਬ ਲਿਸ਼ਕਣ, ਛਲਕੇ ਉਮੰਗ ਦਿਲ ਵਿੱਚ,
ਮੇਰੇ ਵਤਨ 'ਚ ਕੋਈ ਐਸਾ ਨਿਜ਼ਾਮ ਪਹੁੰਚੇ।

ਕੁਲਵਿੰਦਰ ਕੁੱਲਾ, 98154-29964

ਹੌਂਸਲਾ ਕਰ ਟੁਰਨ ਦਾ, ਸੂਲਾਂ ਤੇ, ਟਿੱਬਿਆਂ ਤੇ,
ਜ਼ਿੰਦਗੀ ਦਾ ਰਾਹ ਅਵੱਲਾ, ਟੇਢਾ-ਮੇਢਾ ਮੋੜ ਹੈ,

ਮਨਜੀਤ ਕੌਰ ਅੰਬਾਲਵੀ, 094162-71625

ਕਰਮਾਂ-ਧਰਮਾਂ ਦੇ ਓਹਲੇ 'ਚੋਂ,
ਕਿਹੜਾ ਹੈ, ਕੀ ਪਹਿਚਾਣ ਕਰਾਂ?
ਇੱਕ ਹੱਥ 'ਚ ਨੇ ਹਥਿਆਰ ਫੜ੍ਹੇ,
ਤੇ ਦੂਜੇ ਦੇ ਵਿੱਚ ਮਾਲਾ ਹੈ।

ਕਵਿੰਦਰ ਚਾਂਦ, 98881-46699

ਕਿਸੇ ਵੀ ਮੰਜ਼ਿਲ ਨੂੰ ਸਰ ਕਰਨਾ ਮੁਸ਼ਕਲ ਨਹੀਂ ਹੁੰਦਾ,
ਹੈ ਲਾਜ਼ਮ ਸ਼ਰਤ ਕਿ ਪੈਰੀਂ ਸੁਲਘਦਾ ਸਫ਼ਰ ਹੋਵੇ।

ਸੁਸ਼ੀਲ ਦੁਸਾਂਝ, 97813-60066

ਜਦੋਂ ਤੁਸੀਂ ਘੜੀ ਵੱਲ ਵੇਖਦੇ ਹੋ ਤਾਂ ਇਸ ਗੱਲ ਦਾ ਕਿਆਸ ਜਰੂਰ ਕਰਨਾ ਕਿ ਲੰਘ ਗਏ ਸਮੇਂ ਨੂੰ ਤੁਸੀਂ ਕਿਵੇਂ ਜੀਵਿਆ ਹੈ ਅਤੇ ਬਾਕੀ ਬਚੇ ਵਕਤ ਦਾ ਕੀ ਕਰਨਾ ਹੈ?

...ਗੁਰਚਰਨ ਨੂਰਪੁਰ, 98550-51099

ਕੌਣ ਕਹਿੰਦੈ, ਖ਼ਾਕ ਹੇਠਾਂ ਖ਼ਤਮ ਹੋ ਜਾਵਾਂਗਾ ਮੈਂ,
ਮਚਲਦਾ ਬੀਜ ਹਾਂ, ਮਿੱਟੀ 'ਚੋਂ ਉੱਗ ਆਵਾਂਗਾ ਮੈਂ,
ਮੈਂ ਕਦੇ ਸੂਰਜ, ਸ਼ਮਾ, ਜੁਗਨੂੰ, ਚਿਣਗ, ਦੀਵਾ, ਮਸ਼ਾਲ,
ਬਲ ਕੇ ਖ਼ੁਦ ਵੀ ਨੂੰ ਤੇਰਾ ਸ਼ਹਿਰ ਰੁਸ਼ਨਾਵਾਂਗਾ ਮੈਂ।

ਕੁਲਵਿੰਦਰ

ਘਰੀਂ ਹਨੇਰਾ, ਹੋਰ ਵੀ ਸੰਘਣਾ ਹੋ ਜਾਂਦੈ,
ਲੋਕੀਂ ਜਦ ਮੜ੍ਹੀਆਂ ਨੂੰ ਰੌਸ਼ਨ ਕਰਦੇ ਨੇ।

ਹਰਦਮ ਸਿੰਘ ਮਾਨ, 89684-00291

ਰਿਹਾ ਜੋ ਉਮਰ ਭਰ ਦੀਵੇ ਜਗਾਉਂਦਾ ਮੜ੍ਹੀਆਂ ਤੇ,
ਕਿਸੇ ਨਾ ਲਾਸ਼ ਉਸਦੀ ਲੈਣ ਖ਼ਾਤਰ ਆਉਣਾ ਸੀ।
ਭਗਤ ਸਿੰਘ ਬੁੱਤ ਬਣ ਚੌਂਕਾਂ 'ਚ ਸੀ ਖੜ੍ਹੇ ਰਹਿਣਾ,
ਨੇਤਾਵਾਂ ਲਾਲ ਬੱਤੀਆਂ ਲਾ ਕੇ ਸ਼ੋਰ ਮਚਾਉਣਾ ਸੀ।

ਸੁਖਦੇਵ ਅਬੋਹਰ, 94172-53110

ਜੋ ਸਫ਼ਰ ਕੀ ਸ਼ੁਰੂਆਤ ਕਰਤੇ ਹੈਂ,
ਵੋ ਮੰਜ਼ਿਲ ਕੋ ਪਾਰ ਕਰਤੇ ਹੈਂ,
ਬਸ ਏਕ ਬਾਰ ਚਲਨੇ ਕਾ ਹੌਂਸਲਾ ਰਖੀਏ,
ਆਪ ਜੈਸੇ ਮੁਸਾਫ਼ਰੋਂ ਕਾ,
ਰਾਸਤੇ ਭੀ ਇੰਤਜ਼ਾਰ ਕਰਤੇ ਹੈਂ...

ਤਨਵੀਰ, ਮਾਛੀਵਾੜਾ, 98550-08111

ਜੱਗ ਜਨਣੀ ਲਈ ਦੁਨੀਆਂ ਤੋਂ ਮਾੜਾ,
ਭਾਰਤ 'ਮਹਾਨ' ਆਖਦੇ...

ਜਗਸੀਰ ਜੀਦਾ, 94173-33203

?

ਨਸ਼ਿਆਂ ਦਾ ਸੇਵਨ ਦਿਨੋ ਦਿਨ ਵੱਧ ਰਿਹਾ ਹੈ। ਨਸ਼ਿਆਂ ਦੀਆਂ ਕੀ ਕੀ ਕਿਸਮਾਂ ਹਨ ਤੇ ਉਹ ਕੀ ਅਸਰ ਕਰਦੇ ਹਨ? ਕੀ ਨਸ਼ਿਆਂ ਦਾ ਸੇਵਨ ਇੱਕ ਬੁਰੀ ਆਦਤ ਹੈ? ਜਾਂ ਇਹ ਇੱਕ ਬਿਮਾਰੀ ਹੈ ਜਿਸ ਦਾ ਇਲਾਜ ਹੋਣਾ ਚਾਹੀਦਾ ਹੈ। ਨਸ਼ਿਆਂ ਦੇ ਕੀ ਕਾਰਣ ਹਨ? ਇਸ ਵਿਸ਼ੇ ਬਾਰੇ ਚਾਨਣਾ ਪਾਓ।

ਮਨੋਰੋਗ ਮਾਹਿਰ ਦੀ ਕਲਮ ਤੋਂ

ਡਾ. ਬਲਵੰਤ ਸਿੱਧੂ



ਪਿਛਲੇ ਅੰਕ ਵਿੱਚ ਅਸੀਂ ਨਸ਼ਿਆਂ ਦੀਆਂ ਕਿਸਮਾਂ ਬਾਰੇ ਜ਼ਿਕਰ ਕੀਤਾ ਸੀ। ਆਓ ਇਸ ਵਾਰ ਇਸਦੇ ਕਾਰਣਾਂ ਬਾਰੇ ਅਤੇ ਇਲਾਜ ਬਾਰੇ ਜਾਣੀਏ। ਨਸ਼ੇ ਵਰਤਣ ਦੇ ਬਹੁਤ ਸਾਰੇ ਕਾਰਣ ਹਨ। ਵੱਖ ਵੱਖ ਵਿਅਕਤੀਆਂ ਵਿੱਚ ਇਹ ਵੱਖ ਵੱਖ ਹੋ ਸਕਦੇ ਹਨ। ਮੁੱਖ ਤੌਰ ਤੇ ਨਸ਼ੇ ਵਰਤਣ ਦੇ ਹੇਠ ਲਿਖੇ ਕਾਰਣ ਹਨ:–

ਉਤਸੁਕਤਾ :- ਜ਼ਿੰਦਗੀ ਵਿੱਚ ਬਹੁਤ ਸਾਰੇ ਵਿਅਕਤੀ ਸਿਰਫ ਉਤਸੁਕਤਾ ਕਰਕੇ ਨਸ਼ਾ ਕਰਨਾ ਸ਼ੁਰੂ ਕਰ ਦਿੰਦੇ ਹਨ। ਉਹ ਇਹ ਸੋਚਦੇ ਹਨ ਕਿ ਇਕ ਅੱਧ ਵਾਰ ਤਜਰਬਾ ਕਰਨ ਦਾ ਕੋਈ ਹਰਜ ਨਹੀਂ ਹੈ ਅਤੇ ਉਹ ਇਸ ਲਤ ਵਿੱਚ ਨਹੀਂ ਫ਼ਸਣਗੇ। ਇਕ ਵਾਰ ਨਸ਼ਾ ਸ਼ੁਰੂ ਕਰਨ ਤੋਂ ਉਹ ਨਸ਼ੇ ਨਾਲ ਇਸ ਤਰਾਂ ਗ੍ਰਸੇ ਜਾਂਦੇ ਹਨ ਕਿ ਮੁੜਕੇ ਇਸ ਆਦਤ ਤੋਂ ਛੁਟਕਾਰਾ ਪਾਉਣਾ ਮੁਸ਼ਕਿਲ ਹੋ ਜਾਂਦਾ ਹੈ।

ਸਾਥੀਆਂ ਦਾ ਦਬਾਅ :- ਹਰ ਵਿਅਕਤੀ ਤੇ ਸੰਗਤ ਦਾ ਅਸਰ ਜਰੂਰ ਹੁੰਦਾ ਹੈ । ਅਸੀਂ ਚੰਗੀ ਸੰਗਤ ਨਾਲ ਚੰਗੀਆਂ ਆਦਤਾਂ ਸਿੱਖਦੇ ਹਾਂ ਅਤੇ ਇਹ ਸੁਭਾਵਿਕ ਹੈ ਕਿ ਮਾੜੀ ਸੰਗਤ ਦਾ ਅਸਰ ਮਾੜਾ ਹੀ ਹੋਵੇਗਾ। ਅੱਜ ਕੱਲ ਸਕੂਲਾਂ ਕਾਲਜਾਂ ਵਿੱਚ ਕੁਝ ਨੌਜੁਆਨਾਂ ਵਲੋਂ ਨਸ਼ਿਆਂ ਦਾ ਵਰਤਣਾ ਇਕ ਫੈਸ਼ਨ ਜਿਹਾ ਬਣ ਗਿਆ ਹੈ। ਕਈ ਵਿਦਿਆਰਥੀ ਅਜੇਹੇ ਗਰੁੱਪ ਦਾ ਹਿੱਸਾ ਬਣਨ ਲਈ ਨਾ ਚਾਹੁੰਦਿਆ ਵੀ ਨਸ਼ੇ ਕਰਨਾ ਸ਼ੁਰੂ ਕਰ ਦਿੰਦੇ ਹਨ ਤੇ ਇਸ ਬੁਰਾਈ ਵਿੱਚ ਫਸ ਜਾਂਦੇ ਹਨ। ਕਈ ਥਾਵਾਂ ਤੇ ਅੱਛੇ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਅਜੇਹੇ ਗਰੁੱਪਾਂ ਤੋਂ ਡਰਪੋਕ ਜਾਂ ਤੰਗਦਿਲ ਆਦਿ ਦੇ ਤਾਅਨੇ ਆਦਿ ਵੀ ਝੇਲਣੇ ਪੈਂਦੇ ਹਨ।

ਸਮਾਜੀ ਵਿਦਰੋਹ:-ਅੱਜ ਕੱਲ ਕਈ ਨੌਜੁਆਨ ਅਕਸਰ ਹੀ ਪਰਿਵਾਰ ਜਾਂ ਸਮਾਜ ਨਾਲ ਟੱਕਰ ਲਾਉਣ ਲਈ ਤਿਆਰ ਰਹਿੰਦੇ ਹਨ। ਇਹ ਸੁਭਾਵਿਕ ਤੌਰ ਤੇ ਹੀ ਵਿਦਰੋਹੀ ਸੁਭਾਅ ਦੇ ਹੋ ਸਕਦੇ ਹਨ। ਅਜੇਹੇ ਵਿਅਕਤੀ ਸਿਰਫ ਵਿਦਰੋਹ ਕਾਰਣ ਹੀ ਨਸ਼ਿਆਂ ਦਾ ਸੇਵਨ ਸ਼ੁਰੂ ਕਰ ਦਿੰਦੇ ਹਨ ਅਤੇ ਮੁੜਕੇ ਇਸ ਲਤ ਦਾ ਸ਼ਿਕਾਰ ਹੋ ਜਾਂਦੇ ਹਨ।

ਸੁਭਾਅ:-ਕਈ ਵਿਅਕਤੀ ਸੁਭਾਵਿਕ ਤੌਰ ਤੇ ਸੰਜਮ ਜਾਂ ਠਰੰਮਾ ਨਹੀਂ ਰੱਖ ਸਕਦੇ। ਉਨ੍ਹਾਂ ਵਿੱਚ ਆਪਣੇ ਆਪ ਤੇ ਜਾਂ ਆਪਣੇ ਵਿਵਹਾਰ ਤੇ ਚੰਗੀ ਤਰ੍ਹਾਂ ਕੰਟਰੋਲ ਨਹੀਂ ਹੁੰਦਾ ਜਾਂ ਇਉਂ ਕਹਿ ਲਵੋ ਕਿ ਸਵੈ-ਕਾਬੂ ਨਹੀਂ ਹੁੰਦਾ। ਅਜੇਹੇ ਵਿਅਕਤੀ ਵੀ ਨਸ਼ਿਆਂ ਵਿੱਚ ਜ਼ਿਆਦਾ ਫਸਦੇ ਹਨ। ਕਈ ਨੌਜੁਆਨ ਸਨਸਨੀ-ਨੁਮਾ ਹਾਲਾਤ ਜ਼ਿਆਦਾ ਪਸੰਦ ਕਰਦੇ ਹਨ ਅਤੇ ਇਸ ਤਰ੍ਹਾਂ ਨਸ਼ਿਆਂ ਦੀ ਦਲਦਲ ਵਿੱਚ ਫਸ ਜਾਂਦੇ ਹਨ।

ਤਣਾਅ:-ਕਈ ਵਿਅਕਤੀ ਆਤਮ ਵਿਸ਼ਵਾਸ ਦੀ ਘਾਟ ਕਾਰਣ ਜਾਂ ਵੈਸੇ ਹੀ, ਤਣਾਅ ਦਾ ਸਹੀ ਤਰੀਕੇ ਨਾਲ ਸਾਹਮਣਾ ਨਹੀਂ ਕਰਦੇ ਅਤੇ ਇਸ ਕਰਕੇ ਕਿਸੇ ਵੀ ਤਣਾਅ ਵੇਲੇ ਉਸਨੂੰ ਹਲ ਕਰਨ ਦੀ ਬਜਾਏ ਗਲਤ ਰਸਤਾ ਅਪਣਾਉਂਦੇ ਹਨ, ਜਿਸ ਤਰਾਂ ਨਸ਼ੇ ਕਰਨਾ ਜਾਂ ਸ਼ਰਾਬ ਦਾ ਸਹਾਰਾ ਲੈਣਾ ਆਦਿ। ਕਈ ਬਹੁਤ ਭੱਜ-ਦੌੜ ਕਰਨ ਵਾਲੇ ਲੋਕ ਜਿਵੇਂ ਕਿ ਸਿਆਸੀ ਲੋਕ ਜਾਂ ਹੋਰ ਐਕਟਰ ਤੇ ਕਲਾਕਾਰ ਲੋਕ ਆਦਿ ਵੀ ਨਸ਼ੇ ਦਾ ਸਹਾਰਾ ਲੈਣ ਲੱਗ ਪੈਂਦੇ ਹਨ।

ਦਵਾਈਆਂ ਦੀ ਦੁਰਵਰਤੋਂ:-ਕਈ ਵਾਰ ਕਈ ਵਿਅਕਤੀ ਆਪਣੀ ਮਰਜ਼ੀ ਨਾਲ ਹੀ ਦਵਾਈਆਂ ਦੀ ਵਰਤੋਂ ਸ਼ੁਰੂ ਕਰ ਦਿੰਦੇ ਹਨ। ਜਿਵੇਂ ਕਿ ਦਰਦ-ਨਿਵਾਰਕ ਗੋਲੀਆਂ, ਨੀਂਦ ਦੀਆਂ ਜਾਂ ਘਬਰਾਹਟ ਦੀਆਂ ਗੋਲੀਆਂ ਆਦਿ। ਜਾਂ ਕਈ ਵਾਰ ਲੋੜ ਪੈਣ ਤੇ ਡਾਕਟਰ ਇਸ ਤਰਾਂ ਦੀਆਂ ਦਵਾਈਆਂ ਦੀ ਵਰਤੋਂ ਕੁਝ ਸਮੇਂ ਲਈ ਸੁਝਾਉਂਦੇ ਹਨ, ਪਰ ਕੁਝ ਲੋਕ ਉਨ੍ਹਾਂ ਦੁਆਈਆਂ ਨੂੰ ਲੋੜ ਤੋਂ ਵੱਧ ਸਮੇਂ ਲਈ ਵਰਤਦੇ ਹਨ ਅਤੇ ਹੌਲੀ ਹੌਲੀ ਇਨ੍ਹਾਂ ਦੀ ਮਾਤਰਾ ਵੀ ਵਧਦੀ ਜਾਂਦੀ ਹੈ ਅਤੇ ਇਹ ਦੁਆਈਆਂ ਨਾ ਰਹਿ ਕੇ ਨਸ਼ੇ ਦਾ ਰੂਪ ਧਾਰਣ ਕਰ ਲੈਂਦੀਆਂ ਹਨ।

ਕਾਮਿਆਂ ਦਾ ਸ਼ੋਸ਼ਣ:- ਕਈ ਲੋਕ ਆਪਣੇ ਹੇਠ ਕੰਮ ਕਰਨ ਵਾਲੇ

ਕਾਮੇ ਜਾਂ ਮਜ਼ਦੂਰਾਂ ਨੂੰ ਆਪਣੇ ਤੇ ਨਿਰਭਰ ਕਰਨ ਲਈ ਖਾਣ ਪੀਣ ਜਾਂ ਚਾਹ ਆਦਿ ਨਾਲ ਨਸ਼ਿਆਂ ਦੀ ਆਦਤ ਪਾ ਦਿੰਦੇ ਹਨ ਜਿਵੇਂ ਕਿ ਅਫੀਮ ਜਾਂ ਭੁੱਕੀ ਆਦਿ। ਇਸ ਤਰ੍ਹਾਂ ਇਹ ਬੇਕਸੂਰ ਕਾਮੇ ਅਣਜਾਣੇ ਵਿੱਚ ਹੀ ਨਸ਼ਿਆਂ ਦਾ ਸ਼ਿਕਾਰ ਹੋ ਜਾਂਦੇ ਹਨ।

ਪਰਿਵਾਰਿਕ ਮਸਲੇ:-ਵਿਗਿਆਨਕ ਖੋਜ ਇਹ ਸਿੱਧ ਕਰਦੀ ਹੈ ਕਿ ਜਿਸ ਪਰਿਵਾਰ ਵਿੱਚ ਵੱਡੇ ਵਡੇਰੇ ਨਸ਼ਾ ਕਰਦੇ ਹਨ, ਉਸ ਪਰਿਵਾਰ ਵਿੱਚ ਨਵੀਂ ਪੀੜ੍ਹੀ ਵਿੱਚ ਵੀ ਨਸ਼ੇ ਦੀ ਦਰ ਆਮ ਨਾਲੋ ਕਾਫ਼ੀ ਜ਼ਿਆਦਾ ਹੁੰਦੀ ਹੈ। ਪਰਿਵਾਰਕ ਕਲੇਸ਼ ਜਾਂ ਝਗੜੇ ਆਦਿ ਵੀ ਅਸੁਖਾਵਾਂ ਮਾਹੌਲ ਪੈਦਾ ਕਰਦੇ ਹਨ ਅਤੇ ਨਸ਼ਿਆਂ ਨੂੰ ਸੱਦਾ ਦਿੰਦੇ ਹਨ। ਕਈ ਪਰਿਵਾਰਾਂ ਵਿੱਚ ਕਈ ਮੈਂਬਰ ਆਪ ਨਸ਼ਾ ਕਰਨ ਦੇ ਨਾਲ-ਨਾਲ ਦੂਜੇ ਨੌਜੁਆਨਾਂ ਨੂੰ ਜਾਣ ਬੁਝਕੇ ਇਸ ਦਲਦਲ ਵਿੱਚ ਫਸਾਉਣ ਦੀ ਕੋਸ਼ਿਸ਼ ਜਾ ਸ਼ਿਆਸਤ ਕਰਦੇ ਰਹਿੰਦੇ ਹਨ।

ਮਨੋਰੋਗ:- ਕਈ ਵਿਅਕਤੀਆਂ ਵਿੱਚ ਨਸ਼ਾ ਕਰਨਾ ਮਨੋਰੋਗ ਦੀ ਨਿਸ਼ਾਨੀ ਹੋ ਸਕਦੀ ਹੈ। ਇਹ ਲੋਕ ਲੋੜ ਪੈਣ ਤੇ ਡਾਕਟਰੀ ਸਲਾਹ ਲੈਣ ਦੀ ਬਜਾਏ ਨਸ਼ੇ ਦਾ ਆਸਰਾ ਲੈਂਦੇ ਹਨ ।ਜਿਵੇਂ ਕਿ ਉਨਮਾਦ ਰੋਗ, ਉਦਾਸੀ ਰੋਗ, ਜਾਂ ਤਣਾਅ ਸੰਬੰਧੀ ਹੋਰ ਰੋਗ ਆਦਿ।

ਗੁਣ-ਸੂਤਰੀ ਦੋਸ਼:- ਬੇਸ਼ਕ ਇਹ ਅਕਸਰ ਨਹੀਂ ਹੁੰਦਾ ਪਰ ਫਿਰ ਵੀ ਕਦੇ-ਕਦੇ ਕਈ ਪਰਿਵਾਰਾਂ ਵਿੱਚ ਨਸ਼ੇ ਦਾ ਰੋਗ ਪੀੜ੍ਹੀ ਦਰ ਪੀੜ੍ਹੀ ਚਲ ਸਕਦਾ ਹੈ। ਵਿਸ਼ੇਸ਼ ਤੌਰ ਤੇ ਸ਼ਰਾਬ ਸੰਬੰਧੀ ਰੋਗ। ਇਸ ਕਰਕੇ ਜੇ ਕਿਸੇ ਪਰਿਵਾਰ ਵਿੱਚ ਕਈ ਮੈਂਬਰਾਂ ਨੂੰ ਇਹ ਮੁਸ਼ਕਿਲ ਆ ਰਹੀ ਹੈ ਤਾਂ ਅਜੇਹੇ ਪਰਿਵਾਰ ਵਿੱਚ ਨਵੀਂ ਪੀੜ੍ਹੀ ਦੇ ਮੈਂਬਰਾਂ ਨੂੰ ਬਹੁਤ ਸੰਭਲ ਕੇ ਰਹਿਣ ਦੀ ਲੋੜ ਹੁੰਦੀ ਹੈ ਕਿਉਂਕਿ ਇਨ੍ਹਾਂ ਵਿੱਚ ਨਸ਼ੇ ਦੀ ਦਲਦਲ ਵਿੱਚ ਫ਼ਸਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ।

ਹੋਰ ਕਾਰਣ :- ਕਈ ਧਾਰਮਿਕ ਡੇਰੇ ਜਾਂ ਹੋਰ ਧਾਰਮਿਕ ਸੰਗਠਨ ਆਪਣੇ ਮੈਂਬਰਾਂ ਨੂੰ ਤੇ ਭਗਤਾਂ ਨੂੰ ਨਸ਼ਾ ਰੂਪੀ ਪਰਸ਼ਾਦ ਵੰਡਦੇ ਹਨ। ਜਿਵੇਂ ਕਿ ਭੰਗ ਜਾਂ ਸ਼ਰਾਬ ਆਦਿ। ਕਈ ਲੋਕ ਧਿਆਨ ਜਾਂ ਸਮਾਧੀ ਲਗਾਉਣ ਲਈ ਨਸ਼ੇ ਦਾ ਇਸਤੇਮਾਲ ਕਰਦੇ ਹਨ। ਅੱਜਕੱਲ੍ਹ ਵਿਆਹ-ਸ਼ਾਦੀਆਂ ਦੀਆਂ ਪਾਰਟੀਆਂ ਸ਼ਰਾਬ ਬਿਨ੍ਹਾਂ ਅਧੂਰੀਆਂ ਮੰਨੀਆਂ ਜਾਂਦੀਆਂ ਹਨ। ਅਮੀਰਜਾਦਿਆਂ ਦੀਆਂ ਪਾਰਟੀਆਂ ਵਿੱਚ ਨਸ਼ਾ ਇੱਕ ਅਟੁੱਟ ਅੰਗ ਬਣ ਚੁਕਿਆ ਹੈ। ਜ਼ਿੰਦਗੀ ਤੋਂ ਬੋਰ ਜਾਂ ਅਵਾਜ਼ਾਰ ਹੋਏ ਕੰਮਚੋਰ ਤੇ ਨਿਠੱਲੇ ਲੋਕ ਅਕਸਰ ਹੀ ਨਸ਼ੇ ਦਾ ਸਹਾਰਾ ਲੈਣ ਲੱਗ ਪੈਂਦੇ ਹਨ।

ਨਸ਼ਿਆਂ ਦਾ ਇਲਾਜ:- ਸਭ ਤੋਂ ਪਹਿਲਾਂ ਇਹ ਜਾਣ ਲੈਣਾ ਬਹੁਤ ਜ਼ਰੂਰੀ ਹੈ ਕਿ ਨਸ਼ੇ ਵਿੱਚ ਗ੍ਰਸਤ ਵਿਅਕਤੀ ਇੱਕ ਬਿਮਾਰ ਵਿਅਕਤੀ ਹੈ ਜਿਸਦਾ ਇਲਾਜ ਕਰਵਾਉਣਾ ਬਹੁਤ ਜ਼ਰੂਰੀ ਹੈ। ਕਿਉਂਕਿ ਪੰਜਾਬ ਦੇ ਮੌਜੂਦਾ ਹਾਲਾਤਾਂ ਵਿੱਚ ਇਹ ਇੱਕ ਬਹੁਤ ਹੀ ਭਖ਼ਦਾ ਅਤੇ ਅਤਿ-ਜਰੂਰੀ ਮਸਲਾ ਅਤੇ ਵਿਸ਼ਾ ਹੈ ਇਸ ਲਈ ਇਸ ਬਾਰੇ ਵਿਸਥਾਰ ਨਾਲ ਚਰਚਾ ਅਗਲੇ ਅੰਕ ਵਿੱਚ ਕਰਾਂਗੇ।

ਪ੍ਰੋਫੈਸਰ ਅਤੇ ਮੁਖੀ, ਮਨੋਰੋਗ ਵਿਭਾਗ,
ਰਜਿੰਦਰਾ ਹਸਪਤਾਲ, ਪਟਿਆਲਾ।

ਇਕਾਈਆਂ ਲਈ ਸਹਾਇਤਾ

ਬਠਿੰਡਾ ਇਕਾਈ ਲਈ	500
ਵੀਰ ਸਿੰਘ, ਬਾਬਾ ਫਰੀਦ ਨਗਰ ਬਠਿੰਡਾ (ਲੈਕਚਰਾਰ ਬਣਨ ਦੀ ਖੁਸ਼ੀ ਤੇ)	
ਇਕਾਈ ਮਹਿਲ ਕਲਾਂ	
ਮਾ. ਦਰਸ਼ਨ ਸਿੰਘ ਮਹਿਲ ਕਲਾਂ (ਬੇਟੇ ਦੀ ਸ਼ਾਦੀ ਤੇ)	500
ਇਕਾਈ ਮੈਂਬਰ ਕੁਲਵਿੰਦਰ ਸਿੰਘ ਬਿੱਟੂ (ਆਪਣੀ ਮਾਤਾ ਦੇ ਸ਼ੋਕ ਸਮਾਗਮ ਤੇ)	500
ਇਕਾਈ ਕੂਲਰੀਆਂ	
ਇਕਾਈ ਆਗੂ ਵਧਾਵਾ ਸਿੰਘ ਨੇ ਬੇਟੀ ਮਸਕੀਨ ਦੇ ਜਨਮ ਦਿਨ ਤੇ	2000
ਇਕਾਈ ਧੂਰੀ	
ਤਰਕਸ਼ੀਲ ਆਗੂ ਲਾਲ ਸਿੰਘ ਜਹਾਂਗੀਰ ਦੀ ਯਾਦ ਵਿੱਚ (ਸ਼ੋਕ ਸਮਾਗਮ ਤੇ ਪਰਿਵਾਰ ਵੱਲੋਂ)	5100
ਇਕਾਈ ਮੈਂਬਰ ਬਾਬੂ ਸਿੰਘ ਮੋਮੀ (ਪਿਤਾ ਬਦਨ ਸਿੰਘ ਦੇ ਸ਼ੋਕ ਸਮਾਗਮ ਤੇ)	500
ਇਕਾਈ ਲੁਧਿਆਣਾ :	
ਹਰਬੰਸ ਗਰੇਵਾਲ (ਆਪਣੇ ਲੜਕੇ ਪ੍ਰਦੀਪ ਗਰੇਵਾਲ ਦੀ ਅੱਠਵੀਂ ਬਰਸੀ ਤੇ)	500

ਆਤਮਾ ਸਿੰਘ ਵਿਤ ਮੁੱਖੀ ਲੁਧਿਆਣਾ ਜੋਨ ਨੇ ਮੈਗਜ਼ੀਨ ਦੇ 100 ਚੰਦੇ ਕੱਟ ਕੇ ਭੇਜੇ ਹਨ।ਅਦਾਰਾ ਮੈਗਜ਼ੀਨ ਉਸ ਦੇ ਇਸ ਯਤਨ ਦੀ ਸ਼ਲਾਘਾ ਕਰਦਾ ਹੈ।

ਬਾਲ-ਦਿਵਸ



ਹੇਮ ਰਾਜ ਸਟੈਨੋ

14 ਨਵੰਬਰ ਨੂੰ ਬਾਲ ਦਿਵਸ ਹੈ। ਸਾਡੇ ਦੇਸ਼ ਵਿੱਚ ਇਸ ਦਿਵਸ ਨੂੰ ਸਾਡੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨਾਲ ਜੋੜਕੇ ਮਨਾਇਆ ਜਾਂਦਾ ਹੈ। ਇਉਂ ਕਰਨ ਨੂੰ ਇਹ ਕਹਿਕੇ ਵਾਜਬ ਠਹਿਰਾਇਆ ਜਾਂਦਾ ਹੈ ਕਿ ਨਹਿਰੂ ਨੂੰ ਸਾਰੇ ਬੱਚੇ "ਚਾਚਾ-ਨਹਿਰੂ" ਕਹਿੰਦੇ ਸਨ ਅਤੇ ਨਹਿਰੂ ਵੀ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ। ਇਸਨੂੰ ਸਰਕਾਰੀ ਅਤੇ ਗੈਰ-ਸਰਕਾਰੀ ਪੱਧਰ 'ਤੇ ਮਨਾਇਆ ਜਾਂਦਾ ਹੈ। ਇਸ ਦਿਨ ਸਕੂਲਾਂ 'ਚ ਸਭਿਆਚਾਰਕ ਪ੍ਰੋਗਰਾਮ ਕੀਤੇ ਜਾਂਦੇ ਹਨ ਜਿਸ ਵਿੱਚ ਅਧਿਆਪਕ ਅਤੇ ਵਿਦਿਆਰਥੀ ਸ਼ਾਮਲ ਹੁੰਦੇ ਹਨ। ਸੂਬਾਈ ਅਤੇ ਕੇਂਦਰੀ ਸਰਕਾਰਾਂ ਦੇਸ਼ ਦੇ ਕਈ ਹਿੱਸਿਆਂ 'ਚ ਬੱਚਿਆਂ 'ਤੇ ਫਿਲਮਾਂ ਆਦਿ ਵੀ ਦਿਖਾਉਂਦੀਆਂ ਹਨ। ਸਮੁੱਚੇ ਦੇਸ਼ ਵਿੱਚ ਤਰ੍ਹਾਂ-ਤਰ੍ਹਾਂ ਦੇ ਸਭਿਆਚਾਰਕ, ਸਮਾਜਕ ਅਤੇ ਹੋਰ ਅਦਾਰੇ ਬੱਚਿਆਂ ਦੇ ਮੁਕਾਬਲੇ ਵੀ ਕਰਵਾਉਂਦੇ ਹਨ। ਇਸ ਬਾਲ-ਦਿਵਸ ਪਿੱਛੇ ਕੀ ਭਾਵਨਾ(Spirit)ਕੰਮ ਕਰਦੀ ਹੈ, ਇਹ ਦੇਖਣ ਲਈ ਇਸ ਦੇ ਪਿਛੋਕੜ ਬਾਰੇ ਥੋੜ੍ਹੀ ਜਿਹੀ ਗੱਲ ਕਰਦੇ ਹਾਂ।

ਪਿਛੋਕੜ: ਸੰਸਾਰ ਪੱਧਰ 'ਤੇ ਸਭ ਤੋਂ ਪਹਿਲਾਂ ਸੰਨ 1953 'ਚ ਬਾਲ-ਦਿਵਸ ਮਨਾਇਆ ਗਿਆ ਹੈ ਜਿਸਦਾ ਸਾਰਾ ਪ੍ਰਬੰਧ ਜਨੇਵਾ ਵਿਚਲੀ ਬੱਚਿਆਂ ਦੀ ਭਲਾਈ ਦੀ ਕੌਮਾਂਤਰੀ ਯੂਨੀਅਨ ਵੱਲੋਂ ਕੀਤਾ ਗਿਆ ਸੀ। ਸੰਸਾਰ ਭਰ 'ਚ ਆਮ ਤੌਰ 'ਤੇ ਸਰਵ-ਵਿਆਪੀ ਬਾਲ ਦਿਵਸ (Universal Children Day) 20 ਨਵੰਬਰ ਨੂੰ ਮਨਾਇਆ ਜਾਂਦਾ ਹੈ। ਸੰਯੁਕਤ ਰਾਸ਼ਟਰ ਜਨਰਲ ਸਭਾ ਨੇ ਸੰਨ 1954 'ਚ ਪਾਸ ਕੀਤਾ ਕਿ ਸਾਰੇ ਦੇਸ਼ਾਂ ਨੂੰ ਇੱਕ ਦਿਨ ਨੂੰ ਬਾਲ ਦਿਵਸ ਵਜੋਂ ਮਨਾਉਣ ਲਈ ਕਿਹਾ ਜਾਵੇ ਤਾਂ ਕਿ ਸੰਸਾਰ ਭਰ ਦੇ ਬਾਲਾਂ ਦੀ ਭਲਾਈ ਲਈ ਸਮਝ ਨੂੰ ਵਧਾਇਆ ਜਾਵੇ। ਸੰਨ 1954 'ਚ ਇਹ ਗੱਲ ਵੀ ਪਾਸ ਕੀਤੀ ਗਈ ਸੀ ਕਿ ਬੱਚਿਆਂ ਨੂੰ ਲੰਬੇ ਕੰਮ-ਸਮੇਂ ਅਤੇ ਖਤਰਨਾਕ ਹਾਲਤਾਂ ਵਾਲੇ ਕੰਮ ਤੋਂ ਬਚਾਇਆ ਜਾਵੇ ਅਤੇ ਉਨ੍ਹਾਂ ਦੀ ਸਿੱਖਿਆ ਤੱਕ ਪਹੁੰਚ ਬਣਾਈ ਜਾਵੇ। 20 ਨਵੰਬਰ ਨੂੰ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵੱਲੋਂ ਬੱਚਿਆਂ ਦੇ ਅਧਿਕਾਰਾਂ ਸਬੰਧੀ 1956 'ਚ ਕੀਤੇ ਐਲਾਨ ਦੀ ਵਰ੍ਹੇਗੰਢ ਵੀ ਹੁੰਦੀ ਹੈ। ਇਸ ਤੋਂ ਬਾਅਦ 1989 'ਚ ਇਸੇ ਦਿਨ ਬੱਚਿਆਂ ਦੇ ਅਧਿਕਾਰਾਂ ਬਾਰੇ ਇੱਕ ਕਨਵੈਨਸ਼ਨ ਹੋਈ। ਇਸ ਵਿੱਚ ਪਾਸ ਮਤੇ ਦੀ 191 ਦੇਸ਼ਾਂ ਨੇ ਪੁਸ਼ਟੀ ਕੀਤੀ ਹੋਈ ਹੈ। ਹੁਣ ਲਗਭਗ 100 ਦੇਸ਼ ਇਹ ਬਾਲ ਦਿਵਸ ਮਨਾਉਂਦੇ ਹਨ। ਇਹ ਬਾਲ ਦਿਵਸ ਵੱਖੋ ਵੱਖਰੇ ਦੇਸ਼ਾਂ ਦੇ ਵੱਖੋ ਵੱਖਰੇ ਥਾਵਾਂ 'ਤੇ ਆਪੋ-ਆਪਣੇ ਢੰਗ ਨਾਲ ਮਨਾਇਆ ਜਾਂਦਾ ਹੈ। ਸੋ ਇਸ ਦਿਵਸ ਦੇ ਪਿਛੋਕੜ ਦੀ ਇਹ ਸੰਖੇਪ ਜਿਹੀ ਚਰਚਾ ਤੋਂ ਇਹ ਸਿੱਟਾ ਸਾਫ ਨਿਕਲਦਾ ਹੈ ਕਿ ਕੋਈ ਵੀ ਦੇਸ਼ ਕਿਸੇ ਵੀ ਢੰਗ ਨਾਲ ਬਾਲ ਦਿਵਸ ਮਨਾਵੇ ਪਰ ਉਸ ਪਿੱਛੇ ਜੋ ਭਾਵਨਾ (Spirit) ਕੰਮ ਕਰਦੀ ਹੈ ਉਹ ਹੈ ਬੱਚਿਆਂ ਦੀ ਹਰ ਪੱਖੋਂ ਭਲਾਈ। ਸਾਡੇ ਦੇਸ਼ ਵਿੱਚ ਭਾਵੇਂ ਇਸ ਨੂੰ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨਾਲ ਜੋੜਿਆ ਗਿਆ ਹੈ ਪਰ ਫਿਰ ਵੀ ਉਸ ਪਿੱਛੇ ਭਾਵਨਾ ਓਹੀ ਹੈ - ਬੱਚਿਆਂ ਦੀ ਭਲਾਈ ਲਈ ਹਰ ਕਦਮ ਉਠਾਉਣੇ। ਹੁਣ ਸਾਡੇ ਲਈ ਇਹ ਦੇਖਣਾ ਬਣਦਾ ਹੈ ਕਿ ਕੀ ਇਹ ਦਿਵਸ ਸਹੀ ਅਰਥਾਂ ਵਿੱਚ ਮਨਾਇਆ ਜਾਂਦਾ ਹੈ, ਭਾਵ ਕਿ ਕੀ ਬੱਚਿਆਂ ਦੀ ਭਲਾਈ ਲਈ ਕੋਈ ਤਸੱਲੀਬਖਸ਼ ਕਦਮ ਉਠਾਏ ਵੀ ਜਾਂਦੇ ਹਨ ਜਾਂ ਨਹੀਂ?, ਇਹ ਦੇਖਣ ਲਈ ਸਾਨੂੰ ਸਾਡੇ ਦੇਸ਼ ਦੇ ਬੱਚਿਆਂ ਦੀ ਹਾਲਤ 'ਤੇ ਇੱਕ ਸਰਸਰੀ ਜਿਹੀ ਨਜ਼ਰ ਮਾਰਨੀ ਪਵੇਗੀ। ਆਓ ਫਿਰ....।

ਬਾਲ-ਮਜ਼ਦੂਰੀ:ਇਸ ਵਾਸਤੇ ਤਾਂ ਅੰਕੜਿਆਂ ਦੀ ਵੀ ਜ਼ਰੂਰਤ ਨਹੀਂ ਹੈ। ਤੁਸੀਂ ਚਾਹੇ ਸੈਰ ਕਰਦੇ ਹੋ, ਚਾਹੇ ਢਾਬਿਆਂ 'ਤੇ ਚਾਹ ਪੀ ਰਹੇ ਹੋ ਜਾਂ ਖਾਣਾ ਖਾ ਰਹੇ ਹੋ, ਚਾਹੇ ਫੈਕਟਰੀਆਂ ਵਿੱਚ ਜਾਂਦੇ ਹੋ, ਚਾਹੇ ਭੱਠਿਆਂ 'ਤੇ ਜਾਂਦੇ ਹੋ, ਚਾਹੇ ਬਜ਼ਾਰਾਂ ਆਦਿ ਵਿੱਚ ਕੁੱਝ ਖਰੀਦਣ ਲਈ ਜਾਂਦੇ ਹੋ, ਚਾਹੇ ਖਾਂਦੇ-ਪੀਂਦੇ ਘਰ੍ਹਾਂ 'ਚ ਚਾਹ-ਪਾਣੀ ਪੀਂਦੇ ਹੋ, ਪਸ਼ੂਆਂ ਵੱਲ ਧਿਆਨ ਮਾਰਦੇ ਹੋ, ਸਾਰੇ ਦੇ ਸਾਰੇ ਪਾਸੇ ਹੀ ਤੁਸੀਂ ਦੇਖੋਗੇ ਕਿ ਸੂਰਜ ਚੜ੍ਹਨ ਤੋਂ ਪਹਿਲਾਂ ਸੜਕਾਂ ਕਿਨਾਰੇ ਪਏ ਗੰਦਾਂ ਦੇ ਢੇਰ, ਜਿੱਥੇ ਕੁੱਤੇ ਅਤੇ ਸੂਰ 'ਕਲੋਲਾਂ' ਕਰਦੇ ਹੁੰਦੇ ਹਨ, ਉੱਥੋਂ ਇਹ ਬਾਲ ਆਪਣੀ ਅਤੇ ਆਪਣੇ ਮਾਂ-ਬਾਪ ਦੇ ਪੇਟ ਦੀ ਭੁੱਖ ਨੂੰ ਘਟਾਉਣ ਲਈ (ਮਿਟਾਉਣ ਲਈ ਨਹੀਂ !) ਪਲਾਸਟਿਕ ਦੇ ਲਿਫਾਫੇ

ਆਦਿ ਚੁਗਦੇ ਮਿਲਣਗੇ, ਢਾਬਿਆਂ 'ਤੇ ਚਾਹ-ਖਾਣਾ ਵਰਤਾਉਂਦੇ ਅਤੇ ਬਰਤਨ ਆਦਿ ਸਾਫ ਕਰਦੇ ਮਿਲਣਗੇ, ਝਿੜਕਾਂ ਖਾਂਦੇ ਮਿਲਣਗੇ, ਫੈਕਟਰੀਆਂ ਵਿੱਚ ਪਟਾਕੇ ਤੇ ਬੀੜੀਆਂ ਬਣਾਉਣ ਤੋਂ ਲੈ ਕੇ ਹਰ ਤਰ੍ਹਾਂ ਦੇ ਖਤਰਨਾਕ ਅਤੇ ਸਿਹਤ ਲਈ ਖਰਾਬ ਹਾਲਤਾਂ 'ਚ ਕੰਮ ਕਰਦੇ ਮਿਲਣਗੇ, ਬਜ਼ਾਰਾਂ ਵਿੱਚ ਜਾਂ ਬੱਸਾਂ ਆਦਿ ਵਿੱਚ ਕੁੱਝ ਨਾ ਕੁੱਝ ਵੇਚਦੇ ਦੇਖੋਗੇ, ਖਾਂਦੇ-ਪੀਂਦੇ ਘਰਾਂ ਦੇ ਘਰੇਲੂ ਨੌਕਰਾਂ ਦੇ ਤੌਰ 'ਤੇ ਕੰਮ ਕਰਦੇ ਅਤੇ ਉਨ੍ਹਾਂ ਦੇ ਪਸ਼ੂਆਂ ਨੂੰ ਪੱਠੇ ਆਦਿ ਪਾਉਂਦੇ ਮਿਲਣਗੇ। ਗੱਲ ਕੀ, ਪੈਰ ਪੈਰ 'ਤੇ ਇਹ ਬਾਲਾਂ ਨੂੰ ਮਜ਼ਦੂਰੀ ਕਰਦੇ ਪਾਓਗੇ। ਇਹ ਹੈ ਬਾਲ-ਮਜ਼ਦੂਰੀ ਦੀ ਬਦਸੂਰਤ ਅਤੇ ਦਰਦਨਾਕ ਤਸਵੀਰ।

ਘਰ-ਬਾਰ ਦਾ ਨਾ ਹੋਣਾ:ਆਮ ਤੌਰ 'ਤੇ ਘਰ-ਬਾਰ ਨਾ ਹੋਣ ਕਰਕੇ ਤੁਸੀਂ ਆਮ ਹੀ ਬੱਚਿਆਂ ਨੂੰ ਗਲੀਆਂ 'ਚ ਘੁੰਮਦੇ ਦੇਖ ਸਕਦੇ ਹੋ। ਇਨ੍ਹਾਂ ਨੂੰ ਕਈ "ਗਲੀਆਂ ਦੇ ਬੱਚੇ" ਵੀ ਕਹਿ ਦਿੰਦੇ ਹਨ। ਜੈਪੁਰ ਇਸਦੀ ਇੱਕ ਉੱਘੜਵੀਂ ਉਦਾਹਰਣ ਪੇਸ਼ ਕਰਦਾ ਹੈ ਜਿੱਥੇ ਬੱਚੇ ਰੇਲਵੇ ਸਟੇਸ਼ਨਾਂ 'ਤੇ ਪਏ ਦੇਖੇ ਜਾ ਸਕਦੇ ਹਨ। ਇਹ ਬੱਚਿਆਂ ਦੇ ਘਰ-ਬਾਰ ਨਾ ਹੋਣ ਦਾ ਕਾਰਨ ਇਹ ਹੈ ਕਿ ਜਾਂ ਤਾਂ ਇਨ੍ਹਾਂ ਦੇ ਮਾਪੇ ਬਿਲਕੁਲ ਗਰੀਬ ਹਨ ਜਾਂ ਉਹ ਬਾਹਰੋਂ ਆਏ ਹੋਏ ਹਨ ਜਾਂ ਫਿਰ ਇਹ ਬੱਚੇ, ਮਾਪਿਆਂ ਵੱਲੋਂ ਤਿਆਗੇ ਜਾ ਚੁੱਕੇ ਹਨ ਜਾਂ ਫਿਰ ਅਨਾਥ ਹਨ ਜਾਂ ਘਰੋਂ ਭੱਜੇ ਹੋਏ ਹਨ। ਅਜਿਹੀ ਹਾਲਤ ਦੇ ਹੁੰਦਿਆਂ ਇਨ੍ਹਾਂ ਬੱਚਿਆਂ ਦੇ ਸਮਾਜ-ਵਿਰੋਧੀ ਅਨਸਰਾਂ ਦੇ ਹੱਥੇ ਚੜ੍ਹਣ ਦੀ ਸੰਭਾਵਨਾ ਮੌਜੂਦ ਰਹਿੰਦੀ ਹੈ ਅਤੇ ਉਹ ਅਨਸਰ ਇਨ੍ਹਾਂ ਨੂੰ ਨਸ਼ਿਆਂ ਦੇ ਆਦੀ ਬਣਾਕੇ ਨਸ਼ਿਆਂ ਦੇ ਵਪਾਰ ਵਿੱਚ ਲਗਾ ਸਕਦੇ ਹਨ ਜਾਂ ਫਿਰ ਇਹ ਬੱਚੇ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਹੀ ਨਹੀਂ ਬਲਕਿ ਇਨ੍ਹਾਂ ਬੱਚਿਆਂ ਦੇ ਸਰੀਰ ਦੇ ਜ਼ਰੂਰੀ ਅੰਗਾਂ ਨੂੰ ਵੇਚਕੇ ਧਨ ਕਮਾਉਣ ਵਾਲਿਆਂ ਦੇ ਹੱਥੇ ਚੜ੍ਹਣ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ। ਇਨ੍ਹਾਂ ਬੱਚਿਆਂ ਦੀਆਂ ਤਾਂ ਇਹ ਸੰਭਾਵਨਾਵਾਂ ਮੌਜੂਦ ਹੁੰਦੀਆਂ ਹੀ ਹਨ ਬਲਕਿ ਘਰ-ਬਾਰਾਂ 'ਚ ਆਪਣੇ ਗਰੀਬ ਮਾਪਿਆਂ ਨਾਲ ਰਹਿ ਰਹੇ ਬੱਚਿਆਂ ਦੇ ਅਗਵਾ ਹੋਣ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ। ਅਗਵਾਕਾਰਾਂ ਵੱਲੋਂ ਅੱਗੇ ਵੇਚੇ ਇਹ ਬੱਚੇ ਜਦੋਂ ਕਿਸੇ ਨਾ ਕਿਸੇ ਤਰ੍ਹਾਂ ਉੱਥੋਂ ਬਚ ਆਉਂਦੇ ਹਨ ਤਾਂ ਵੀ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ। ਤਹਿਲਕਾ 25 ਅਗਸਤ, 2012 ਦੀ ਇੱਕ ਰਿਪੋਰਟ ਅਨੁਸਾਰ ਦਿੱਲੀ 'ਚੋਂ ਅਗਵਾ ਹੋਏ ਬੱਚੇ ਦੀਪਕ ਨੇ ਦੱਸਿਆ ਕਿ ਅਗਵਾਕਾਰ ਉਨ੍ਹਾਂ ਨੂੰ ਤਿੰਨ-ਚਾਰ ਹਜ਼ਾਰ 'ਚ ਅੱਗੇ ਵੇਚ ਦਿੰਦੇ ਹਨ। ਇਕੱਲੀ ਦਿੱਲੀ 'ਚੋਂ 2011 'ਚ 5111 ਬੱਚੇ ਗਾਇਬ ਹੋਏ। ਗ੍ਰਹਿ ਵਿਭਾਗ ਦੇ ਮੰਤਰਾਲੇ ਨੇ ਦੱਸਿਆ ਕਿ ਹਰ ਦਿਨ ਰਾਜਧਾਨੀ 'ਚੋਂ 14 ਬੱਚੇ ਗਾਇਬ ਹੋ ਜਾਂਦੇ ਹਨ। ਵੇਸ਼ਵਾਗਮਨੀ, ਭੀਖ ਮੰਗਾਉਣ ਅਤੇ ਅੰਗਾਂ ਦੇ ਵਪਾਰ ਤੋਂ ਇਲਾਵਾ ਹੁਣ ਇਹ ਬੱਚੇ ਗੰਨੇ ਦੇ ਖੇਤਾਂ ਵਿੱਚ ਵੀ ਲਾਏ ਜਾਂਦੇ ਹਨ। ਇੱਕ ਵਾਪਸ ਆਏ ਬੱਚੇ ਨੇ ਵਿਥਿਆ ਸੁਣਾਉਂਦਿਆਂ ਕਿਹਾ ਕਿ ਉਹ ਜਿੱਥੇ ਕੰਮ ਕਰਦਾ ਸੀ, ਉੱਥੇ ਉਸ ਵਰਗੇ ਹੋਰ ਬੱਚੇ ਵੀ ਕੰਮ ਕਰਦੇ ਸਨ। ਉਨ੍ਹਾਂ ਨਾਲ ਬਹੁਤ ਹੀ ਭੈੜਾ ਵਰਤਾਓ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਖ਼ੁਰਾਕ ਵੀ ਪੂਰੀ ਨਹੀਂ ਦਿੱਤੀ ਜਾਂਦੀ। ਜੇ ਕੋਈ ਬੱਚਾ ਉੱਥੋਂ ਭੱਜਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ 'ਤੇ ਕੁੱਤੇ ਛੱਡ ਦਿੱਤੇ ਜਾਂਦੇ ਹਨ। ਇਸ ਬੱਚੇ ਦੇ ਵਾਪਸ ਆਉਣ 'ਤੇ ਉਨ੍ਹਾਂ ਦੇ ਮਾਂ-ਬਾਪ ਨੇ ਰਿਪੋਰਟ ਵੀ ਦਰਜ ਕਰਵਾਈ ਪਰ ਪੁਲਿਸ ਸਟੇਸ਼ਨਾਂ ਦੇ ਗੇੜੇ ਤੇ ਗੇੜਾ ਮਾਰਨ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋਈ।

ਅਨਾਥਪੁਣਾ: ਸਾਡੇ ਦੇਸ਼ 'ਚ ਬੱਚਿਆਂ ਦੀ ਜ਼ਿੰਦਗੀ ਦਾ ਇੱਕ ਹੋਰ ਦਰਦਨਾਕ ਪਹਿਲੂ ਹੈ- ਅਨਾਥ ਬਣ ਜਾਣਾ। ਅਨਾਥ ਹੋਏ ਬੱਚਿਆਂ ਦੀ ਗਿਣਤੀ ਸਾਡੇ ਦੇਸ਼ ਵਿੱਚ 2 ਕਰੋੜ ਹੈ ਜੋ ਦੇਸ਼ ਦੀ ਆਬਾਦੀ ਦਾ 4 ਫੀਸਦੀ ਬਣਦੇ ਹਨ। ਇਹ ਸਾਰੇ ਬੱਚੇ ਅਨਾਥ ਇਸ ਕਰਕੇ ਨਹੀਂ ਕਿ ਇਨ੍ਹਾਂ ਦੇ ਮਾਂ-ਬਾਪ ਮਰ ਗਏ ਹਨ। ਇਨ੍ਹਾਂ ਅਨਾਥ ਬੱਚਿਆਂ ਵਿੱਚੋਂ ਅਜਿਹੇ ਬੱਚੇ ਤਾਂ ਸਿਰਫ 0.3 ਫੀਸਦੀ ਹੀ ਹਨ ਜਿਨ੍ਹਾਂ ਦੇ ਮਾਂ-ਬਾਪ ਮਰੇ ਹੋਏ ਹਨ। ਇਨਕਲਾਬੀ ਨੌਜਵਾਨ ਪਰਚੇ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਬੱਚਿਆਂ ਨਾਲ ਸਬੰਧਤ ਇੱਕ ਸੰਸਥਾ 'ਐਸ.ਓ.ਐਸ. ਚਿਲਡਰਨ ਵਿਲੇਜ' ਦੇ ਸਕੱਤਰ ਰਕੇਸ਼ ਜਿੰਸੀ ਮੁਤਾਬਕ ਅਨਾਥ ਬੱਚੇ ਹੋਣ ਦਾ ਸਭ ਤੋਂ ਵੱਡਾ ਕਾਰਨ ਗਰੀਬੀ ਹੈ। ਭਾਰਤ ਵਿੱਚ 18 ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਦੀ ਗਿਣਤੀ ਸਭ ਤੋਂ ਵੱਧ ਹੈ ਅਤੇ ਇਹ ਭਾਰਤ ਦੀ ਕੁੱਲ ਆਬਾਦੀ ਦਾ 41 ਪ੍ਰਤੀਸ਼ਤ ਹੈ। ਭਾਵੇਂ ਅਨਾਥ ਬੱਚਿਆਂ ਦੀ ਪ੍ਰਤੀਸ਼ਤ 4 ਹੀ ਹੈ ਪਰ 13 ਪ੍ਰਤੀਸ਼ਤ ਬੱਚੇ ਅਜਿਹੇ ਹਨ ਜਿਹੜੇ ਇਕੱਲੇ ਪਿਓ ਜਾਂ ਇਕੱਲੀ ਮਾਂ ਕੋਲ ਰਹਿੰਦੇ ਹਨ। ਅਨਾਥ ਬੱਚਿਆਂ ਦੀ ਇਹ ਆਬਾਦੀ ਕਈ ਦੇਸ਼ਾਂ ਦੀ ਕੁੱਲ ਆਬਾਦੀ ਤੋਂ ਵੀ ਜ਼ਿਆਦਾ ਹੈ।

ਕੁਪੋਸ਼ਣ ਦਾ ਸ਼ਿਕਾਰ ਬੱਚੇ ਅਤੇ ਉਸਦੇ ਪ੍ਰਭਾਵ:ਸਾਡੇ ਦੇਸ਼ ਦੇ 5 ਲੱਖ ਬੱਚੇ ਜਨਮ ਲੈਣ ਸਾਰ ਹੀ ਮਰ ਜਾਂਦੇ ਹਨ ਅਤੇ ਸੰਯੁਕਤ ਰਾਸ਼ਟਰ ਸੰਘ ਦੀ ਰਿਪੋਰਟ ਅਨੁਸਾਰ ਸਾਡੇ ਦੇਸ਼ ਵਿੱਚ 20 ਲੱਖ ਬੱਚੇ ਗੰਭੀਰ ਕੁਪੋਸ਼ਣ (ਘੱਟ ਅਤੇ ਅਸੰਤੁਲਿਤ ਖੁਰਾਕ) ਦਾ ਸ਼ਿਕਾਰ ਹਨ। ਕੁਪੋਸ਼ਣ ਦਾ ਸ਼ਿਕਾਰ ਇਹ 20 ਲੱਖ ਬੱਚੇ ਬਿਨ੍ਹਾਂ ਇਲਾਜ ਪੰਜ ਸਾਲ ਦੀ ਉਮਰ ਤੱਕ ਪਹੁੰਚਦੇ ਪਹੁੰਚਦੇ ਮਰ ਜਾਂਦੇ ਹਨ। ਜਿਹੜੇ ਬੱਚੇ ਜਿੰਦਾ ਵੀ ਰਹਿੰਦੇ ਹਨ ਉਨ੍ਹਾਂ ਦੀ ਹਾਲਤ ਬਾਰੇ 'ਹੰਗਾਮਾ' (ਭੁੱਖਮਰੀ ਅਤੇ ਕੁਪੋਸ਼ਣ ਵਿਰੁੱਧ ਨਾਗਰਿਕਾਂ ਦੀ ਇੱਕ ਜਥੇਬੰਦੀ) ਵੱਲੋਂ ਤਿਆਰ ਕੀਤੀ ਰਿਪੋਰਟ ਦਰਸਾਉਂਦੀ ਹੈ ਕਿ ਦੁਨੀਆਂ ਵਿੱਚੋਂ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਵਿੱਚੋਂ ਹਰ ਤੀਜਾ ਬੱਚਾ ਭਾਰਤੀ ਹੈ। ਭਾਵੇਂ ਗਿਣਤੀ ਦਾ ਤਰਕ ਸਹੀ ਨਹੀਂ ਹੁੰਦਾ, ਫਿਰ ਵੀ ਮਿੰਟ ਦੀ ਮਿੰਟ ਲਈ ਗਿਣਤੀ ਦੇ ਤਰਕ ਨੂੰ ਹੀ ਸਹੀ ਮੰਨ ਕੇ ਵੀ ਗੱਲ ਕੀਤੀ ਜਾਵੇ ਕਿ ਸਾਡੇ ਦੇਸ਼ ਦੀ ਆਬਾਦੀ ਸਵਾ ਕੁ ਅਰਬ ਬਣਦੀ ਹੈ ਅਤੇ ਦੁਨੀਆਂ ਦੀ ਕੁੱਲ ਆਬਾਦੀ ਸੱਤ ਅਰਬ ਤੋਂ ਵੱਧ ਹੈ। ਆਬਾਦੀ ਦੇ ਲਿਹਾਜ਼ ਨਾਲ ਵੀ ਦੁਨੀਆਂ ਦੇ ਕੁਪੋਸ਼ਣ ਦਾ ਸ਼ਿਕਾਰ ਬੱਚਿਆਂ ਵਿੱਚ ਹਰ ਸੱਤਵਾਂ ਬਾਲ ਭਾਰਤੀ ਹੋਣਾ ਚਾਹੀਦਾ ਹੈ ਪਰ ਹੈ ਤੀਜਾ। ਇਹ ਹੀ ਨਹੀਂ ਬਲਕਿ ਸੰਸਾਰ ਬੈਂਕ ਦੇ ਅੰਦਾਜ਼ੇ ਅਨੁਸਾਰ ਸਾਡੇ ਦੇਸ਼ ਵਿੱਚ ਕੁਪੋਸ਼ਣ ਦੇ ਸ਼ਿਕਾਰ ਬੱਚਿਆਂ ਦੀ ਗਿਣਤੀ ਸਿਰਫ ਬੰਗਲਾ ਦੇਸ਼ ਤੋਂ ਘੱਟ ਹੈ ਅਤੇ ਬਾਕੀ ਸਾਰੇ ਸੰਸਾਰ ਤੋਂ ਅੱਗੇ ਹੈ।

ਕੁਪੋਸ਼ਣ ਦਾ ਹੀ ਅਸਰ ਹੈ ਕਿ ਸਾਡੇ ਦੇਸ਼ ਦੇ 42 ਫੀਸਦੀ ਬੱਚੇ ਕਮਜ਼ੋਰ ਅਤੇ 58 ਫੀਸਦੀ ਨਿਰਧਾਰਤ ਕੱਦ ਤੋਂ ਛੋਟੇ ਹਨ। ਘੱਟ ਭਾਰ ਵਾਲੇ ਬੱਚਿਆਂ ਦੀ ਗਿਣਤੀ ਵਿੱਚ ਸਾਡੇ ਦੇਸ਼ ਨੇ ਸਾਰੇ ਸੰਸਾਰ ਤੋਂ 'ਪਹਿਲਾ ਦਰਜਾ' ਹਾਸਲ ਕਰਕੇ 'ਮਾਣ' ਖੱਟਿਆ ਹੋਇਆ ਹੈ।

ਇਹ ਬੱਚੇ ਕੁਪੋਸ਼ਣ ਦਾ ਸ਼ਿਕਾਰ ਹੋਕੇ ਕਮਜ਼ੋਰ ਇਸ ਕਰਕੇ ਨਹੀਂ ਹਨ ਕਿ ਇਹ ਬੱਚੇ ਖਾਧ-ਖਰਾਕ ਪਚਾ ਨਹੀਂ ਸਕਦੇ, ਅਸਲ 'ਚ ਇਨ੍ਹਾਂ ਦੇ ਮਾਪੇ ਅਤੇ ਇਹ ਆਪ ਵੀ ਚੰਗੀ ਖਾਧ-ਖਰਾਕ ਪ੍ਰਾਪਤ ਕਰ ਸਕਣ ਦੀ ਸਮਰੱਥਾ ਹੀ ਨਹੀਂ ਰੱਖਦੇ। ਕੁਪੋਸ਼ਣ ਦਾ ਸ਼ਿਕਾਰ ਇਹ ਬੱਚੇ ਅੱਗੇ ਜਾਕੇ ਅਜਿਹੀਆਂ ਬਿਮਾਰੀਆਂ ਨਾਲ ਵੀ ਮਰ ਜਾਂਦੇ ਹਨ ਜਿਹੜੀਆਂ ਰੋਕੀਆਂ ਜਾ ਸਕਦੀਆਂ ਹਨ ਮਿਸਾਲ ਦੇ ਤੌਰ 'ਤੇ ਪੇਚਸ, ਟਾਈਫਾਈਡ, ਮਲੇਰੀਆ, ਖਸਰਾ ਅਤੇ ਨਮੂਨੀਆ ਆਦਿ। ਇਨ੍ਹਾਂ ਵਿੱਚੋਂ ਹਰ ਚਾਰ ਮਿੰਟਾਂ ਵਿੱਚ ਇੱਕ ਬੱਚਾ ਮੌਤ ਦੇ ਮੂੰਹ 'ਚ ਚਲਾ ਜਾਂਦਾ ਹੈ। ਹਰ ਦਿਨ 1000 ਬੱਚਾ ਸਿਰਫ ਪੇਸ਼ਚ ਕਾਰਨ ਮਰਦਾ ਹੈ। ਸੰਤੁਲਤ ਭੋਜਨ ਨਾ ਹੋਣ ਕਰਕੇ ਇਨ੍ਹਾਂ ਦਾ ਸਮਾਜ 'ਤੇ ਤਾਂ ਅਸਰ ਪੈਂਦਾ ਹੀ ਹੈ, ਇਨ੍ਹਾਂ ਦੇ ਵਿਅਕਤੀਗਤ ਜੀਵਨ 'ਤੇ ਵੀ ਬੁਰਾ ਹੀ ਨਹੀਂ ਬਲਕਿ ਘਾਤਕ ਅਸਰ ਪੈਂਦਾ ਹੈ। ਉਹ ਇਸ ਤਰ੍ਹਾਂ ਕਿ ਇਹ ਕਮਜ਼ੋਰ ਹੋਣ ਕਾਰਨ ਆਪਣੇ ਕੰਮ ਨੂੰ ਤਸੱਲੀਬਖਸ਼ ਢੰਗ ਨਾਲ ਨਹੀਂ ਕਰ ਸਕਦੇ ਜਿਸ ਕਰਕੇ ਇਨ੍ਹਾਂ ਨੂੰ ਮਿਹਨਤਾਨਾ ਵੀ ਨਾਂ-ਮਾਤਰ ਮਿਲਦਾ ਹੈ ਜੋ ਇਨ੍ਹਾਂ ਨੂੰ ਹੋਰ ਗਰੀਬ ਕਰਦਾ ਹੈ ਅਤੇ ਇਹ ਚੱਕਰ ਹੇਠ ਲਿਖੇ ਅਨੁਸਾਰ ਇੱਕ ਕਾਲ-ਚੱਕਰ ਬਣ ਜਾਂਦਾ ਹੈ:

ਗਰੀਬ ਤੇ ਕੁਪੋਸ਼ਤ ਬੱਚੇ-ਕੰਮ -ਮਿਹਨਤਾਨਾ ਨਾਂ-ਮਾਤਰ-ਫਿਰ ਗਰੀਬ ਤੇ ਕੁਪੋਸ਼ਤ- ਅਤੇ ਅੰਤ ਸਮੇਂ ਤੋਂ ਪਹਿਲਾਂ ਮੌਤ।

ਬੱਚਿਆਂ ਦੀ ਸਿਹਤ: ਸਾਡੇ ਭਾਰਤ ਵਿੱਚ ਬੱਚਿਆਂ ਦੀ ਜਿਹੜੀ ਅੱਧੀ ਆਬਾਦੀ ਕੁਪੋਸ਼ਣ ਦਾ ਸ਼ਿਕਾਰ ਹੈ, ਉਨ੍ਹਾਂ ਦੀ ਸਿਹਤ ਤਾਂ ਖਰਾਬ ਹੈ ਹੀ, ਉਸ ਤੋਂ ਵੀ ਜ਼ਿਆਦਾ ਮਾੜੀ ਸਿਹਤ "ਗਲੀਆਂ ਦੇ ਬੱਚਿਆਂ" ਦੀ ਹੈ। ਇਹ ਬੱਚੇ ਨਾ ਕੇਵਲ ਘੱਟ ਵਜ਼ਨ ਵਾਲੇ ਹਨ ਸਗੋਂ ਉਨ੍ਹਾਂ ਦਾ ਵਾਧਾ ਵੀ ਰੁਕਿਆ ਹੋਇਆ ਹੈ। ਮਿਸਾਲ ਦੇ ਤੌਰ 'ਤੇ ਆਮ ਵਿਅਕਤੀ 12 ਸਾਲ ਦੇ ਬੱਚੇ ਨੂੰ ਦੇਖਕੇ ਉਸਨੂੰ 8 ਸਾਲ ਦਾ ਬੱਚਾ ਹੋਣ ਦਾ ਭੁਲੇਖਾ ਖਾ ਸਕਦਾ ਹੈ। ਇਹ "ਗਲੀਆਂ ਦੇ ਬੱਚੇ" ਨਾ ਕੇਵਲ ਗੰਦ-ਮੰਦ ਦੇ ਢੇਰਾਂ 'ਤੇ ਫਿਰਦੇ ਰਹਿਣ, ਜਾਨਵਰਾਂ ਅਤੇ ਖੁੱਲੇ ਪਖਾਨਿਆਂ ਕੋਲ ਕੰਮ ਕਰਦੇ ਰਹਿਣ ਕਰਕੇ ਬਿਮਾਰੀਆਂ ਦਾ ਵੱਧ ਸ਼ਿਕਾਰ ਹੁੰਦੇ ਹਨ ਬਲਕਿ ਇਨ੍ਹਾਂ ਨੂੰ ਕੋਈ ਲੋਦਾ ਜਾਂ ਮੈਡੀਕਲ ਇਲਾਜ ਨਹੀਂ ਮਿਲਦਾ। ਤਿੰਨ ਵਿੱਚੋਂ ਸਿਰਫ ਦੋ ਬੱਚੇ ਹੀ ਟੀ.ਬੀ., ਅਧਰੰਗ, ਪੋਲੀਓ ਅਤੇ ਖਸਰਾ ਆਦਿ ਦੇ ਲੋਦੇ ਲਗਾ ਪਾਉਂਦੇ ਹਨ। ਪੀਲੀਆ ਦੀ ਹਾਲਤ ਤਾਂ ਹੋਰ ਵੀ ਮਾੜੀ ਹੈ। ਇਨ੍ਹਾਂ ਦਸ ਵਿੱਚੋਂ ਸਿਰਫ ਇੱਕ ਬੱਚਾ ਹੀ ਇਲਾਜ ਕਰਾ ਪਾਉਂਦਾ ਹੈ। ਸਾਡੇ ਹਸਪਤਾਲਾਂ ਦਾ ਗਰੀਬਾਂ ਪ੍ਰਤੀ ਕੀ ਵਤੀਰਾ ਹੈ, ਇਸ ਤੋਂ ਕੋਈ ਵੀ ਭੁੱਲਿਆ ਨਹੀਂ ਹੈ। ਇਸ ਲਈ ਬੱਚਿਆਂ ਦੀ ਸਿਹਤ ਬਾਰੇ ਤਹਿਲਕਾ 2 ਜੂਨ 2012 ਦੀ ਇੱਕ ਰਿਪੋਰਟ ਦਰਸਾਉਂਦੀ ਹੈ ਕਿ ਹਸਪਤਾਲ ਵਿੱਚ ਇਲਾਜ ਲਈ ਦਾਖਲ ਹੋਏ ਬੱਚੇ ਬਾਰੇ ਉਸਦੇ ਬਾਪ ਨੇ ਰੋਂਦਿਆਂ ਕਿਹਾ, "ਮੈਂ ਨਹੀਂ ਜਾਣਦਾ ਕਿ ਮੇਰਾ ਬੱਚਾ

ਜਿਉਂਦਾ ਬਾਹਰ ਨਿਕਲ ਆਵੇਗਾ" ਕਿਉਂਕਿ ਦੱਖਣੀ ਕਸ਼ਮੀਰ ਦੇ "ਇਸ ਹਸਪਤਾਲ 'ਚ ਹਰ ਦਿਨ ਇੱਕ ਜਾਂ ਦੋ ਬੱਚਿਆਂ ਦੀ ਮੌਤ ਹੋ ਜਾਂਦੀ ਹੈ" ਸੋ ਗੱਲ ਇਹ ਕਿ ਸਾਡੇ ਦੇਸ਼ ਦੇ ਬੱਚਿਆਂ ਦੀ, ਖਾਸ ਕਰ ਗਰੀਬ, ਅਨਾਥ, "ਗਲੀਆਂ ਦੇ ਬੱਚਿਆਂ" ਦੀ ਗਿਣਤੀ ਜੋ ਆਮ ਬੱਚਿਆਂ ਦੀ ਗਿਣਤੀ ਤੋਂ ਕਿਤੇ ਜ਼ਿਆਦਾ ਬਣਦੀ ਹੈ, ਦੀ ਸਿਹਤ ਦੀ ਤਸਵੀਰ ਵੀ ਬੜੀ ਦਰਦਨਾਕ ਹੈ। **ਸੋ ਇੱਥੋਂ ਤੱਕ ਦੀ ਵਿਚਾਰ-ਚਰਚਾ ਤੋਂ ਦੇਖਿਆ ਜਾ ਸਕਦਾ ਹੈ ਕਿ ਸਾਡੇ ਦੇਸ਼ ਵਿੱਚ ਬੱਚਿਆਂ ਦੀ ਬਾਲ-ਮਜ਼ਦੂਰੀ,ਘਰ-ਬਾਰ ਦਾ ਨਾ ਹੋਣਾ, ਗਾਇਬ ਹੋਣ, ਅਨਾਥਪੁਣਾ, ਕੁਪੋਸ਼ਣ ਦਾ ਸ਼ਿਕਾਰ ਅਤੇ ਬੱਚਿਆਂ ਦੀ ਸਿਹਤ ਦੇ ਪੱਖਾਂ ਨੂੰ ਦੇਖਿਆਂ ਬੱਚਿਆਂ ਦਾ ਵਰਤਮਾਨ ਅਤੇ ਭਵਿੱਖ ਦੋਨੋਂ ਹੀ ਭੈੜੀ ਤਸਵੀਰ ਪੇਸ਼ ਕਰਦੇ ਹਨ।** ਹੁਣ ਇਹ ਦੇਖਣ ਤੋਂ ਪਹਿਲਾਂ ਕਿ ਬਾਲ-ਦਿਵਸ ਮਨਾਉਣ ਦੀ ਸਹੀ ਭਾਵਨਾ ਕੀ ਹੋਵੇ, ਪਹਿਲਾਂ ਆਪਾਂ ਹਕੂਮਤਾਂ ਵੱਲੋਂ ਇਨ੍ਹਾਂ ਬੱਚਿਆਂ ਪ੍ਰਤੀ ਬਣਾਏ ਇੱਕ ਦੋ ਕਾਨੂੰਨਾਂ ਨੂੰ ਤਰਕ ਦੀ ਕਸਵੱਟੀ 'ਤੇ ਪਰਖਦੇ ਹਾਂ।

ਪਹਿਲਾ, ਸਿੱਖਿਆ ਅਧਿਕਾਰ ਦਾ ਕਾਨੂੰਨ: ਇਹ ਕਾਨੂੰਨ ਨੂੰ ਬੜੇ ਧੂਮ-ਧੜੱਕੇ ਨਾਲ ਪ੍ਰਚਾਰਿਆ ਜਾਂਦਾ ਹੈ। ਕਮਾਲ ਦੇਖੋ ਕਿ ਇਸ (ਕਾਨੂੰਨ) ਵਿੱਚ 6 ਸਾਲ ਤੱਕ ਦੀ ਉਮਰ ਵਾਲੇ ਬੱਚਿਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਜਦੋਂ ਕਿ ਇਸ ਉਮਰ ਵਿੱਚ ਬੱਚਿਆਂ ਦੇ ਮਨੋਵਿਗਿਆਨ ਦੀ ਬੁਨਿਆਦੀ ਉਸਾਰੀ ਹੁੰਦੀ ਹੈ। ਚਲੋ ਖੈਰ...।

ਜਦੋਂ 6 ਤੋਂ 14 ਸਾਲ ਦੇ ਬੱਚਿਆਂ ਨੂੰ ਇਸ ਕਾਨੂੰਨ ਅਧੀਨ ਮੁਫਤ ਸਿੱਖਿਆ ਦੇਣ ਦਾ ਐਲਾਨ ਕੀਤਾ ਜਾਂਦਾ ਹੈ ਤਾਂ ਇਸ ਦਾ ਸਪੱਸ਼ਟ ਭਾਵ ਹੈ ਕਿ ਬੱਚਾ ਸਿਰਫ਼ ਅੱਠ ਜਮਾਤਾਂ ਹੀ ਪੜ੍ਹ ਸਕਦਾ ਹੈ। ਇਹ ਸਮੁੱਚੀ ਸਿੱਖਿਆ ਦਾ ਅਧਿਕਾਰ ਕਿਵੇਂ ਬਣ ਗਿਆ? ਸਮੁੱਚੀ ਸਿੱਖਿਆ ਤੋਂ ਭਾਵ ਹੁੰਦਾ ਹੈ ਕਿ ਬੱਚਾ ਜਿੱਥੋਂ ਤੱਕ ਅਤੇ ਜਿਹੋ-ਜਿਹੀ ਚਾਹੇ ਸਿੱਖਿਆ ਹਾਸਲ ਕਰ ਸਕਦਾ ਹੋਵੇ ਉਸਨੂੰ ਪੜ੍ਹਨ ਦਾ ਅਧਿਕਾਰ ਹੋਵੇ। ਪਰ ਇਹ ਨਹੀਂ ਕੀਤਾ ਗਿਆ। ਕੀ ਸਿੱਖਿਆ ਦਾ ਭਾਵ ਬੱਚੇ ਨੂੰ 'ਊੜਾ ਉੱਲੂ' ਬੋਲਣਾ-ਪੜ੍ਹਣਾ-ਲਿਖਣਾ ਸਿਖਾਉਣਾ ਹੀ ਹੈ। ਅਜਿਹਾ ਬੱਚਾ ਕਿਵੇਂ ਰੁਜ਼ਗਾਰ ਦੇ ਯੋਗ ਹੋ ਸਕੇਗਾ? ਸਾਡੇ ਦੇਸ਼ 'ਚ ਇਨ੍ਹਾਂ ਅੱਠਵੀਂ ਪਾਸ ਬੱਚਿਆਂ ਨੂੰ ਤਾਂ ਰੁਜ਼ਗਾਰ ਕੀ ਮਿਲਣਾ ਹੈ, ਇੱਥੇ ਤਾਂ ਗਰੈਜੂਏਸ਼ਨ-ਪੋਸਟ ਗਰੈਜੂਏਸ਼ਨ ਡਿਗਰੀਆਂ ਹੱਥਾਂ 'ਚ ਚੁੱਕੀ ਕਰੋੜਾਂ ਨੌਜਵਾਨ ਬੇਰੁਜ਼ਗਾਰ ਘੁੰਮ ਰਹੇ ਹਨ। ਹਕੂਮਤ ਇਹ ਪ੍ਰਚਾਰ ਵੀ ਕਰਦੀ ਹੈ ਕਿ ਉਸਨੇ ਨਿੱਜੀ ਸਕੂਲਾਂ ਵਿੱਚ ਗਰੀਬ ਬੱਚਿਆਂ ਲਈ 25 ਫੀ ਸਦੀ ਦਾ ਰਾਖਵਾਂਕਰਨ ਕਰਕੇ ਉਨ੍ਹਾਂ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਪ੍ਰਾਈਵੇਟ ਸਕੂਲਾਂ ਵਾਲੇ (ਹੁਣ ਤਾਂ ਫੌਜੀ ਸਕੂਲਾਂ ਵਾਲੇ ਵੀ) ਇਸ ਰਾਖਵੇਂਕਰਨ ਦਾ ਵਿਰੋਧ ਕਰ ਰਹੇ ਹਨ। ਜਿੱਥੇ ਕਿਤੇ ਪ੍ਰਾਈਵੇਟ ਸਕੂਲ ਨੇ ਮਜ਼ਬੂਰੀ-ਵੱਸ ਦਾਖਲ ਕਰ ਵੀ ਲਿਆ ਉਸਦਾ ਮੰਤਵ ਸਿੱਖਿਆ ਦੇਣ ਨਾਲੋਂ ਵਧਕੇ ਬੱਚਿਆਂ ਨੂੰ ਜ਼ਲੀਲ ਕਰਕੇ ਉਨ੍ਹਾਂ ਸਕੂਲਾਂ ਵਿੱਚੋਂ ਖਦੇੜਨ ਦਾ ਹੈ। ਤਹਿਲਕਾ 4 ਅਗਸਤ 2012 'ਚ ਇਸ ਤਰ੍ਹਾਂ ਦੀ ਕਰਤੂਤ ਬਾਰੇ ਇੱਕ ਰਿਪੋਰਟ ਛਪੀ ਹੈ ਜੋ ਇਉਂ ਹੈ:

"ਕਰਨਾਟਕ ਦੇ ਇੱਕ ਪ੍ਰਾਈਵੇਟ ਸਕੂਲ 'ਚ ਗਰੀਬ ਬੱਚੀਆਂ ਦੇ ਸਿਰ ਦੇ ਵਾਲ ਕੱਟ ਦਿੱਤੇ ਗਏ ਤਾਂ ਕਿ ਉਨ੍ਹਾਂ ਨੂੰ ਅਮੀਰਾਂ ਦੇ ਬੱਚਿਆਂ ਨਾਲੋਂ ਅੱਡ ਰੱਖਿਆ ਜਾਵੇ।...ਹਰ ਤਰ੍ਹਾਂ ਦਾ ਬੁਰਾ ਵਿਵਹਾਰ ਕੀਤਾ ਜਾਂਦਾ ਹੈ। ਇੱਥੋਂ ਤੱਕ ਕਿ ਉਨ੍ਹਾਂ ਦੇ ਡੱਬਿਆਂ 'ਚ ਖਾਣਾ ਚੈੱਕ ਕੀਤਾ ਜਾਂਦਾ ਹੈ। ਜਿਸ ਲੜਕੀ ਦੇ ਵਾਲ ਕੱਟੇ ਗਏ ਉਸ ਦੇ ਪਿਤਾ ਦਾ ਕਹਿਣਾ ਹੈ ਕਿ "ਮੈਂ ਜਦੋਂ ਸੁਣਿਆ ਕਿ ਮੇਰੀ ਲੜਕੀ ਇਸ ਸਿੱਖਿਆ ਦੇ ਕਾਨੂੰਨ ਦੇ ਅਧਿਕਾਰ ਕਰਕੇ ਪੜਨ ਜਾ ਸਕੇਗੀ ਤਾਂ ਮੇਰੀ ਸਰੀਰ 'ਚ ਖੁਸ਼ੀ ਨਾਲ ਝਰਨਾਹਟ ਛਿੜ ਗਈ ਕਿ ਮੈਂ ਵੀ ਹੁਣ ਆਪਣੀ ਲੜਕੀ ਨੂੰ ਚੰਗੀ ਸਿੱਖਿਆ ਦਿਵਾ ਸਕਾਂਗਾ। ਪ੍ਰੰਤੂ ਹੁਣ ਇਸ ਘਟਨਾ ਨੇ ਮੈਨੂੰ ਇੰਨ੍ਹਾਂ ਡਰਾ ਦਿੱਤਾ ਹੈ ਕਿ ਮੈਂ ਉਸਨੂੰ ਇਸ ਉੱਚੇ ਸਕੂਲ 'ਚ ਨਹੀਂ ਭੇਜ ਸਕਦਾ ਅਤੇ ਕੋਈ ਨਾ ਕੋਈ ਸਰਕਾਰੀ ਸਕੂਲ 'ਚ ਹੀ ਭੇਜਾਂਗੇ।" ਇਹ ਹੈ ਇਸ 25 ਫੀਸਦੀ ਰਾਖਵੇਂਕਰਨ ਦੀ ਅਸਲੀਅਤ।

ਇਸ ਤੋਂ ਇਲਾਵਾ ਗੱਲ ਇਹ ਵੀ ਹੈ ਕਿ ਜੇਕਰ ਹਕੂਮਤ ਦੀ ਨੀਤ ਸਾਫ ਹੋਵੇ ਤਾਂ ਉਹ ਸਰਕਾਰੀ ਸਕੂਲਾਂ 'ਚ ਸਿੱਖਿਆ ਵਾਸਤੇ ਪੈਸੇ ਖਰਚੇ ਅਤੇ ਉੱਥੇ ਪੜ੍ਹਾਈ ਕਰਵਾਵੇ। ਇਉਂ ਨਾ ਕਰਕੇ ਪ੍ਰਾਈਵੇਟ ਸਕੂਲਾਂ ਵੱਲ ਧੱਕਣਾ ਦਰਅਸਲ ਸਿੱਖਿਆ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣਾ ਬਣ ਜਾਂਦਾ ਹੈ। ਜਿਹੜਾ ਵਿਅਕਤੀ ਪ੍ਰਾਈਵੇਟ ਸਿੱਖਿਆ ਅਦਾਰਾ ਚਲਾਵੇਗਾ, ਉਹ ਤਾਂ ਉਸ ਵਿੱਚੋਂ ਮੁਨਾਫਾ ਕਮਾਏਗਾ ਹੀ ਕਮਾਏਗਾ। ਇਸ ਲਈ ਸਿੱਖਿਆ, ਜਿਸਨੂੰ ਮਨੁੱਖ ਦਾ ਤੀਜਾ ਨੇਤਰ ਕਿਹਾ ਜਾਂਦਾ ਸੀ, ਅੱਜ ਇਹ ਨੇਤਰ ਮੁਨਾਫੇ ਲਈ ਬਣ ਗਿਆ ਹੈ। ਮੁਨਾਫਾ ਕਮਾਉਣਾ ਅਤੇ ਮਨੁੱਖ ਨੂੰ

ਮਨੁੱਖ ਬਣਾਉਣ ਵਾਲੀ ਸਿੱਖਿਆ ਦੇਣ ਦਾ ਕਦੇ ਵੀ ਸੁਮੇਲ ਨਹੀਂ ਹੋ ਸਕਦਾ।

ਤੀਸਰੀ ਗੱਲ ਇਹ ਹੈ ਕਿ ਹਕੂਮਤ ਸਿੱਖਿਆ ਇੱਕੋ ਜਿਹੇ ਪੱਧਰ ਦੀ ਕਿਉਂ ਨਹੀਂ ਕਰਦੀ। ਸਾਡੇ ਦੇਸ਼ ਵਿੱਚ ਸੈਂਟਰਲ ਯੂਨੀਵਰਸਿਟੀਆਂ, ਨਵੋਦਿਆ ਵਿਦਿਆਲੇ, ਸੈਨਿਕ ਸਕੂਲ ਅਤੇ ਨਗਰ ਨਿਗਮ ਆਦਿ ਦੇ ਵਿਦਿਅਕ ਅਦਾਰੇ ਹਨ ਜਿਨ੍ਹਾਂ ਵਿੱਚ ਪ੍ਰਤੀ ਸਾਲ ਪ੍ਰਤੀ ਵਿਦਿਆਰਥੀ ਖਰਚ ਵਿੱਚ ਬਹੁਤ ਵੱਡਾ ਅੰਤਰ ਹੈ। ਇੱਥੇ ਆਪਣੇ ਆਪ ਇਹ ਸਵਾਲ ਉੱਠਦਾ ਹੈ ਕਿ ਸਮੁੱਚੇ ਦੇਸ਼ ਵਿੱਚ ਇੱਕੋ ਕੁਆਲਟੀ ਦੀ ਸਿੱਖਿਆ ਕਿਉਂ ਨਹੀਂ ਹਾਲਾਂ ਕਿ ਸੰਵਿਧਾਨ ਦੀ ਧਾਰਾ 14, 21, ਅਤੇ 21 ਏ ਬਰਾਬਰ ਸਿੱਖਿਆ ਦੇ ਜਨਮ ਸਿੱਧ ਅਧਿਕਾਰ ਦਾ ਐਲਾਨ ਕਰਦੀਆਂ ਹਨ। ਅਜਿਹੇ ਹਾਲਤ 'ਚ ਸਾਫ ਹੈ ਕਿ ਵੱਧ ਖਰਚ ਕਰ ਸਕਣ ਦੀ ਸਮਰੱਥਾ ਰੱਖਣ ਵਾਲੇ ਹੀ ਵੱਧ ਵਧੀਆ ਕੁਆਲਟੀ ਦੀ ਸਿੱਖਿਆ ਹਾਸਲ ਕਰ ਸਕਣਗੇ। ਵੱਧ ਖਰਚ ਕੌਣ ਕਰ ਸਕਣਗੇ? ਭਲਾਂ ਮਜ਼ਦੂਰੀ ਕਰਨ ਵਾਲੇ ਜੇਕਰ ਇੰਨੀਆਂ ਮਹਿੰਗੀਆਂ ਫੀਸਾਂ ਭਰ ਸਕਦੇ ਹੋਣ ਤਾਂ ਉਹ ਮਜ਼ਦੂਰੀ ਕਿਉਂ ਕਰਨ, ਤੇ ਜੇਕਰ ਬੱਚਿਆਂ ਜਾਂ ਉਨ੍ਹਾਂ ਦੇ ਮਾਪਿਆਂ ਕੋਲ ਇੰਨੀ ਧਨ-ਦੌਲਤ ਹੋਵੇ ਤਾਂ ਉਹ ਆਪਣੇ ਮਕਾਨ ਨਾ ਬਣਾ ਲੈਣ, ਫਿਰ ਉਹ ਆਪਣੇ ਬੱਚਿਆਂ ਦਾ ਤਿਆਗ ਕਰਕੇ ਉਨ੍ਹਾਂ ਨੂੰ ਅਨਾਥਪੁਣੇ ਦੀ ਹਾਲਤ 'ਚ ਕਿਉਂ ਛੱਡਣ, ਅਤੇ ਆਪਣੇ ਬੱਚਿਆਂ ਨੂੰ ਰੱਜਵੀਂ ਖੁਰਾਕ ਨਾ ਦੇ ਕੇ ਕੁਪੋਸ਼ਣ ਦੀ ਹਾਲਤ 'ਚ ਕਿਉਂ ਦੇਖਣ। ਸੋ ਸਾਫ ਹੈ ਕਿ ਬਾਲ-ਮਜ਼ਦੂਰ,ਘਰ-ਬਾਰ ਤੋਂ ਵਾਂਝੇ,ਅਨਾਥ, ਕੁਪੋਸ਼ਣ ਦਾ ਸ਼ਿਕਾਰ, ਆਦਿ ਬੱਚੇ ਕਦੇ ਵੀ ਉਚੇਰੀ ਸਿੱਖਿਆ ਹਾਸਲ ਨਹੀਂ ਕਰ ਸਕਣਗੇ ਅਤੇ ਵੱਧ ਵੱਧ, ਜੇਕਰ ਕਦੇ ਮੌਕਾ ਮਿਲ ਵੀ ਗਿਆ, "ਊੜਾ ਉੱਲੂ" ਤੱਕ ਦੀ ਪੜ੍ਹਾਈ ਕਰ ਸਕਣਗੇ ਜਿਸਦਾ ਜ਼ਿੰਦਗੀ ਵਿੱਚ ਕੋਈ ਮਹੱਤਵ ਨਹੀਂ ਹੋਵੇਗਾ। ਪ੍ਰਾਚੀਨ ਇਤਿਹਾਸ ਵਿੱਚ ਆਉਂਦਾ ਹੈ ਕਿ ਸ਼ੂਦਰਾਂ ਦੇ ਵੇਦ ਪੜ੍ਹਨ 'ਤੇ ਪਾਬੰਦੀ ਸੀ ਅਤੇ ਜੇਕਰ ਕੋਈ ਸ਼ੂਦਰ ਪੜ੍ਹਦਾ ਸੀ ਤਾਂ ਉਸ ਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾਉਣ ਦੀ ਸਜ਼ਾ ਸੀ। ਇਸਦਾ ਭਾਵ ਸਪੱਸ਼ਟ ਸੀ ਕਿ ਸ਼ੂਦਰ ਪੜ੍ਹ-ਲਿਖਕੇ ਅਖੌਤੀ ਤੌਰ 'ਤੇ ਕਹੇ ਜਾਂਦੇ ਉੱਚ-ਵਰਣਾਂ ਦੇ ਹਾਣ ਦੇ ਨਾ ਬਣ ਸਕਣ। ਅੱਜ ਭਾਵੇਂ ਕੰਨਾਂ ਵਿੱਚ ਸਿੱਕਾ ਢਾਲ ਕੇ ਪਾਉਣ ਵਾਲੀ ਗੱਲ ਤਾਂ ਨਹੀਂ ਹੈ। ਪਰ ਅੱਜ ਵੀ ਸਾਡੇ ਹਾਕਮਾਂ ਨੇ ਸਿੱਖਿਆ ਮਹਿੰਗੀ ਕਰਕੇ ਗਰੀਬ ਬੱਚਿਆਂ ਨੂੰ ਸਿੱਖਿਆ ਤੋਂ ਵਾਂਝੇ ਕਰਨ ਦਾ ਹਥਕੰਡਾ ਅਪਣਾ ਲਿਆ ਹੈ ਤਾਂ ਕਿ ਇਹ ਗਰੀਬ ਬੱਚੇ ਉਨ੍ਹਾਂ ਦੇ ਬੱਚਿਆਂ ਦੇ ਬਰਾਬਰ ਸਿੱਖਿਆ ਪ੍ਰਾਪਤ ਨਾ ਕਰ ਸਕਣ। ਅਮੀਰ ਅਤੇ ਰਾਜ ਕਰਦੇ ਵਰਗ ਨੇ ਭੌਤਿਕ ਸੰਪਤੀ ਦੇ ਨਾਲ-ਨਾਲ ਸਾਰੀ ਮਾਨਸਿਕ ਅਤੇ ਬੌਧਿਕ ਸੰਪਤੀ ਆਪਣੇ ਅਮੀਰਾਂ ਦੀਆਂ ਔਲਾਦਾਂ ਲਈ ਰਾਖਵੀਂ ਕਰ ਦਿੱਤੀ ਹੈ। ਇਹ ਤਾਂ ਸੀ ਸਿੱਖਿਆ ਦੇ ਬੁਨਿਆਦੀ ਅਧਿਕਾਰ ਦੀ ਗੱਲ।

ਦੂਸਰਾ ਹੈ, ਬਾਲ-ਮਜ਼ਦੂਰੀ ਵਿਰੋਧੀ ਕਾਨੂੰਨ: ਇਸ ਕਾਨੂੰਨ ਦਾ ਵੀ ਕੋਈ ਵੱਖਰਾ ਹਾਲ ਨਹੀਂ ਹੈ। ਪਹਿਲੀ ਗੱਲ ਤਾਂ ਇਹ ਕਾਨੂੰਨ ਕਿੰਨਾ ਕੁ ਲਾਗੂ ਹੋਇਆ ਹੈ, ਇਹ ਅੱਜ ਬਾਲ-ਮਜ਼ਦੂਰੀ ਕਰਦੇ ਬਾਲਾਂ ਤੋਂ ਸਾਫ ਦੇਖਿਆ ਜਾ ਸਕਦਾ ਹੈ। ਇੱਥੇ ਇੱਕ ਦਲੀਲ ਇਹ ਦੇ ਦਿੱਤੀ ਜਾਂਦੀ ਹੈ ਕਿ ਜੇਕਰ ਹਕੂਮਤ ਅਤੇ ਪ੍ਰਸ਼ਾਸ਼ਨ ਬਾਲ-ਮਜ਼ਦੂਰੀ ਵਿਰੋਧੀ ਕਾਨੂੰਨ ਸਖਤੀ ਨਾਲ ਲਾਗੂ ਕਰੇ ਤਾਂ ਬਾਲ-ਮਜ਼ਦੂਰੀ ਨੂੰ ਖਤਮ ਕੀਤਾ ਜਾ ਸਕਦਾ ਹੈ। ਇਸ ਦਲੀਲ ਦਾ ਕੋਈ ਆਧਾਰ ਨਹੀਂ ਹੈ। ਕੀ ਬਾਲ-ਮਜ਼ਦੂਰ ਇਹ ਸੋਚਕੇ ਮਜ਼ਦੂਰੀ ਕਰਦੇ ਹਨ ਕਿ ਉਨ੍ਹਾਂ ਨੂੰ ਕਾਨੂੰਨ ਇਜ਼ਾਜਤ ਦਿੰਦਾ ਹੈ ਜਾਂ ਨਹੀਂ? ਨਹੀਂ, ਅਜਿਹੀ ਕੋਈ ਗੱਲ ਨਹੀਂ ਹੈ।ਇੱਕ ਵੇਰਾਂ ਇਹ ਅਖਬਾਰੀ ਰਿਪੋਰਟ ਆਈ ਸੀ ਕਿ ਜਿਸ ਔਰਤ ਦਾ ਬਾਲ, ਮਜ਼ਦੂਰੀ ਕਰਕੇ ਆਪਣੇ ਪਰਿਵਾਰ 'ਚ ਕੁੱਝ ਹਿੱਸਾ ਪਾਉਂਦਾ ਸੀ ਪ੍ਰਸ਼ਾਸ਼ਨ ਵੱਲੋਂ ਉਸਦੀ ਮਜ਼ਦੂਰੀ ਖਤਮ ਕਰ ਦਿੱਤੇ ਜਾਣ 'ਤੇ ਉਸਦੀ ਮਾਤਾ ਰੋ ਰਹੀ ਸੀ ਕਿ ਉਨ੍ਹਾਂ ਦੀ ਰੋਜ਼ੀ 'ਤੇ ਲੱਤ ਮਾਰੀ ਗਈ ਹੈ। ਸੋ ਬਾਲ-ਮਜ਼ਦੂਰੀ ਵਿਰੋਧੀ ਕਾਨੂੰਨ ਤਾਂ ਬਣਾ ਦਿੱਤਾ ਪਰ ਬਾਲ ਅਤੇ ਉਨ੍ਹਾਂ ਦੇ ਮਾਪੇ ਆਪਣੀ ਰੋਟੀ ਦੀ ਬੁਰਕੀ ਦਾ ਪ੍ਰਬੰਧ ਕਿੱਥੋਂ ਕਰਨ? ਇਸਦਾ ਕੋਈ ਹੱਲ ਨਹੀਂ ਕੀਤਾ ਗਿਆ ਅਤੇ ਇਹ ਰੋਜ਼ੀ-ਰੋਟੀ ਦੀ ਮੁਥਾਜਗੀ ਦਾ ਹੀ ਉਹ ਗਰਭ ਹੈ ਜਿਸ ਵਿੱਚੋਂ ਬਾਲ-ਮਜ਼ਦੂਰੀ ਜਨਮ ਲੈਂਦੀ ਹੈ। ਭਲਾਂ ਮੁਕੇਸ਼ ਅੰਬਾਨੀ, ਟਾਟੇ-ਬਿਰਲੇ, ਜਗੀਰਾਂਦਰਾਂ ਅਤੇ ਰਾਜੇ-ਰਜਵਾੜਿਆਂ, ਅਫਸਰਸ਼ਾਹਾਂ ਜਾਂ ਹੋਰ ਅਮੀਰਾਂ ਦੇ ਬੱਚੇ ਮਜ਼ਦੂਰੀ ਕਿਉਂ ਨਹੀਂ ਕਰਦੇ? ਕਿਉਂਕਿ ਉਨ੍ਹਾਂ ਨੂੰ ਰੋਜ਼ੀ-ਰੋਟੀ ਦਾ ਸੰਕਟ ਤਾਂ ਕੀ ਹੋਣਾ ਹੈ ਬਲਕਿ ਉਨ੍ਹਾਂ ਨੂੰ ਤਾਂ ਖਿਡਾਉਣ ਲਈ ਅਤੇ ਉਨ੍ਹਾਂ ਦੇ ਹਰ ਕੰਮ ਕਰਨ ਲਈ ਤਾਂ ਇਹੀ ਗਰੀਬ ਬਾਲ-ਮਜ਼ਦੂਰ ਹਨ। ਜੇਕਰ ਮਜ਼ਦੂਰੀ ਕਰਦੇ ਦੇਖੇ ਜਾਂਦੇ ਹਨ ਤਾਂ ਸਿਰਫ ਤੇ ਸਿਰਫ ਗਰੀਬਾਂ ਦੇ

ਬੱਚੇ ਜਿੰਨਾਂ ਕੋਲ ਆਪਣੇ ਪੇਟ ਨੂੰ ਝੁਲਕਾ ਦੇਣ ਦਾ ਹੋਰ ਕੋਈ ਚਾਰਾ ਨਹੀਂ ਹੈ। ਬਾਲ-ਮਜ਼ਦੂਰ ਵਿਰੋਧੀ ਕਾਨੂੰਨ, ਇਸ ਮੁਥਾਜਗੀ ਨੂੰ ਦੂਰ ਕਰਨਾ ਤਾਂ ਦੂਰ, ਬਲਕਿ ਉਸ ਵੱਲ ਤੱਕਦਾ ਵੀ ਨਹੀਂ। ਇਸ ਦੇ ਉਲਟ ਇਹ ਕਾਨੂੰਨ ਗਰੀਬ ਬਾਲਾਂ ਦੇ ਜੀਵਨ ਜਿਉਣ ਦੇ ਮੁਢਲੇ ਅਧਿਕਾਰ ਨੂੰ ਜ਼ਾਲਮਾਨਾ ਢੰਗ ਨਾਲ ਕੁਚਲਣ ਦਾ ਇੱਕ ਕਰੂਰ ਸੰਦ ਬਣ ਜਾਂਦਾ ਹੈ ਕਿਉਂਕਿ ਉਹ ਬਾਲਾਂ ਹੱਥੋਂ ਥੋੜੀ-ਬਹੁਤੀ ਮਜ਼ਦੂਰੀ ਕਰਕੇ ਰੁੱਖੀ-ਮਿੱਸੀ ਖਾ ਸਕਣ ਦਾ ਅਧਿਕਾਰ ਵੀ ਖੋਹ ਲੈਂਦਾ ਹੈ। ਮੁਕਦੀ ਗੱਲ, ਬਾਲ-ਮਜ਼ਦੂਰੀ ਵਿਰੋਧੀ ਕਾਨੂੰਨ ਹਕੂਮਤਾਂ ਵੱਲੋਂ ਬਾਲਾਂ ਨਾਲ ਹੇਜ ਕਰਨ ਦੇ ਇੱਕ ਧੋਖੇ, ਇੱਕ ਛਲਾਵੇ ਤੋਂ ਵੱਧ ਕੁੱਝ ਨਹੀਂ ਹੈ। ਇਹ ਕਾਨੂੰਨ ਬਾਲ-ਮਜ਼ਦੂਰਾਂ ਦੀ ਦਸ਼ਾ ਅਤੇ ਦਿਸ਼ਾ ਨਹੀਂ ਬਦਲ ਸਕਦਾ।

ਸੋ ਸਾਡੇ ਦੇਸ਼ ਵਿੱਚ ਬਾਲਾਂ ਦੀ ਹਾਲਤ ਬਹੁਤ ਹੀ ਜਿਆਦਾ ਦਰਦਨਾਕ ਬਣੀ ਹੋਈ ਹੈ। ਸਾਡੇ ਦੇਸ਼ ਦੀ ਵੱਡੀ ਗਿਣਤੀ ਬਾਲ-ਮਜ਼ਦੂਰੀ,ਘਰ-ਬਾਰ ਤੋਂ ਵਾਂਝੇ,ਅਨਾਥਪੁਣਾ, ਕੁਪੋਸ਼ਣ ਦਾ ਸ਼ਿਕਾਰ ਹੈ, ਉਚੇਰੀ ਸਿੱਖਿਆ ਤੋਂ ਵਾਂਝੀ ਹੈ ਅਤੇ ਵਾਂਝੀ ਹੀ ਰਹੇਗੀ।

ਬਾਲਾਂ ਦੀ ਉਪਰੋਕਤ ਹਾਲਤ ਦਾ ਕਾਰਨ ਸਿਰਫ ਤੇ ਸਿਰਫ ਉਨ੍ਹਾਂ ਦਾ ਅਤੇ ਉਨ੍ਹਾਂ ਦੇ ਮਾਂਪਿਆਂ ਦਾ ਸਾਧਨ-ਵਿਹੂਣੇ ਹੋਣਾ ਹੈ। ਇੱਕ ਪਾਸੇ ਅਮੀਰ ਤਬਕਾ ਹਰ ਕਿਸਮ ਦੀਆਂ ਸਹੂਲਤਾਂ ਦਾ ਆਨੰਦ ਮਾਣ ਰਿਹਾ ਹੈ, ਦੂਸਰੇ ਪਾਸੇ ਗਰੀਬ ਧਿਰ ਦੇ ਬਾਲ ਉਪਰੋਕਤ ਦਰਦਨਾਕ ਹਾਲਤਾਂ 'ਚ ਰਹਿ ਰਹੇ ਹਨ। ਇਸ ਦੀ ਇੱਕ ਠੋਸ ਮਿਸਾਲ ਹੈ ਕਿ ਜਿੱਥੇ ਬਾਲਾਂ ਦੀ ਬਹੁ-ਗਿਣਤੀ ਕੁਪੋਸ਼ਣ (ਘੱਟ ਅਤੇ ਗੈਰ-ਮਿਆਰੀ ਖੁਰਾਕ) ਦਾ ਸ਼ਿਕਾਰ ਹੈ ਉੱਥੇ ਅਮੀਰਾਂ ਦੇ ਬੱਚੇ ਦੂਸਰੀ ਕਿਸਮ ਦੇ ਕੁਪੋਸ਼ਣ ਭਾਵ ਵੱਧ ਖਾਣ ਦਾ ਸ਼ਿਕਾਰ ਹੋ ਰਹੇ ਹਨ। ਇਹ ਇੱਕੋ ਮਿਸਾਲ ਹੀ ਸਾਬਤ ਕਰ ਦਿੰਦੀ ਹੈ ਜਿੰਨੀ ਦੇਰ ਤੱਕ ਇਹ ਅਮੀਰੀ ਅਤੇ ਗਰੀਬੀ ਵਾਲੀਆਂ ਦੋ ਵਿਰੋਧੀ ਹਾਲਤਾਂ ਬਣੀਆਂ ਰਹਿਣਗੀਆਂ ਉਨ੍ਹਾਂ ਚਿਰ ਗਰੀਬ ਧਿਰ ਦੇ ਬੱਚਿਆਂ ਦੀਆਂ ਉਪਰੋਕਤ ਬਿਆਨ ਕੀਤੀਆਂ ਹਾਲਤਾਂ ਹੀ ਬਣੀਆਂ ਰਹਿਣੀਆਂ ਹਨ। ਇਨ੍ਹਾਂ ਹਾਲਤਾਂ ਦਾ ਬਾਲ-ਮਨਾਂ 'ਤੇ ਕਿਹੋ ਜਿਹਾ ਅਸਰ ਪੈਂਦਾ ਹੈ, ਇਸ ਗੱਲ ਨੂੰ ਸਪੱਸ਼ਟ ਕਰਦੀ ਤਹਿਲਕਾ 14 ਜੁਲਾਈ 2012 'ਚ ਇੱਕ ਰਿਪੋਰਟ ਛਪੀ ਹੈ।ਉਹ ਇਉਂ ਹੈ ਕਿ ਇੱਕ ਬੱਚੇ ਸੰਜੇ ਦਾ ਇੱਕ ਭਰਾ ਹਕੂਮਤ ਵੱਲੋਂ ਪਾਬੰਦੀ-ਵਾਲੀ ਜਥੇਬੰਦੀ 'ਚ ਕੰਮ ਕਰਦਾ ਮਾਰਿਆ ਗਿਆ।ਪਰ ਸੰਜੇ ਨੇ ਫਿਰ ਹਥਿਆਰ ਉਠਾ ਲਏ ਹਨ।ਉਸਨੇ ਕਿਹਾ ਹੈ,"ਕੰਗਾਲੀ ਵਾਲੀ ਜ਼ਿੰਦਗੀ ਜਿਉਣ ਨਾਲੋਂ ਬਾਗੀ ਬਣ ਜਾਣਾ ਹੀ ਚੰਗਾ ਹੈ।"

ਨਿਚੋੜ: ਉਪਰੋਕਤ ਸਾਰੀ ਚਰਚਾ ਦਾ ਸਿੱਟਾ ਇਹ ਹੈ ਕਿ ਹਕੂਮਤਾਂ ਵੱਲੋਂ ਮਨਾਇਆ ਜਾਂਦਾ ਬਾਲ-ਦਿਵਸ ਇੱਕ ਫਰਾਡ ਹੈ, ਲੋਕਾਂ ਨੂੰ ਧੋਖੇ 'ਚ ਰੱਖਣ ਦਾ ਇੱਕ ਸਾਧਨ-ਮਾਤਰ ਹੈ। ਇਸ ਲਈ ਲੋਕਾਂ ਨੂੰ ਇਹ ਬਾਲ-ਦਿਵਸ ਨੂੰ ਸਹੀ ਅਰਥਾਂ 'ਚ ਮਨਾਉਣ ਦੀ ਭਾਵਨਾ ਨੂੰ ਕਾਇਮ ਰੱਖਦਿਆਂ ਉਪਰੋਕਤ ਬਿਆਨੀਆਂ ਦਰਦਨਾਕ ਅਤੇ ਦੋ ਵਿਰੋਧੀ ਜੀਵਨ-ਹਾਲਤਾਂ ਨੂੰ ਖਤਮ ਕਰਕੇ ਸਮਾਜਕ ਬਰਾਬਰੀ ਲਿਆਉਣ ਲਈ ਉੱਦਮ ਕੀਤੇ ਜਾਣਾ ਹੀ ਸਹੀ ਤੌਰ 'ਤੇ ਬਾਲ-ਦਿਵਸ ਦੀ ਭਾਵਨਾ ਨੂੰ ਕਾਇਮ ਰੱਖਣਾ ਹੈ।

98769-53561

ਪੁਸਤਕ ਪ੍ਰਾਪਤੀ

ਭੂਤ ਆਇਆ

ਲੇਖਕ: ਚਿਤਰਾ ਹਾਈਕ ਅਨੁਵਾਦਕ: ਡਾ. ਬਲਦੇਵ ਸਿਘ ਬੱਦਨ

ਪ੍ਰਕਾਸ਼ਕ : ਨੈਸ਼ਨਲ ਬੁੱਕ ਟਰੱਸਟ, ਇੰਡੀਆ ਨਵੀਂ ਦਿਲੀ

ਸਫੇ : 15, ਕੀਮਤ : 10 ਰੁਪਏ ISBN 81-237-4151-2

ਇਸ ਪੁਸਤਕ ਦਾ ਮੁਹਾਂਦਰਾ ਹਿੰਦੀ ਦੀਆਂ ਕਾਮਿਕਸ ਨਾਲ ਮਿਲਦਾ ਹੈ, ਪਰ ਇਸ ਕਥਾ ਦਾ ਉਸਾਰੂ ਤੇ ਸੇਧ ਦੇਣ ਵਾਲਾ ਵਿਸ਼ਾ ਇਸ ਨੂੰ ਹਿੰਦੀ ਕਾਮਿਕਸ ਤੋਂ ਵੱਖ ਕਰਦਾ ਹੈ। ਇਸ ਲਘੂ ਕਥਾ ਦੀ ਸਿਰਜਣਾ ਬੱਚਿਆਂ ਨੂੰ ਭੂਤ ਦੇ ਡਰ ਤੋਂ ਮੁਕਤ ਕਰਨ ਦੇ ਆਸ਼ੇ ਹਿਤ ਹੋਈ ਹੈ। ਅਤਿਅੰਤ ਹੀ ਰੌਚਕ ਅਤੇ ਦਿਲਚਸਪ ਕਹਾਣੀ ਰਾਹੀਂ ਬੱਚਿਆਂ ਨੂੰ ਭੂਤ ਨਾਂ ਦੀ ਕੋਈ ਸ਼ੈਅ ਨਾ ਹੋਣ ਬਾਰੇ ਵਿਗਿਆਨਕ ਜਾਣਕਾਰੀ ਦਿੱਤੀ ਗਈ ਹੈ।

ਭੋਜਨ ਅਤੇ ਸਾਡਾ ਸਰੀਰ

ਲੇਖਕ: ਰੇਨੂ ਚੌਹਾਨ, ਅਨੁਵਾਦਕ : ਜਸਵੰਤ ਸਿੰਘ ਅਜੀਤ

ਸਫੇ : 52, ਕੀਮਤ : 11 ਰੁਪਏ, ISBN-81-237-1589-X

ਸੰਤੁਲਿਤ ਭੋਜਨ ਕੀ ਹੈ? ਪ੍ਰੋਟੀਨ, ਵਿਟਾਮਿਨ, ਖਣਿਜ ਆਦਿ ਦੀ ਕਿੰਨੀ ਮਾਤਰਾ ਭੋਜਨ ਵਿੱਚ ਜ਼ਰੂਰੀ ਹੈ। ਇਹ ਤੱਤ ਸਸਤੇ ਵਿੱਚ ਕਿਵੇਂ ਪ੍ਰਾਪਤ ਕੀਤੇ ਜਾ ਸਕਦੇ ਹਨ। ਇਸ ਸਮੁੱਚੀ ਜਾਣਕਾਰੀ ਦੇ ਨਾਲ ਨਾਲ ਇਸ ਪੁਸਤਕ ਵਿੱਚ ਕੁੱਝ ਪੌਸ਼ਟਿਕ ਭੋਜਨ ਬਣਾਉਣ ਦੀਆਂ ਵਿਧੀਆਂ ਅਤੇ ਸੰਤੁਲਿਤ ਖੁਰਾਕ ਨਾਲ ਸੰਬੰਧਤ ਮਨੋਰੰਜਨ ਖੇਲ ਵੀ ਹਨ।

ਪੇਸ਼ : ਅਮਰਜੀਤ ਨੰਗਲ

ਮੇਰਾ ਸਫ਼ਰ

ਨਿੰਦਰ ਮਾਈ ਦਿੱਤਾ



ਮੇਰਾ ਪਿਛੋਕੜ ਵੀ ਲਾਈਲੱਗਤਾ ਭਰਪੂਰ ਅੰਧ-ਵਿਸ਼ਵਾਸੀ ਮਾਨਸਿਕਤਾ ਵਾਲਾ ਸੀ। ਸਾਡੇ ਘਰ ਦੇ ਹਰ ਉਹ ਕੰਮ ਕਰਦੇ ਸਨ, ਜਿਹੜੇ ਅੰਨ੍ਹੀ ਸ਼ਰਧਾ ਵਿੱਚ ਫਸ ਕੇ ਕੀਤੇ ਜਾਂਦੇ ਹਨ। ਮੇਰੇ ਮਾਤਾ-ਪਿਤਾ ਬਾਬਾ ਬਾਲਕ ਨਾਥ ਜੀ ਦੇ ਭਗਤ ਹਨ ਤੇ ਉਹ ਦੱਸਦੇ ਹਨ ਕਿ ਜਦੋਂ ਤੂੰ ਜਨਮਿਆ ਸੀ, ਤੇਰੇ ਸਿਰ ਤੇ ਜਟਾਵਾਂ ਸਨ। ਉਹਨਾਂ ਨੂੰ ਇਹ ਭਰਮ ਸੀ ਕਿ ਮੇਰੇ ਸਿਰ ਤੇ ਜਟਾਵਾਂ ਬਾਬਾ ਜੀ ਦੀ ਮਿਹਰਬਾਨੀ ਨਾਲ ਬਣੀਆਂ ਹਨ ਤੇ ਮੈਂ ਹੁਣ ਅੱਜ ਵੀ ਉਹਨਾਂ ਨੂੰ ਪੁੱਛਦਾ ਹੁੰਨਾ ਕਿ ਬਾਬਾ ਜੀ ਨੂੰ ਤਨ ਦੇ ਕੱਪੜੇ ਕਿਉਂ ਨਹੀਂ ਜੁੜੇ, ਸਿਵਾਏ ਲੰਗੋਟ ਦੇ। ਤੇ ਉਹ ਨਿਰਉੱਤਰ ਹੋ ਜਾਂਦੇ ਹਨ। ਮੇਰੇ ਘਰਦਿਆਂ ਦਾ ਝੁਕਾਅ ਇਸ ਪਾਸੇ ਹੋਣ ਕਰਕੇ ਮੇਰਾ ਵੀ ਉਧਰ ਨੂੰ ਹੋਣਾ ਲਾਜ਼ਮੀ ਸੀ ਕਿਉਂਕਿ ਜਿਸ ਤਰ੍ਹਾਂ ਬੱਚੇ ਨੂੰ ਗਾਈਡ ਕੀਤਾ ਜਾਂਦਾ ਹੈ, ਜਿਸ ਤਰੀਕੇ ਨਾਲ ਬੱਚੇ ਦਾ ਪਾਲਣ ਪੋਸ਼ਣ ਕੀਤਾ ਜਾਂਦਾ ਹੈ, ਉਸ ਕਿਸਮ ਦਾ ਪ੍ਰਭਾਵ ਕਾਫੀ ਹੱਦ ਤੱਕ ਬੱਚੇ ਤੇ ਪੈਂਦਾ ਹੈ ਤੇ ਉਸੇ ਕਿਸਮ ਦੀ ਉਸਦੀ ਮਾਨਸਿਕਤਾ ਬਣ ਜਾਂਦੀ ਹੈ। ਉਸੇ ਪ੍ਰਭਾਵ ਸਦਕਾ ਮੈਂ ਸਵੇਰੇ ਉੱਠ ਕੇ ਗੁਰਦੁਆਰੇ ਜਾਣਾ, ਮੱਥਾ ਟੇਕਣਾ, ਸਫਾਈ ਕਰਨੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਜਪੁਜੀ ਸਾਹਿਬ ਤੇ ਰਹਿਰਾਸਿ ਸਾਹਿਬ ਦਾ ਜਾਪ ਕਰਨਾ ਆਦਿ ਮੇਰੀ ਜ਼ਿੰਦਗੀ ਦਾ ਹਿੱਸਾ ਸੀ। ਪ੍ਰਭਾਤ ਫੇਰੀਆਂ ਕੱਢਣੀਆਂ, ਬਾਬੇ ਦੀ ਚੌਂਕੀ ਲਾਉਣੀ ਤੇ ਬਾਹਰ ਇਲਾਕੇ ਵਿੱਚ ਭਜਨ ਗਾਉਣ ਵਾਸਤੇ ਅਸੀਂ ਇੱਕ ਭਜਨ ਮੰਡਲੀ ਵੀ ਬਣਾਈ ਸੀ। ਉਸ ਸਮੇਂ ਢੋਲਕੀਆਂ, ਛੈਣੇ ਖੜਕਾਉਂਦੇ, ਸਿਰ ਘੁਮਾਉਂਦੇ, ਕੰਜਕਾਂ ਖੇਡਣੀਆਂ, ਪਿੰਡਾਂ ਵਿੱਚ ਜਿੱਥੇ ਵੀ ਚੌਂਕੀ ਲਾਉਣ ਜਾਣਾ ਉਥੋਂ ਦੇ ਬਾਬੇ, ਚੇਲਿਆਂ ਦੀਆਂ ਸ਼ਰਾਰਤਾਂ, ਹੇਰਾਫੇਰੀਆਂ ਤੋਂ ਮੈਂ ਕਾਫੀ ਜਾਣੂ ਹੋਇਆਂ ਤੇ ਫਿਰ ਮੇਰੀ ਜ਼ਿੰਦਗੀ ਵਿੱਚ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਕਿ ਮੇਰੀ ਜ਼ਿੰਦਗੀ ਦਾ ਰੁਖ ਬਦਲ ਗਿਆ। ਇਕ ਵਾਰ ਮੈਂ ਬਾਬਾ ਬਾਲਕ ਨਾਥ ਦੇ ਡੇਰੇ ਤੇ ਗਿਆ ਹੋਇਆ ਸੀ, ਉਥੇ ਇਕ ਔਰਤ ਦੇ ਗੁਫਾ ਤੇ ਜਾਣ ਤੇ ਮਨਾਹੀ ਹੈ ਤੇ ਜਾਣ ਵੀ ਨਹੀਂ ਦਿੱਤਾ ਜਾਂਦਾ ਤੇ ਕਿਹਾ ਜਾਂਦਾ ਹੈ ਕਿ ਬਾਬਾ ਜੀ ਔਰਤਾਂ ਤੋਂ ਦੂਰ ਰਹਿੰਦੇ ਹਨ। ਜੇਕਰ ਕੋਈ ਔਰਤ ਉੱਪਰ ਚਲੀ ਜਾਵੇ ਤਾਂ ਬਾਬਾ ਜੀ ਹੇਠਾਂ ਸੁੱਟ ਦਿੰਦੇ ਹਨ ਤੇ ਫਿਰ ਵੀ ਔਰਤਾਂ ਬਾਬੇ ਦੇ ਦਰਸ਼ਨਾਂ ਨੂੰ ਕਰ ਜਾਂਦੀਆਂ ਹਨ। ਮੈਂ ਉੱਪਰ ਮੱਥਾ ਟੇਕਣ ਨੂੰ ਪੌੜੀਆਂ ਤੇ ਖੜ੍ਹਾ ਸੀ ਕਿ ਇੱਕ ਔਰਤ ਨੂੰ ਹੇਠਾਂ ਲਿਆਂਦਾ ਜਾ ਰਿਹਾ ਸੀ। ਕਿਉਂਕਿ ਉਹ ਔਰਤ ਉੱਪਰ ਚਲੀ ਗਈ ਸੀ। ਫਿਰ ਮੇਰਾ ਦਿਮਾਗ ਸੁਚੇਤ ਹੋ ਗਿਆ ਕਿ ਬਾਬਾ ਜੀ ਨੇ ਔਰਤ ਨੂੰ ਹੇਠਾ ਤਾਂ ਸੁੱਟਿਆ ਨਹੀਂ। ਬਾਬੇ ਦੇ ਸ਼ਰਧਾਲੂ ਉਸ ਔਰਤ ਨੂੰ ਹੇਠਾ ਲਿਆ ਰਹੇ ਸਨ। **ਦੂਸਰੀ ਘਟਨਾ :** ਸਾਡੇ ਬਾਹਰ ਵਾਲੇ ਪਸ਼ੂਆਂ ਦੇ ਵਾੜੇ ਦੇ ਸਾਹਮਣੇ ਇਕ ਸਿਉਂਕ ਵੱਲੋਂ ਬਰਮੀ ਬਣਾਈ ਹੋਈ ਸੀ। ਇੱਕ ਦਿਨ ਕਿਸੇ ਨੇ ਉਸ ਬਰਮੀ ਵਿੱਚ ਸੱਪ ਵੜਦਾ ਦੇਖ ਲਿਆ ਤੇ ਫਿਰ ਉਸ ਦਿਨ ਤੋਂ ਉਸ ਬਰਮੀ ਦੀ ਪੂਜਾ ਸ਼ੁਰੂ ਹੋ ਗਈ। ਲੋਕਾਂ ਨੇ ਉਸ ਬਰਮੀ ਤੇ ਟੁੱਟਿਆਂ ਠੀਕਰਾ ਰੱਖ ਕੇ ਦੁੱਧ ਪਾ ਜਾਣਾ। ਦੁੱਧ ਪਾਇਆ ਤਾਂ ਸੱਪ ਵਾਸਤੇ ਜਾਂਦਾ ਸੀ ਪਰ ਪੀ ਕੁੱਤੇ ਜਾਂਦੇ ਸੀ। ਸਾਡੇ ਵਾੜੇ ਦੇ ਨਜਦੀਕ ਹੋਣ ਕਾਰਨ ਮੈਂ ਵੇਖਿਆ ਕਿ ਜਿਸ ਦਿਨ ਦੁੱਧ ਪਾਇਆ ਜਾਂਦਾ ਸੀ, ਉਸ ਦਿਨ ਕੁੱਤਿਆਂ ਦੀ ਆਵਾਜਾਈ ਵੱਧ ਜਾਂਦੀ ਸੀ। ਬਰਮੀ ਦੇ ਨਾਲ ਖੇਤਾਂ ਨੂੰ ਪਾਣੀ ਲਾਉਣ ਲਈ ਆੜ ਬਣਾਈ ਹੋਈ ਸੀ। ਜਦੋਂ ਕੁੱਤੇ ਇਕੱਠੇ ਹੁੰਦੇ ਸਨ ਤਾਂ ਆੜ ਦੀ ਭੰਨ-ਤੋੜ ਕਰ ਦਿੰਦੇ ਸਨ। ਕਈ ਵਾਰ ਤਾਂ ਪਾਣੀ ਆੜ ਵਿੱਚੋਂ ਟੁੱਟ ਕੇ ਕਿਸੇ ਹੋਰ ਦੇ ਖੇਤ ਵਿੱਚ ਜਾਣ ਲੱਗ ਜਾਂਦਾ ਸੀ। ਇਹ ਸਾਰੀ ਕਾਰਵਾਈ ਕਰਕੇ ਖੇਤ ਵਾਲਾ ਵੀ ਪਰੇਸ਼ਾਨ ਸੀ। ਇੱਕ ਦਿਨ ਕੀ ਹੋਇਆ ਕਿ ਮੈਂ ਦੇਖਿਆ ਕਿ ਕੁੱਤਾ ਦੁੱਧ ਪੀ ਕੇ ਬਾਅਦ ਵਿੱਚ ਉਸ ਬਰਮੀ ਤੇ ਪਿਸ਼ਾਬ ਕਰ ਗਿਆ। ਮੈਂ ਸੋਚਿਆ ਕਿ ਕੁੱਤਾ ਤਾਂ ਹੁਣ ਗਿਆ। ਮੈਂ ਕਈ ਦਿਨ ਕੁਤਾ ਦੇਖਦਾ ਰਿਹਾ ਪਰ ਕੁੱਤਾ ਨਾ ਮਰਿਆ। ਉਹ ਹੋਰ ਤਕੜਾ ਹੋ ਗਿਆ, ਦੁੱਧ ਪੀ-ਪੀ ਕੇ। ਇਸ ਘਟਨਾ ਨਾਲ ਮੇਰੀ ਪਿਛਲੀ ਬਣੀ ਧਾਰਨਾ ਚਕਨਾਚੂਰ ਹੋ ਗਈ ਤੇ ਮੈਂ ਉਸ ਬਰਮੀ ਨੂੰ ਉਥੋਂ ਚੁੱਕਣ ਦਾ ਮਨ ਬਣਾ ਲਿਆ। ਜਦੋਂ ਮੈਂ ਪੂਰੀ ਤਿਆਰੀ ਵਿੱਚ ਸਵੇਰੇ ਤੜਕੇ ਉੱਥੇ ਪਹੁੰਚਿਆ ਤਾਂ ਕੀ ਦੇਖਿਆ ਕਿ ਬਰਮੀ ਦਾ ਉੱਥੇ ਥੋੜ੍ਹਾ ਮਲਬਾ

ਬਾਕੀ ਪੰਨਾ 27 ਤੇ

ਮਨੁੱਖੀ ਸਖਸ਼ੀਅਤ ਦਾ ਸੱਚ : 6

ਮਨੁੱਖੀ ਸਖਸ਼ੀਅਤ ਦੇ ਗੁਣਾਂ ਦਾ ਸ਼ਿਖ਼ਰ : ਜਵਾਨੀ



ਡਾ. ਸ਼ਿਆਮ ਸੁੰਦਰ ਦੀਪਤੀ

ਬਾਲਪਨ, ਬਚਪਨ, ਕਿਸ਼ੋਰ ਅਵਸਥਾ ਤੇ ਫਿਰ ਜਵਾਨੀ। ਹਰ ਪੜਾਅ ਤੇ ਬੱਚੇ ਦੀ ਸਖਸ਼ੀਅਤ ਵਿੱਚ ਕੁਝ ਨਾ ਕੁੱਝ ਨਵਾਂ ਜੁੜ ਰਿਹਾ ਹੁੰਦਾ ਹੈ। ਕੁਝ ਨਾ ਕੁਝ ਉਸ ਦੀ ਸਖਸ਼ੀਅਤ ਦਾ ਕੱਚਾਪਣ ਪਕੇਰਾ ਹੋ ਰਿਹਾ ਹੁੰਦਾ ਹੈ। ਬੱਚਾ ਚਾਹੇ ਪਹਿਲੇ ਦਿਨ, ਜਦੋਂ ਇਸ ਦੁਨੀਆਂ ਵਿੱਚ ਆਉਂਦਾ ਹੈ, ਬੋਲ ਵੀ ਨਹੀਂ ਰਿਹਾ ਹੁੰਦਾ, ਉਦੋਂ ਵੀ ਉਹ ਕਈ ਕੁਝ ਮਹਿਸੂਸ ਕਰਦਾ ਹੈ। ਕਿਸ਼ੋਰ ਅਵਸਥਾ ਤਾਂ ਹੈ ਹੀ ਤਬਦੀਲੀਆਂ ਦਾ ਸਮਾਂ। ਦਸ ਸਾਲ ਦੀ ਉਮਰ ਤੋਂ ਸ਼ੁਰੂ ਹੋਈਆਂ ਇਹ ਤਬਦੀਲੀਆਂ ਉੱਨੀ ਸਾਲ ਤੱਕ ਆਪਣੇ ਸਿਖਰ ਤੇ ਪਹੁੰਚਦੀਆਂ ਹਨ ਤੇ ਫਿਰ ਅਸੀਂ ਇਕ ਨੌਜਵਾਨ ਨੂੰ ਉਨ੍ਹਾਂ ਗੁਣਾਂ ਵਿੱਚ ਮੁਕੰਮਲ ਪਾਉਂਦੇ ਹਾਂ। ਉਹ ਸਿਖਰ ਕੀ ਹੈ - ਸਮਝਦੇ ਹਾਂ ਇਸ ਲੇਖ ਰਾਹੀਂ।

ਜਵਾਨੀ ਕਿਹੋ ਜਿਹਾ ਅਹਿਸਾਸ ਹੈ? ਇਸ ਨੂੰ ਸਮਝਾਉਣਾ ਜਿੰਨ੍ਹਾਂ ਅਸਾਨ ਹੈ, ਉਨ੍ਹਾਂ ਹੀ ਇਹ ਅਜੀਬ ਵੀ ਹੈ। ਇਸਦੇ ਕਿੰਨੇ ਹੀ ਰੂਪ ਨੇ। ਦਿਲ ਖਿੱਚਵੇਂ ਵੀ, ਭਟਕਾਊ ਵੀ।

ਇਕ ਪਾਸੇ ਇਹ ਮਨੁੱਖੀ ਜ਼ਿੰਦਗੀ ਦਾ ਸਭ ਤੋਂ ਮਹੱਤਵਪੂਰਨ ਪੜਾਅ ਹੈ। ਕਦੇ ਨਾ ਭੁੱਲਣ ਵਾਲਾ। ਉਹ ਸਮਾਂ ਜਦੋਂ ਮਨੁੱਖ ਦੀਆਂ ਸਾਰੀਆਂ ਸ਼ਕਤੀਆਂ ਆਪਣੇ ਸਿਖਰ ਤੇ ਹੁੰਦੀਆਂ ਹਨ। ਸਮਰੱਥਾ, ਕਲਪਨਾ, ਸੁਪਨੇ, ਕੰਮ ਕਰਨ ਦੀ ਤਾਕਤ, ਕੁਝ ਕਰਨ ਦੀ ਲਾਲਸਾ, ਕੁਝ ਹਾਸਿਲ ਕਰਨ ਦੀ ਚਾਹ, ਵਿਅਕਤੀ ਦੇ ਅੰਦਰ ਲਬਾਲਬ ਭਰੀ ਹੁੰਦੀ ਹੈ। ਜੇਕਰ ਅਸੀਂ ਇਤਿਹਾਸ ਤੇ ਝਾਤੀ ਮਾਰੀਏ ਤਾਂ ਇਹ ਉਹ ਸਮਾਂ ਹੈ, ਜਿਸ ਨੇ ਮਨੁੱਖੀ ਵਿਕਾਸ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ ਹੈ। ਇਸ ਪਿੱਛੇ ਕਾਰਜਸ਼ੀਲ ਗੁਣ ਹੈ ਨੌਜਵਾਨੀ ਦੀ ਉਮਰ ਦੀ ਨਵੀਂ ਸੋਚ ਅਤੇ ਤਜਰਬੇ ਕਰਨ ਦਾ ਚਾਹ। ਇਹ ਦੋਹੇਂ ਪ੍ਰਮੁੱਖ ਗੁਣ ਹਨ, ਇਸ ਉਮਰ ਦੇ। ਇਹ ਗੁਣ ਕਿਸੇ ਵਿਅਕਤੀ ਵਿਸ਼ੇਸ, ਕਿਸੇ ਦੇਸ਼, ਕੌਮ ਜਾਂ ਸਭਿਆਚਾਰ ਦੇ ਰਾਖਵੇਂ ਨਹੀਂ ਹਨ। ਇਹ ਗੁਣ ਸਭਨਾਂ ਵਿਚ ਹੁੰਦੇ ਹਨ। ਇਹ ਗੁਣ ਕੁਦਰਤੀ ਨੇ।

ਜਵਾਨੀ ਤੋਂ, ਇਕ ਪਰਿਵਾਰ, ਅਧਿਆਪਕ ਜਾਂ ਸਮਾਜ ਦੇ ਹੋਰ ਪ੍ਰੋੜ ਵਿਅਕਤੀ, ਕਿਸ ਤਰ੍ਹਾਂ ਦੀ ਆਸ ਰੱਖਦੇ ਹਨ। ਸਭ ਚਾਹੁੰਦੇ ਨੇ ਕਿ ਹੁਣ ਉਹ ਆਪਣੇ ਪੈਰਾਂ ਤੇ ਖੜ੍ਹਾ ਹੋਵੇ। ਹੁਣ ਉਹ ਜਿੰਮੇਵਾਰੀ ਦਾ ਸਬੂਤ ਦੇਵੇ। ਘਰ ਪਰਿਵਾਰ ਦਾ ਬੋਝ ਵੰਡਾਵੇ। ਸਮਾਜ ਵਿੱਚ ਇਕ ਵਧੀਆ ਨਾਗਰਿਕ ਬਣਕੇ, ਸਮਾਜ ਦੇ ਵਿਕਾਸ ਵਿੱਚ ਆਪਣਾ ਬਣਦਾ ਯੋਗਦਾਨ ਪਾਵੇ।

ਅੱਜ ਸਾਡੇ ਸਾਹਮਣੇ ਜੋ ਤਸਵੀਰ ਉਭਰਦੀ ਹੈ ਜਾਂ ਉਭਾਰੀ ਜਾਂਦੀ ਹੈ, ਉਹ ਹੈ ਕਿ ਅੱਜ ਦਾ ਨੌਜਵਾਨ ਮੇਹਨਤ ਤੋਂ ਕਤਰਾਉਂਦਾ ਹੈ, ਹੱਥੀ ਕੰਮ ਨਹੀਂ ਕਰਦਾ, ਰਾਤੋਂ ਰਾਤ ਅਮੀਰ ਬਣਨਾ ਚਾਹੁੰਦਾ ਹੈ। ਅੱਜ ਦੇ ਨੌਜਵਾਨ ਵਿੱਚ ਅਨੁਸ਼ਾਸਨ ਨਹੀਂ ਹੈ। ਵੱਡਿਆਂ ਦੀ ਇੱਜਤ ਨਹੀਂ ਕਰਦੇ। ਇਸ ਤੋਂ ਅੱਗੇ ਦਾ ਦ੍ਰਿਸ਼ ਉਭਰਦਾ ਹੈ ਕਿ ਇਹ ਫੈਸ਼ਨ ਪ੍ਰਸਤ, ਕੁੜੀਆਂ ਮਗਰ ਜਾਣ ਵਾਲੇ, ਸੈਕਸ ਪ੍ਰਤੀ ਖਿੱਚ ਰੱਖਣ ਵਾਲੇ ਤੇ ਨਸ਼ੇ ਵਿੱਚ ਕੈਦ ਹਨ। ਇਸ ਦੇ ਉਲਟ, ਨੌਜਵਾਨਾਂ ਦੀਆਂ ਭਾਵਨਾਵਾਂ ਨੂੰ ਸਮਝਕੇ, ਉਨ੍ਹਾਂ ਦੀਆਂ ਇਸ ਪੜਾਅ ਦੀਆਂ ਸਹਿਜ ਜਰੂਰਤਾਂ ਨੂੰ ਸਮਝੀਏ ਤਾਂ ਕਹਿ ਸਕਦੇ ਹਾਂ, ਉਹ ਆਪਣੀ ਵੱਖਰੀ ਪਛਾਣ ਬਣਾਉਣ ਦੇ ਇੱਛੁਕ ਹੁੰਦੇ ਹਨ, ਆਪਣੇ ਮਾਂ ਪਿਉ ਤੋਂ ਵੱਖਰੀ। ਉਹ ਇਕ ਸੁਤੰਤਰ ਹੋਂਦ ਨਾਲ ਰਹਿਣਾ ਚਾਹੁੰਦੇ ਨੇ, ਜਿੱਥੇ ਕਿਸੇ ਦੀ ਦਖਲਅੰਦਾਜੀ ਨਾ ਹੋਵੇ।

ਇਹ ਦੋਹੇਂ ਤਿੰਨੇ, ਆਪਸ ਵਿੱਚ ਵਿਰੋਧੀ ਦ੍ਰਿਸ਼ ਕਿਵੇਂ ਨੇ? ਜਾਂ ਕਿਤੇ ਸਾਡੀ ਸਮਝ ਵਿਚ ਕੋਈ ਪਾੜਾ ਹੈ?

ਜੇਕਰ ਇੱਕ ਨੂੰ ਸਹੀ ਕਹੀਏ ਤੇ ਦੂਸਰੇ ਨੂੰ ਭੁਲੇਖਾ-ਭੁਲਾਵਾਂ ਜਾਂ ਇੱਕ ਦੀ ਤਰਫਦਾਰੀ ਕਰੀਏ ਤੇ ਦੂਸਰੇ ਪੱਖ ਨੂੰ ਭੰਡੀਏ ਤਾਂ ਕਿਸੇ ਨਤੀਜੇ ਤੇ ਨਹੀਂ ਪਹੁੰਚ ਸਕਦੇ। ਜੇਕਰ ਸਿਰਫ਼, ਦ੍ਰਿਸ਼ਾਂ ਤਕ ਸੀਮਤ ਰਹੀਏ ਤਾਂ ਸਾਡੇ ਸਾਹਮਣੇ ਦੋਵੇਂ ਦ੍ਰਿਸ਼ ਹੀ ਮੌਜੂਦ ਹਨ। ਅਣਛੋਹੀਆਂ ਸਿਖਰਾਂ ਨੂੰ ਛੋਹ ਰਹੇ ਨੌਜਵਾਨਾਂ, ਨਵੇਂ ਦਿਸਹੱਦਿਆਂ ਨੂੰ ਤਲਾਸ਼ ਰਹੇ ਨੌਜਵਾਨ ਤੇ ਦੂਸਰੇ ਪਾਸੇ ਨਸ਼ਿਆਂ ਤੇ ਗੈਰ ਸਮਾਜਿਕ ਕੰਮਾਂ ਵਿੱਚ ਆਪਣੀ ਜਵਾਨੀ ਨੂੰ ਬਰਬਾਦ ਕਰ ਰਹੇ ਨੌਜਵਾਨ। ਇਸ ਸਮਝ ਦੇ ਮੱਦੇਨਜ਼ਰ ਕਿਸ ਨਾਲ ਖੜ੍ਹੀਏ? ਨੌਜਵਾਨਾਂ ਨਾਲ ਜਾਂ ਪ੍ਰੋੜ ਤੇ ਬਜ਼ੁਰਗਾਂ ਨਾਲ।

ਦ੍ਰਿਸ਼ ਸਮਝ ਨਹੀਂ ਹਨ। ਇਨ੍ਹਾਂ ਦ੍ਰਿਸ਼ਾਂ ਦੇ ਮੱਦੇਨਜ਼ਰ,

ਅਸਲ ਵਿੱਚ ਸਮਝ ਵਿਕਸਿਤ ਕਰਨ ਦੀ ਲੋੜ ਹੈ।

ਜਿੱਥੇ ਨੌਜਵਾਨ ਦੀ ਸਮਰੱਥਾ ਅਤੇ ਕਾਬਲੀਅਤ, ਉਸ ਦੇ ਕੁਦਰਤੀ ਗੁਣ ਹਨ, ਜਿੰਨ੍ਹਾਂ ਨੂੰ ਵਿਕਸਿਤ ਕਰਨ ਲਈ, ਸਹੀ ਮਾਹੌਲ ਦੇਣਾ, ਘਰ ਪਰਿਵਾਰ ਤੇ ਸਮਾਜ ਦਾ ਫਰਜ਼ ਹੈ, ਉਥੇ ਜੇਕਰ ਉਨ੍ਹਾਂ ਦੇ ਇਨ੍ਹਾਂ ਗੁਣਾਂ ਨੂੰ ਪਛਾਨਿਆ ਸਮਝਿਆ ਨਾ ਜਾਵੇ ਤਾਂ ਇਹੀ ਗੁਣ, ਦੂਸਰਾ ਦ੍ਰਿਸ਼ ਉਸਾਰਨ ਵਿੱਚ ਵੀ ਕਾਮਯਾਬ ਹੋ ਜਾਂਦੇ ਹਨ।

ਕਿਸ਼ੋਰ ਅਵਸਥਾ ਦੌਰਾਨ ਸ਼ੁਰੂ ਹੋਈਆਂ ਤਬਦੀਲੀਆਂ ਦਾ ਮੁਕੰਮਲ ਰੂਪ : ਅਸੀਂ ਜਾਣਿਆ ਹੈ ਕਿ ਕਿਸ਼ੋਰ ਅਵਸਥਾ ਦੌਰਾਨ ਸਰੀਰਕ, ਸੈਕਸ ਸਬੰਧੀ, ਬੌਧਿਕ, ਭਾਵਨਾਤਮਕ ਅਤੇ ਮਾਨਸਿਕ ਤਬਦੀਲੀਆਂ ਦੀ ਸ਼ੁਰੂਆਤ ਹੁੰਦੀ ਹੈ। ਇਹ ਪੜਾਅ ਜੋ ਦਸ ਸਾਲ ਦੀ ਉਮਰ ਤੋਂ ਸ਼ੁਰੂ ਹੁੰਦਾ ਹੈ ਤੇ ਉੱਨੀ ਸਾਲ ਤੱਕ ਮਿਥਿਆ ਗਿਆ ਹੈ, ਦੌਰਾਨ, ਉੱਨੀ ਸਾਲ ਤੇ ਪਹੁੰਚਦੇ-ਪਹੁੰਚਦੇ ਇਹ ਤਕਰੀਬਨ ਮੁਕੰਮਲ ਹੋ ਜਾਂਦੀਆਂ ਹਨ। ਕਿਸ਼ੋਰ ਅਵਸਥਾ ਤੇ ਵਧਣਾ ਸ਼ੁਰੂ ਹੋਇਆ ਕੱਦ, ਆਪਣੀ ਨਿਸ਼ਚਿਤ, ਉਸ ਬੱਚੇ ਦੇ ਮਾਹੌਲ ਮੁਤਾਬਿਕ ਬਣਦੀ ਸੀਮਾ ਤਕ ਪਹੁੰਚ ਜਾਂਦਾ ਹੈ। ਸੈਕਸ ਅੰਗਾਂ ਦਾ ਵਿਕਾਸ ਇਸ ਕਦਰ ਮੁਕੰਮਲ ਹੋ ਜਾਂਦਾ ਹੈ ਕਿ ਲੜਕਾ ਲੜਕੀ, ਪ੍ਰਜਨਣ ਕ੍ਰਿਆ ਰਾਹੀਂ, ਸੰਤਾਨ ਪੈਦਾ ਕਰਨ ਦੇ ਯੋਗ ਹੋ ਜਾਂਦੇ ਹਨ। ਬੌਧਿਕ ਵਿਕਾਸ ਦੇ ਪੱਖੋਂ, ਕਿਸ਼ੋਰ ਅਵਸਥਾ ਦੌਰਾਨ ਸ਼ੁਰੂ ਹੋਈ ਉਸ ਦੀ ਤਰਕਸ਼ੀਲ ਸੋਚ, ਅੱਛੇ ਬੁਰੇ ਦੀ ਪਛਾਣ ਕਰਨ ਦੀ ਸਮਝ, ਹਰ ਤਰ੍ਹਾਂ ਦੇ ਫੈਸਲੇ ਲੈਣ ਦਾ ਗੁਣ, ਇਸ ਵੇਲੇ ਪੂਰੇ ਸਿਖਰ ਤੇ ਹੁੰਦੇ ਹਨ। ਸਿਖਰ ਤੇ ਪਹੁੰਚੇ ਇਸ ਗੁਣ ਨੂੰ, ਅਸੀਂ ਇਸ ਸਮਝ ਨਾਲ ਮੇਚ ਕੇ ਦੇਖਦੇ ਹਾਂ ਕਿ ਸਮਾਜ ਵਿੱਚ, ਵਿਸ਼ੇਸ਼ ਕਰ ਲੋਕਤੰਤਰ ਵਿੱਚ, ਆਪਣੀ ਸਰਕਾਰ ਬਣਾਉਣ ਵੇਲੇ, ਨੁਮਾਇੰਦੇ ਦੀ ਚੋਣ ਲਈ, ਵੋਟ ਦਾ ਅਧਿਕਾਰ ਅਠਾਰਾਂ ਸਾਲ ਦੀ ਉਮਰ ਦੇ ਵਿਅਕਤੀ ਨੂੰ ਦਿੱਤਾ ਗਿਆ ਹੈ। ਇਹ ਕੋਈ ਭਾਵੁਕ ਤੇ ਨਿਰੋਲ ਰਾਜਨੀਤਕ ਫੈਸਲਾ ਨਹੀਂ ਹੈ। ਇਹ ਵਿਅਕਤੀ ਦੇ ਬੌਧਿਕ ਵਿਕਾਸ ਨਾਲ ਜੁੜਿਆ ਫੈਸਲਾ ਹੈ। ਇਹ ਫੈਸਲਾ, ਸਰੀਰ ਅਤੇ ਮਨੋਵਿਗਿਆਨ ਦੀਆਂ ਖੋਜਾਂ ਤੇ ਅਧਾਰਿਤ ਹੈ। ਵੋਟ ਦਾ ਅਧਿਕਾਰ ਦੇਣ ਵੇਲੇ,ਸਾਡੀ ਮੰਸ਼ਾ ਕੀ ਹੁੰਦੀ ਹੈ? ਮਤਲਬ ਇਹ ਕਿ ਇਸ ਅਧਿਕਾਰ ਦੇਣ ਪਿੱਛੇ ਇਹ ਭਾਵਨਾ ਲੁਕੀ ਹੈ ਕਿ ਇਸ ਉਮਰ ਤੇ ਵਿਅਕਤੀ ਚੰਗੇ ਬੁਰੇ ਉਮੀਦਵਾਰ ਨੂੰ ਪਛਾਣ ਕੇ ਚੁਣ ਸਕਣ ਦੇ ਕਾਬਿਲ ਹੈ। ਅਠਾਰਾਂ ਉੱਨੀ ਸਾਲ ਦੀ ਉਮਰ ਦਾ ਇਹ ਕੁਦਰਤੀ ਗੁਣ ਹੈ। ਅਸੀਂ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਦੇਖਦੇ ਹਾਂ ਕਿ ਬੱਚੇ ਕੋਈ ਵੀ ਕੰਮ ਕਰਨ ਵੇਲੇ, ਉਸ ਦੇ ਦੋ-ਤਿੰਨ ਪਹਿਲੂਆਂ ਤੇ ਵਿਚਾਰਦੇ ਹਨ ਤੇ ਫਿਰ ਫੈਸਲਾ ਲੈਂਦੇ ਹਨ, ਚਾਹੇ ਜੀਨ ਪੈਂਟ ਹੀ ਖਰੀਦਣੀ ਹੋਵੇ ਜਾਂ ਅਜਿਹਾ ਹੋਰ ਕੁੱਝ। ਇਸੇ ਤਰ੍ਹਾਂ ਕਿਸੇ ਵੀ ਵਾਹਨ ਨੂੰ ਚਲਾਉਣ ਲਈ, ਡਰਾਇਵਿੰਗ ਲਾਇਸੰਸ ਬਨਾਉਣ ਦੀ ਉਮਰ ਵੀ ਅਠਾਰਾਂ ਸਾਲ ਹੈ। ਡਰਾਇਵਿੰਗ ਲਈ ਸਭ ਤੋਂ ਮਹੱਤਵਪੂਰਨ ਕਿਸ ਗੁਣ ਦੀ ਲੋੜ ਹੈ? ਉਹ ਇਹ ਕਿ ਵਿਅਕਤੀ ਸੜਕ ਤੇ ਚਲਦਿਆਂ, ਇਹ ਫੈਸਲਾ ਕਰ ਸਕੇ ਕਿ ਸੜਕ ਅਤੇ ਵਾਹਨ ਵਿਚਕਾਰ ਫਾਸਲਾ ਕਿੰਨ੍ਹਾਂ ਹੈ ਤੇ ਕਿਸ ਗਤੀ ਨਾਲ ਅਗਲੇ ਵਾਹਨ ਤੋਂ ਅੱਗੇ ਲੰਘਿਆ ਜਾ ਸਕਦਾ ਹੈ। ਇਹ ਸੂਖਮ ਫੈਸਲਾ ਲੈਣ ਦਾ ਗੁਣ, ਜ਼ਿੰਦਗੀ ਤੇ ਮੌਤ ਨਾਲ ਜੁੜਿਆ ਹੈ। ਇਹ ਇਸ ਉਮਰ ਦਾ ਕੁਦਰਤੀ ਗੁਣ ਹੈ। ਇਸੇ ਤਰ੍ਹਾਂ ਹੀ ਤੀਸਰੇ ਪੱਖ ਨੂੰ ਲੈਂਦੇ ਹੋਏ, ਜਿਸ ਦਾ ਜਿਕਰ ਪਹਿਲਾਂ ਵੀ ਕੀਤਾ ਹੈ ਕਿ ਮਾਂ ਪਿਉ ਚਾਹੁੰਦੇ ਨੇ ਕਿ ਨੌਜਵਾਨ ਘਰ ਪਰਿਵਾਰ ਦੀ ਜਿੰਮੇਵਾਰੀ ਸੰਭਾਲੇ। ਮਤਲਬ ਇਹ ਕਿ ਮਾਂ ਪਿਉ ਸਮਝਦੇ ਹਨ ਕਿ ਇਹ ਹੁਣ ਇਸ ਦੇ ਲਾਇਕ ਹੈ। ਫਿਰ ਮਾਂ-ਪਿਉ, ਇਸ ਉਮਰ ਨੂੰ ਵਿਆਹ ਨਾਲ ਜੋੜਦੇ ਹਨ। ਮਤਲਬ ਇਹ ਕਿ ਬੱਚਾ ਸੈੱਟ ਹੋ ਗਿਆ ਹੈ। ਹੁਣ ਉਹ ਪਰਿਵਾਰ ਦੀ ਜਿੰਮੇਵਾਰੀ ਲੈ ਸਕਦਾ ਹੈ। ਪਹਿਲਾਂ ਬਾਲ ਵਿਆਹ ਵੀ ਹੁੰਦੇ ਰਹੇ ਹਨ, ਪਰ ਕਾਨੂੰਨੀ ਉਮਰ ਤੈਅ ਕਰਨ ਵੇਲੇ ਖੋਜਾਂ ਅਤੇ ਤੱਥਾਂ ਦਾ ਸਹਾਰਾ ਲਿਆ ਜਾਂਦਾ ਹੈ। ਕਾਨੂੰਨੀ ਉਮਰ ਲੜਕੀ ਲਈ ਅਠਾਰਾਂ ਅਤੇ ਲੜਕੇ ਲਈ ਇੱਕੀ ਹੈ। ਇਹ ਤਿੰਨ ਸਾਲ ਦਾ ਫ਼ਰਕ ਸਰੀਰਕ ਅਤੇ ਪ੍ਰਜਣਨ ਕਾਰਜ ਪ੍ਰਣਾਲੀ ਦੇ ਮੱਦੇਨਜ਼ਰ ਹੈ। ਪਰ ਇੱਥੇ ਬੌਧਿਕ ਵਿਕਾਸ ਦੇ ਮੱਦੇਨਜ਼ਰ ਇਹ ਗੱਲ ਸਮਝਣ ਵਾਲੀ ਹੈ ਕਿ ਕਿਸ਼ੋਰ ਆਪਣੇ ਇਸ ਪੜਾਅ ਦੇ ਅੰਤ ਤੇ ਜਿੰਮੇਵਾਰੀ ਸੰਭਾਲ ਸਕਣ ਅਤੇ ਸੂਝ ਬੂਝ ਨਾਲ ਫੈਸਲਾ ਲੈਣ ਦੇ ਕਾਬਿਲ ਹੋ ਜਾਂਦੇ ਹਨ। ਇਹ ਦੋ ਗੁਣ, ਜੋ ਕਿ ਉਮਰ ਦੇ ਵਿਕਾਸ ਦਾ ਹਿੱਸਾ ਹਨ, ਨੌਜਵਾਨ ਨੂੰ ਇਹ ਅਹਿਸਾਸ ਕਰਵਾਉਂਦੇ ਹਨ ਕਿ ਹੁਣ ਉਹ ਆਜ਼ਾਦਾਨਾ ਤਰੀਕੇ ਨਾਲ ਵਿਚਰ ਸਕਦੇ ਹਨ। ਇਸਦੇ ਮੱਦੇਨਜ਼ਰ ਉਹ ਆਪਣੀ ਪਛਾਣ ਬਨਾਉਣਾ ਚਾਹੁੰਦੇ ਹਨ ਤੇ ਮਾਂ ਪਿਉ ਤੋਂ ਵੱਖਰੇ ਪਛਾਣੇ ਜਾਣ ਦੇ ਚਾਹਵਾਨ ਹੁੰਦੇ ਹਨ। ਇਹ ਭਾਵਨਾ ਕਿਸੇ ਤਰ੍ਹਾਂ ਗੈਰ ਸਮਾਜਿਕ ਜਾਂ ਮਾਂ ਪਿਉ ਪ੍ਰਤੀ ਗਲਤ ਧਾਰਨਾ ਦਾ ਪ੍ਰਗਟਾਵਾ ਨਹੀਂ ਹੈ। ਇਹ ਦੇਖਣ ਵਿੱਚ ਆਇਆ ਹੈ ਕਿ ਜਿੰਨ੍ਹਾਂ ਘਰਾਂ

ਵਿੱਚ, ਮਾਂ-ਪਿਉ ਇਸ ਉਮਰ ਦੀਆਂ ਪ੍ਰਵਿਰਤੀਆਂ, ਇਸ ਉਮਰ ਦੇ ਸਹਿਜ ਗੁਣਾਂ ਨੂੰ ਜਾਣਦੇ ਸਮਝਦੇ ਹਨ ਅਤੇ ਬੱਚਿਆਂ ਨੂੰ ਫੈਸਲੇ ਲੈਣ ਲਈ ਅੱਗੇ ਲਿਆਉਣ ਲਈ ਪ੍ਰੇਰਿਤ ਕਰਦੇ ਹਨ, ਉਹ ਪਰਿਵਾਰ ਜਿਆਦਾ ਖੁਸ਼ਹਾਲੀ ਵਾਲਾ ਜੀਵਨ ਬਿਤਾਉਂਦੇ ਹਨ। ਬੱਚੇ ਵੱਧ ਕਾਮਯਾਬ ਹੁੰਦੇ ਹਨ ਅਤੇ ਉਹ ਬੱਚੇ ਮਾਂ ਪਿਉ ਦੀ ਇੱਜਤ ਵੀ ਵੱਧ ਕਰਦੇ ਹਨ।

ਜੇਕਰ ਸਮਾਜਿਕ ਵਿਕਾਸ ਦੇ ਪੱਖ ਤੋਂ, ਇਕ ਹੋਰ ਪਹਿਲੂ ਨੂੰ ਸਮਝੀਏ ਤਾਂ ਸਾਥੀਆਂ, ਦੋਸਤਾਂ, ਮਿਤਰਾਂ ਦੀ, ਹਮਉਮਰ ਆੜੀਆਂ ਦੀ ਲੋੜ ਬੱਚੇ ਨੂੰ ਬਚਪਨ ਤੋਂ ਹੀ ਮਹਿਸੂਸ ਹੁੰਦੀ ਹੈ, ਖਾਸ ਕਰ ਜਦੋਂ ਉਹ ਢਾਈ ਤਿੰਨ ਸਾਲ ਦਾ ਹੋ ਜਾਂਦਾ ਹੈ। ਫਿਰ ਉਹ ਜ਼ਰੂਰਤ ਸਾਰੀ ਉਮਰ ਰਹਿੰਦੀ ਹੈ। ਕਿਸ਼ੋਰ ਅਵਸਥਾ ਦੌਰਾਨ ਅਸੀਂ ਸਾਥੀਆਂ ਦੇ ਦਬਾਅ ਪੀਅਰ ਪ੍ਰੈਸ਼ਰ ਦੀ ਗੱਲ ਕਰਦੇ ਹਾਂ। ਬੱਚੇ, ਮਾਂ-ਪਿਉ ਤੋਂ ਵੱਧ ਆਪਣੇ ਸਾਥੀਆਂ ਤੋਂ ਪ੍ਰਭਾਵਿਤ ਹੁੰਦੇ ਹਨ, ਕਿਉਂ ਜੋ ਬੱਚਿਆਂ ਨੇ, ਉਨ੍ਹਾਂ ਨਾਲ ਆਪਣੀ ਪਛਾਣ ਬਣਾਉਣੀ ਹੁੰਦੀ ਹੈ। ਪਰ ਹੌਲੀ ਹੌਲੀ, ਜਿਵੇਂ ਹੀ ਉਹ ਕਿਸ਼ੋਰ ਅਵਸਥਾ ਦੇ ਆਖਰੀ ਪੜਾਅ ਵਿੱਚੋਂ ਲੰਘਦੇ ਹਨ, ਉਨ੍ਹਾਂ ਦੇ ਸਾਥੀਆਂ ਆੜੀਆਂ ਦੀ ਗਿਣਤੀ ਘੱਟ ਹੁੰਦੀ ਜਾਂਦੀ ਹੈ। ਉਹ ਹੁਣ ਸਹੀ ਅਰਥਾਂ ਵਿੱਚ ਦੋਸਤ ਪਛਾਣ ਕੇ ਉਨ੍ਹਾਂ ਨਾਲ ਜੁੜਦੇ ਹਨ। ਦੋਸਤੀ ਬਾਰੇ ਅਨੇਕਾਂ ਅਖਾਣ, ਟਿੱਪਣੀਆਂ ਮਿਲਦੀਆਂ ਹਨ, ਪਰ ਮਨੋਵਿਗਿਆਨਕ ਤੌਰ ਤੇ ਇਹ ਉਮਰ ਦੀ ਲੋੜ ਮੁਤਾਬਿਕ, ਉਸ ਵਿਅਕਤੀ ਦੀ ਭਾਲ ਅਤੇ ਨੇੜਤਾ ਹੈ, ਜਦੋਂ ਕੋਈ ਮਨ ਦੀ ਗੱਲ ਖੁੱਲ ਕੇ ਕਿਸੇ ਨਾਲ ਕਰ ਸਕੇ। ਉਸ ਨੂੰ ਕੋਈ ਸ਼ੰਕਾ, ਕੋਈ ਝਾਕਾ ਜਾਂ ਡਰ ਨਾ ਹੋਵੇ। ਜਿੱਥੇ ਕਿਸੇ ਨੂੰ ਗੱਲ ਕਰਕੇ ਚੰਗਾ ਚੰਗਾ ਲੱਗੇ। ਇਸ ਤਰ੍ਹਾਂ ਜਵਾਨੀ ਵਿੱਚ ਦਾਖਲ ਹੁੰਦੇ, ਸਮਾਜਿਕ ਰਿਸ਼ਤਿਆਂ ਦੀ ਗਹਿਰਾਈ ਦਾ ਪੜਾਅ ਹੈ - ਜੀਵਨ ਸਾਥੀ ਦੀ ਚੋਣ। ਵੈਸੇ ਇੰਨ੍ਹਾਂ ਦੋਸਤਾਂ ਵਿੱਚੋਂ ਹੀ ਕੋਈ ਇਕ ਅਜਿਹਾ ਹੋਰ ਨੇੜੇ ਆ ਜਾਂਦਾ ਹੈ, ਜੋ ਵਿਅਕਤੀ ਦੇ ਬਿਨ੍ਹਾਂ ਕਹੇ, ਬੋਲੇ, ਦੱਸੇ ਦੂਸਰੇ ਦੀ ਗੱਲ ਸਮਝ ਲਵੇ। ਚੁੱਪ ਨੂੰ ਪਛਾਣ ਲਵੇ। ਇਸ ਪੱਧਰ ਤੇ ਪਹੁੰਚ ਕੇ ਇਹ ਰਿਸ਼ਤਾ ਗੂੜਾ ਅਤੇ ਗਾੜਾ ਹੋ ਜਾਂਦਾ ਹੈ। ਇਸੇ ਸੰਦਰਭ ਵਿੱਚ, ਇਸ ਵਿਕਾਸ ਦੇ ਮੱਦੇਨਜ਼ਰ ਪਰਿਵਾਰ ਬਨਾਉਣ ਦੀ ਗੱਲ ਆਉਂਦੀ ਹੈ। ਇਹ ਨੇੜਤਾ ਮਾਨਸਿਕ, ਸਮਾਜਿਕ ਅਤੇ ਕੁਦਰਤ ਦੀ ਲੋੜ ਹੈ, ਜਦੋਂ ਅਗਲੇ ਪੀੜੀ ਦੀ ਬੁਨਿਆਦ ਰੱਖੀ ਜਾਂਦੀ ਹੈ। ਇਹ ਜਵਾਨੀ ਦਾ ਹੀ ਗੁਣ ਹੈ।

ਆਪਾਂ ਇਨ੍ਹਾਂ ਕੁਝ ਕੁ ਮਹੱਤਵਪੂਰਨ ਪੱਖਾਂ ਨੂੰ ਕਿਸ ਤਰ੍ਹਾਂ ਸਮੇਟ ਸਕਦੇ ਹਾਂ ਕਿ ਜਵਾਨੀ ਦੇ ਪੜਾਅ ਤੇ ਵਿਅਕਤੀ ਜਿੰਮੇਵਾਰੀ ਸੰਭਾਲਣ, ਚੰਗੇ ਬੁਰੇ ਬਾਰੇ ਫੈਸਲੇ ਲੈਣ, ਮਜ਼ਬੂਤ ਰਿਸ਼ਤੇ ਬਨਾਉਣ ਦੇ ਯੋਗ ਹੁੰਦਾ ਹੈ। ਇਹ ਗੁਣ ਇਕ ਦਹਾਕੇ ਦਾ ਸਮਾਂ ਲੈਂਦੇ ਹਨ, ਆਪਣੇ ਸਿਖਰ ਤੇ ਪਹੁੰਚਣ ਲਈ। ਤੇ ਇਸ ਇਕ ਦਹਾਕੇ ਦੌਰਾਨ ਕਿਸ਼ੋਰ ਬੱਚੇ ਨੂੰ ਮਿਲਣ ਵਾਲਾ ਵਾਤਾਵਰਨ, ਮਾਂ ਪਿਉ ਦਾ ਸਾਥ, ਅਧਿਆਪਕਾਂ ਦਾ ਰਵੱਈਆ, ਦੋਸਤਾਂ ਦੀ ਚੋਣ, ਜਿਸ ਵਿੱਚ ਮਾਂ ਪਿਉ ਦਾ ਸਹਿਯੋਗ ਮਹੱਤਵਪੂਰਨ ਹੈ ਤੇ ਇਸ ਤੋਂ ਇਲਾਵਾ ਸਮਾਜ ਦਾ ਰਾਜਨੀਤਿਕ ਧਾਰਮਿਕ ਮਾਹੌਲ, ਚੰਗੀਆਂ ਕਿਤਾਬਾਂ ਨਾਲ ਮੇਲ ਆਦਿ ਸਭ ਨਿਰਣਾਇਕ ਹਿੱਸਾ ਪਾਉਂਦੇ ਹਨ।

ਅੱਜ ਜਦੋਂ ਨੌਜਵਾਨਾਂ ਵਿੱਚ ਨਜ਼ਰ ਆ ਰਹੀ ਤਸਵੀਰ ਨੂੰ ਵਿਸ਼ਲੇਸ਼ਿਤ ਕਰਦੇ ਹਾਂ ਤਾਂ ਸਾਨੂੰ ਸਹੀ ਅਰਥਾਂ ਵਿੱਚ ਵਿਸ਼ਲੇਸ਼ਣ ਦੀ ਸਮਝ ਨਹੀਂ ਹੈ। ਅਸੀਂ ਅਕਸਰ ਕਹਿੰਦੇ ਸੁਣਦੇ ਹਾਂ, ਮੈਂ ਇਸ ਦੀ ਉਮਰ ਤੇ ਦਸ ਦਸ ਮੀਲ ਸਾਇਕਲ ਤੇ ਚੜ ਕੇ ਸਕੂਲ ਜਾਂਦਾ ਸੀ, ਘਰ ਦਾ ਕੰਮ ਵੀ ਨਾਲ ਕਰਦੇ ਸੀ, ਕੋਈ ਸਹੂਲਤ ਨਹੀਂ ਸੀ। ਕਮਾਉਣ ਲੱਗ ਪਿਆ ਸੀ। ਵਿਆਹ ਹੋ ਗਿਆ ਸੀ। ...

ਮਾਂ ਪਿਉ, ਅਧਿਆਪਕਾਂ ਜਾਂ ਹੋਰ ਪ੍ਰੌੜ ਵਿਅਕਤੀਆਂ ਦੇ, ਇਸ ਤਰ੍ਹਾਂ ਦੇ ਪ੍ਰਗਟਾਵੇ ਤੋਂ ਸਗੋਂ ਇਸ ਗੱਲ ਨੂੰ ਤਾਕਤ ਮਿਲਦੀ ਹੈ ਕਿ ਨੌਜਵਾਨ ਇਸ ਉਮਰ ਤੇ ਇਹ ਸਾਰੇ ਕਾਰਜ ਨਿਭਾ ਸਕਦੇ ਹਨ, ਪਰ ਜੇਕਰ ਅੱਜ ਨਹੀਂ ਨਿਭਾ ਰਹੇ ਤਾਂ ਇਸ ਵਿੱਚ ਇੰਨ੍ਹਾਂ ਨੌਜਵਾਨਾਂ ਦਾ ਕਸੂਰ ਕਿੱਥੇ ਹੈ? ਜਦੋਂ ਕਿ ਅੱਜ ਚਾਰ ਪੰਜ ਦਹਾਕੇ ਮਗਰੋਂ, ਵਿਗਿਆਨ ਤਾਂ ਬੱਚੇ, ਨੌਜਵਾਨਾਂ ਦੇ ਵਧੇਰੇ ਬੁੱਧੀਮਾਨ ਹੋਣ ਦੀ ਗੱਲ ਸਾਬਿਤ ਕਰ ਰਿਹਾ ਹੈ। ਅਸੀਂ ਕਿਉਂ ਢਾਊ ਵਿਚਾਰਾਂ ਵਿੱਚ ਪਏ ਹਾਂ?

ਦਰਅਸਲ ਅਸੀਂ ਨੌਜਵਾਨਾਂ ਦੇ ਬਦਲੇ ਹੋਏ ਵਿਵਹਾਰ ਦਾ ਵਿਸ਼ਲੇਸ਼ਣ ਕਰਦੇ ਹਾਂ, ਪਰ ਅਸੀਂ ਵਾਤਾਵਰਨ ਵਿੱਚ ਆਈ ਤਬਦੀਲੀ ਦਾ ਵਿਸ਼ਲੇਸ਼ਣ ਨਹੀਂ ਕਰ ਰਹੇ, ਜਿਸ ਨੇ ਅਸਲ ਵਿੱਚ ਵਿਵਹਾਰ ਤੈਅ ਕਰਨਾ ਹੁੰਦਾ ਹੈ। ਵਿਵਹਾਰ ਦੀ ਤਬਦੀਲੀ ਲਈ, ਫੈਸਲਾਕੁੰਨ ਭੂਮਿਕਾ ਮਾਹੌਲ ਦੀ ਹੈ ਤੇ ਸਮਾਜ ਦੇ ਸਾਰੇ ਉਹ ਲੋਕ ਉਸ ਦਾ ਹਿੱਸਾ ਹਨ ਜੋ ਕਿਸ਼ੋਰ ਨੌਜਵਾਨ ਦੀ ਪਰਵਰਿਸ਼ ਦਾ ਹਿੱਸਾ ਹਨ। ਪਹਿਲਾਂ ਪਰਿਵਾਰ ਇਕੱਠੇ ਸੀ, ਘਰ ਦਾ ਧੰਦਾ ਸਾਂਝਾ ਸੀ, ਜਿਆਦਾ

ਬੱਚੇ ਘਰ ਪਰਿਵਾਰ ਦੇ ਕੰਮ ਵਿੱਚ ਹੀ ਖਪ ਜਾਂਦੇ ਸੀ। ਉਨ੍ਹਾਂ ਨੂੰ ਉਸੇ ਤਰ੍ਹਾਂ ਹੀ ਤਿਆਰ ਵੀ ਕੀਤਾ ਜਾਂਦਾ ਸੀ। ਵਿਆਹ ਵੀ ਛੇਤੀ ਹੋ ਜਾਂਦਾ ਸੀ। ਇਸ ਤਰ੍ਹਾਂ ਨੌਜਵਾਨਾਂ ਦੀਆਂ ਬਹੁਤੀਆਂ ਕੁਦਰਤੀ, ਸਮਾਜਿਕ ਤੇ ਮਾਨਸਿਕ ਲੋੜਾਂ ਪਰਿਵਾਰ ਪੱਧਰ ਤੇ ਪੂਰੀਆਂ ਹੋ ਜਾਂਦੀਆਂ ਸੀ। ਅੱਜ ਅਸੀਂ ਖ਼ੁਦ, ਮਾਂ ਪਿਉ ਦੇ ਤੌਰ ਤੇ ਬੱਚਿਆਂ ਨੂੰ ਪਰਿਵਾਰਕ ਕੰਮ ਕਾਜ ਤੋਂ, ਇੱਥੋਂ ਤੱਕ ਕਿ ਖੇਤੀਬਾੜੀ ਤੋਂ ਦੂਰ ਰੱਖਣਾ ਚਾਹੁੰਦੇ ਹਾਂ। ਖਾਸ ਕਰ ਕੇ ਹੱਥੀਂ ਕੰਮ ਖੁਦ ਨਹੀਂ ਕਰਵਾ ਰਹੇ। ਇਕ ਦੋ ਬੱਚਿਆਂ ਦੇ ਪਰਿਵਾਰਾਂ ਵਿੱਚ, ਬੱਚੇ ਨੂੰ ਲਾਡ ਪਿਆਰ ਨਾਲ ਰੱਖਦੇ ਹੋਏ, ਸੁਵਿਧਾਵਾਂ ਖ਼ੁਦ ਦੇ ਰਹੇ ਹਾਂ, ਸੁਪਨੇ ਖ਼ੁਦ ਦਿਖਾ ਰਹੇ ਹਾਂ। ਇੱਕ ਬਾਪ ਦੀ ਖਵਾਹਿਸ਼ ਦੇਖੋ, ਮੈਨੂੰ ਉਸ ਦਿਨ ਦੀ ਉਡੀਕ ਹੈ ਜਦੋਂ ਇਹ ਜਵਾਨ ਹੋਵੇਗਾ ਤੇ ਮੈਂ ਇਸ ਨਾਲ ਬੈਠ ਕੇ ਸ਼ਰਾਬ ਪੀਵਾਂਗਾ।

ਸਹੂਲਤਾਂ ਠੀਕ ਨੇ, ਜ਼ਿੰਦਗੀ ਸੁਖਾਲੀ ਕਰਨ ਲਈ ਹੀ, ਅਸੀਂ ਇਨ੍ਹਾਂ ਦੀ ਤਲਾਸ਼ ਅਤੇ ਖੋਜ ਕੀਤੀ ਹੈ। ਪਰ ਸੁਪਨਿਆਂ ਅਤੇ ਸਹੂਲਤਾਂ ਨੂੰ ਜ਼ਿੰਦਗੀ ਦੇ ਸੱਚ ਦੇ ਮੇਚ ਦਾ ਬਨਾਉਣਾ ਹੁੰਦਾ ਹੈ। ਬੱਚੇ ਦੀਆਂ ਉਮਰ ਮੁਤਾਬਕ ਲੋੜਾਂ ਅਨੁਸਾਰ ਢਾਲ ਕੇ ਪੇਸ਼ ਕਰਨਾ ਹੁੰਦਾ ਹੈ।

ਮੈਡੀਕਲ ਕਾਲਜ ਦੇ ਉੱਨੀ ਵੀਹ ਸਾਲ ਦੀ ਉਮਰ ਦੇ ਵਿਦਿਆਰਥੀਆਂ ਤੋਂ ਕੀਤੇ ਇਕ ਸਰਵੇਖਣ ਦੇ ਕੁਝ ਨਤੀਜੇ, ਉਨ੍ਹਾਂ ਦੇ ਵੱਡੀ ਪੀੜ੍ਹੀ ਪ੍ਰਤੀ ਸਮਝ ਅਤੇ ਉਨ੍ਹਾਂ ਤੋਂ ਆਸ਼ਾ ਬਾਰੇ, ਹੋਰ ਸਪਸ਼ਟ ਕਰਨਗੇ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਤੁਹਾਨੂੰ ਵੱਡੀ ਪੀੜ੍ਹੀ ਤੋਂ ਕੀ ਸ਼ਿਕਾਇਤ ਹੈ ਤਾਂ ਕਾਫੀ ਗੱਲਾਂ ਵਿੱਚੋਂ, ਦੋ ਪ੍ਰਮੁੱਖ ਸੀ ਕਿ ਉਹ ਆਪਣੇ ਵਿਚਾਰਾਂ ਨੂੰ ਲੈ ਕੇ ਅੜੀਅਲ ਹੈ ਤੇ ਆਪਣੇ ਸਮੇਂ ਦੇ ਸਭਿਆਚਾਰ ਪ੍ਰਤੀ ਬਹੁਤ ਮਾਣ ਮਹਿਸੂਸ ਕਰਦੇ ਹਨ ਤੇ ਉਸੇ ਨੂੰ ਹੀ ਸਾਡੇ ਤੇ ਠੋਸਣਾ ਚਾਹੁੰਦੇ ਹਨ ਤੇ ਦੂਸਰਾ ਵੱਡੀ ਪੀੜ੍ਹੀ ਨੂੰ ਸਾਡੇ ਤੇ ਵਿਸ਼ਵਾਸ ਨਹੀਂ ਹੈ, ਉਹ ਕਦੇ ਨਹੀਂ ਸੋਚਦੇ ਕਿ ਅਸੀਂ ਵੀ ਠੀਕ ਹੋ ਸਕਦੇ ਹਾਂ। ਲੜਕੀਆਂ ਨੂੰ ਵਿਸ਼ੇਸ਼ ਸ਼ਿਕਾਇਤ ਸੀ-ਆਪਣੇ ਵਜੂਦ ਦੀ ਵਖਰੀ ਪਛਾਣ ਬਾਰੇ ਅਤੇ ਲੜਕਿਆਂ ਦੀ ਵਿਸ਼ੇਸ਼ ਸ਼ਿਕਾਇਤ ਸੀ, ਕੰਮ ਕਾਜ, ਢੰਗ ਤਰੀਕਿਆਂ ਵਿੱਚ ਦਖਲਅੰਦਾਜੀ ਨੂੰ ਲੈ ਕੇ। ਇਸ ਦੇ ਉਲਟ ਜਦੋਂ ਪੁੱਛਿਆ ਕਿ ਨੌਜਵਾਨ ਵੱਡੀ ਪੀੜ੍ਹੀ ਤੋਂ ਕੀ ਆਸ ਰੱਖਦੇ ਹਨ ਤਾਂ ਉਹਨਾਂ ਦਾ ਜਵਾਬ ਸੀ ਕਿ ਸਾਨੂੰ ਸਮਰੱਥਾ ਦਿਖਾਉਣ ਦਾ ਮੌਕਾ ਦੇਣ, ਸਾਡੇ ਤੇ ਵਿਸ਼ਵਾਸ਼ ਕਰਨ, ਸਾਨੂੰ ਆਤਮ ਨਿਰਭਰ ਹੋਣ ਵਿੱਚ ਮਦਦ ਕਰਨ, ਸਾਨੂੰ ਦਿਸ਼ਾ ਨਿਰਦੇਸ਼ ਦੇਣ ਨਾ ਕਿ ਸਾਨੂੰ ਕੋਸਣ ਤੇ ਆਪਣੇ ਵਿਚਾਰ ਠੋਸਣ, ਸਾਡੇ ਨਾਲ ਦੋਸਤਾਨਾ ਵਿਵਹਾਰ ਕਰਨ।

ਅਜਿਹੀਆਂ ਹੋਰ ਅਨੇਕਾਂ ਮਨੋਵਿਗਿਆਨਕ ਖੋਜਾਂ ਦੇ ਤਹਿਤ ਅਤੇ ਅਜੋਕੇ ਮਾਹੌਲ ਵਿੱਚ ਨਜ਼ਰ ਆ ਰਹੀਆਂ ਵਿਵਹਾਰ ਦੀਆਂ ਤਬਦੀਲੀਆਂ ਪ੍ਰਤੀ ਅੰਤਰਰਾਸ਼ਟਰੀ ਪੱਧਰ ਤੇ ਇਹ ਸਮਝ ਵਿਕਸਿਤ ਹੋ ਰਹੀ ਹੈ ਕਿ : ਜਿਸ ਤਰ੍ਹਾਂ ਪਹਿਲਾਂ ਤੇ ਬਹੁਤੀ ਥਾਈਂ ਅੱਜ ਵੀ, ਨੌਜਵਾਨਾਂ ਪ੍ਰਤੀ ਚਿੰਤਤ ਸੰਸਥਾਵਾਂ ਇਹ ਕਹਿ ਕੇ ਕਾਰਜ ਕਰਦੀਆਂ ਹਨ ਕਿ ਅਸੀਂ ਨੌਜਵਾਨਾਂ ਲਈ ਕੰਮ ਕਰਦੀਆਂ ਹਾਂ। ਸਭ ਤੋਂ ਪਹਿਲਾਂ ਤਾਂ ਇਸ ਸਮਝ ਨੂੰ ਦਰੁਸਤ ਕਰਨ ਦੀ ਲੋੜ ਹੈ ਕਿ **ਕੋਈ ਵੀ ਪ੍ਰੋਗਰਾਮ ਨੌਜਵਾਨਾਂ ਲਈ ਦੀ ਬਜਾਏ, ਨੌਜ਼ਵਾਨਾਂ ਨਾਲ ਹੋਵੇ।** ਕਹਿਣ ਤੋਂ ਭਾਵ, ਪ੍ਰੋਗਰਾਮ, ਪ੍ਰੋਜੈਕਟ ਉਲੀਕਣ, ਵਿਉਂਤਬੰਦੀ, ਫੈਸਲੇ ਤੇ ਕਾਰਜ ਪ੍ਰਣਾਲੀ ਤੱਕ, ਹਰ ਪੜਾਅ ਤੇ ਨੌਜਵਾਨਾਂ ਦੀ ਸਰਗਰਮ ਭਾਗੀਦਾਰੀ ਹੋਵੇ।

ਇਸ ਤੋਂ ਅੱਗੇ, ਨੌਜਵਾਨਾਂ ਦੀ ਸਮਰੱਥਾ, ਉਨ੍ਹਾਂ ਦੇ ਕੁਦਰਤੀ ਗੁਣਾਂ ਨੂੰ ਹਰ ਕਦਮ ਤੇ ਉਭਾਰਿਆ ਜਾਵੇ। ਉਨ੍ਹਾਂ ਤੇ ਵਿਸ਼ਵਾਸ਼ ਕਰਦੇ ਹੋਏ, ਉਨ੍ਹਾਂ ਨੂੰ ਜਿੰਮੇਵਾਰੀ ਦਿੱਤੀ ਜਾਵੇ। ਨੌਜਵਾਨਾਂ ਦੇ ਰਾਹ ਦਸੇਰੇ ਬਣਦੇ ਹੋਏ, ਉਨ੍ਹਾਂ ਨੂੰ ਆਪਣੀ ਜਿੰਦਗੀ ਦਾ ਡਰਾਈਵਰ ਖ਼ੁਦ ਬਣਨ ਦੀ ਜਾਂਚ ਸਿਖਾਈ ਜਾਵੇ।

ਸਾਰੀ ਗੱਲਬਾਤ ਨੂੰ, ਇਸ ਇਕ ਛੋਟੀ ਜਿਹੀ ਘਟਨਾ ਦੇ ਹਵਾਲੇ ਨਾਲ ਪੇਸ਼ ਕਰਦਾ : ਇੱਕ ਪਿੰਡ ਵਿੱਚ ਇੱਕ ਤਲਾਅ ਵਿੱਚ ਬੱਚੇ ਨਹਾ ਰਹੇ, ਖੇਡਦੇ ਹਨ ਤੇ ਇਸ ਤਰ੍ਹਾਂ ਖੇਡਦੇ ਟੱਪਦੇ ਇਕ ਹਾਦਸਾ ਵਾਪਰ ਗਿਆ ਕਿ ਇੱਕ ਬੱਚਾ ਡੁੱਬ ਗਿਆ। ਪਿੰਡ ਦੇ ਲੋਕ ਇਕੱਠੇ ਹੋਏ। ਸਲਾਹ ਮਸ਼ਵਰੇ ਤੋਂ ਬਾਅਦ ਫੈਸਲਾ ਹੋਇਆ ਕਿ ਤਲਾਅ ਦੇ ਆਲੇ ਦੁਆਲੇ ਵਾੜ ਲਾ ਦਿਓ। ਵਾੜ ਲਾਉਣ ਤੋਂ ਬਾਅਦ ਵੀ, ਬੱਚੇ ਜਿਗਿਆਸਾ ਵਜੋਂ ਅੰਦਰ ਚਲੇ ਜਾਂਦੇ। ਨਵੇਂ ਨਵੇਂ ਢੰਗ ਸੋਚਦੇ ਤੇ ਉਥੇ ਪਹੁੰਚ ਜਾਂਦੇ। ਇਸ ਤਰ੍ਹਾਂ ਹਾਦਸਾ ਫਿਰ ਵਾਪਰਿਆ। ਹੁਣ ਉਨ੍ਹਾਂ ਨੇ ਬਾਹਰੋਂ ਕਿਸੇ ਬੁੱਧੀਮਾਨ ਵਿਅਕਤੀ ਤੋਂ ਸਲਾਹ ਲੈਣ ਲਈ ਉਸ ਨੂੰ ਬੁਲਾਇਆ। ਉਸ ਨੇ ਕਿਹਾ, ਦੇਖੋ ! ਬੱਚੇ ਜਿਗਿਆਸੂ ਹੁੰਦੇ ਨੇ, ਤਜਰਬੇ ਕਰਦੇ ਨੇ, ਉਹ ਕਰਨਗੇ, ਵਾੜ ਲਾਉਣਾ ਕੋਈ ਹੱਲ ਨਹੀਂ ਹੈ। ਤੁਸੀਂ ਇਸ ਤਰ੍ਹਾਂ ਕਰੋ ਕਿ ਬੱਚਿਆਂ ਦੀ ਉਂਗਲ ਫੜ ਕੇ, ਖ਼ੁਦ ਨਾਲ ਜਾਵੋ ਤੇ ਬੱਚਿਆਂ ਨੂੰ

ਤੈਰਨਾ ਸਿਖਾਓ। ਜਦੋਂ ਇਹ ਤੈਰਨਾ ਸਿੱਖ ਜਾਣਗੇ, ਫਿਰ ਕੋਈ ਡਰ ਨਹੀਂ ਰਹੇਗਾ। ਇਸ ਤਰ੍ਹਾਂ ਬੱਚਿਆਂ ਨੂੰ, ਕਿਸ਼ੋਰ ਨੌਜਵਾਨਾਂ ਨੂੰ ਧਮਕਾਉਣ, ਡਰਾਉਣ ਦੀ ਬਜਾਏ, ਉਨ੍ਹਾਂ ਦਾ ਲੋੜ ਮੁਤਾਬਿਕ ਸਾਥ ਦੇਈਏ।

ਪੰਨਾ 22 ਦਾ ਬਾਕੀ

ਹੀ ਪਿਆ ਸੀ। ਤੇ ਬਰਮੀ ਦੇ ਉਸ ਖੇਤਾਂ ਵਾਲੇ ਨੇ ਬਖੀਏ ਉਧੇੜ ਦਿੱਤੇ ਸਨ। ਮੈਂ ਹੈਰਾਨ ਰਹਿ ਗਿਆ ਕਿ ਇਹ ਕਿਵੇਂ ਹੋ ਗਿਆ। ਫਿਰ ਮੈਂ ਉਸ ਨਾਲ ਮਲਬਾ ਚੁੱਕਣ ਵਿੱਚ ਮਦਦ ਕੀਤੀ। ਜਦ ਮੈਂ ਉਸ ਨੂੰ ਇਸ ਦਾ ਰਾਜ ਪੁੱਛਿਆ ਤਾਂ ਉਸ ਨੇ ਕਿਹਾਂ ਕਿ ਮੈਂ ਵੀ ਇਕ ਦਿਨ ਕੁੱਤਾ ਪਿਸ਼ਾਬ ਕਰਦਾ ਦੇਖ ਲਿਆ ਸੀ। ਇਸ ਤੋਂ ਬਾਅਦ ਮੈਂ ਇੱਕ ਦਿਨ ਆਪਣੇ ਚਾਚਾ ਜੀ ਦੇ ਘਰ ਸੀ ਅਤੇ ਮੇਰੇ ਹੱਥ ਸ਼ਹੀਦ ਭਗਤ ਸਿੰਘ ਦਾ ਮਸ਼ਹੂਰ ਲੇਖ 'ਮੈਂ ਨਾਸਤਿਕ ਕਿਉਂ ਹਾਂ' ਲੱਗਾ ਤਾਂ ਜਦੋਂ ਮੈਂ ਉਸ ਨੂੰ ਪੜ੍ਹਿਆ ਤੇ ਮੇਰਾ ਬੰਦ ਪਿਆ ਦੁਆਰ ਖੁੱਲ ਗਿਆ ਜਿਸ ਨੂੰ ਅਸੀਂ ਗਿਆਨ-ਵਿਗਿਆਨ ਦਾ ਦੁਆਰ ਕਹਿੰਦੇ ਹਾਂ ਤੇ ਉਸੇ ਲੇਖ ਨੇ ਮੈਨੂੰ ਪੜ੍ਹਨ ਦੀ ਚੇਟਕ ਲਾ ਦਿੱਤੀ। ਤੇ ਉਸ ਲੇਖ ਸਦਕਾ ਮੇਰਾ ਰਾਬਤਾ ਸ੍ਰੀ ਮੇਘ ਰਾਜ ਮਿੱਤਰ ਜੀ ਨਾਲ ਹੋਇਆ ਤੇ ਤਰਕਸ਼ੀਲ ਸੁਸਾਇਟੀ ਬਾਰੇ ਜਾਣਿਆ। ਮੁਢਲੀਆਂ ਕਿਤਾਬਾਂ ਦਾ ਅਧਿਐਨ ਕੀਤਾ। ਉਸ ਤੋਂ ਬਾਅਦ ਸਾਹਿਤ ਪੜ੍ਹਣ ਦਾ ਸਿਲਸਿਲਾ ਬਾ-ਦਸਤੂਰ ਜਾਰੀ ਹੈ। ਇਸ ਵਧੀਆ ਸਾਹਿਤ ਦੀ ਬਦੌਲਤ, ਮੈਂ ਤਰਕਸ਼ੀਲ ਸੁਸਾਇਟੀ ਨਵਾਂ ਸ਼ਹਿਰ ਨਾਲ ਜੁੜਿਆ ਤੇ ਅੱਜ ਨਵਾਂ ਸ਼ਹਿਰ ਜ਼ੋਨ ਅਤੇ ਔੜ ਯੂਨਿਟ ਤੇ ਮੈਨੂੰ ਮਾਣ ਹੈ ਕਿ ਮੈਂ ਇਸ ਦਾ ਇੱਕ ਛੋਟਾ ਜਿਹਾ ਹਿੱਸਾ ਹਾਂ।

94632-51568

ਤਰਕਸ਼ੀਲ ਭਵਨ ਵਿਖੇ ਹਾਲ ਦੀ ਉਸਾਰੀ ਲਈ ਆਰਥਿਕ ਸਹਾਇਤਾ ਸੰਬੰਧੀ ਅਪੀਲ

ਤਰਕਸ਼ੀਲ ਸੁਸਾਇਟੀ (ਪੰਜਾਬ) ਰਜਿ: ਵੱਲੋ ਤਰਕਸ਼ੀਲ ਭਵਨ ਬਰਨਾਲਾ ਵਿਖੇ ਉਸਾਰੇ ਜਾ ਰਹੇ ਹਾਲ ਉੱਪਰ ਲਗਭਗ 35 ਲੱਖ ਰੁਪਏ ਖਰਚਾ ਹੋਵੇਗਾ। ਇਹ ਹਾਲ 300 ਕੁਰਸੀਆਂ ਦਾ ਹੋਵੇਗਾ। ਇਸ ਦੇ ਹੇਠਾਂ ਪਾਰਕਿੰਗ, ਨਾਲ ਹੀ ਲਾਇਬ੍ਰੇਰੀ ਅਤੇ ਹੋਰ ਲੋੜੀਂਦੇ ਕਮਰੇ ਹੋਣਗੇ। ਸਾਰੇ ਜ਼ੋਨਾਂ, ਇਕਾਈਆਂ, ਭਰਾਤਰੀ ਜਥੇਬੰਦੀਆਂ, ਦੇਸ਼ ਵਿਦੇਸ਼ ਵਿੱਚ ਬੈਠੇ ਪਾਠਕਾਂ, ਸਹਿਯੋਗੀਆਂ ਅਤੇ ਤਰਕਸ਼ੀਲ ਲਹਿਰ ਦੇ ਸ਼ੁਭ ਚਿੰਤਕਾਂ ਨੂੰ ਇਸ ਕਾਰਜ ਲਈ ਵੱਧ ਤੋਂ ਵੱਧ ਆਰਥਿਕ ਸਹਾਇਤਾ ਭੇਜਣ ਦੀ ਅਪੀਲ ਕੀਤੀ ਜਾਂਦੀ ਹੈ। ਪ੍ਰਾਪਤ ਸਹਾਇਤਾ ਮੈਗਜ਼ੀਨ ਵਿੱਚ ਲੜੀਵਾਰ ਛਾਪੀ ਜਾਵੇਗੀ। ਸਹਾਇਤਾ ਚੈੱਕ, ਡਰਾਫਟ ਰਾਹੀਂ ਭੇਜੀ ਜਾ ਸਕਦੀ ਹੈ ਜੋ ਤਰਕਸ਼ੀਲ ਸੁਸਾਇਟੀ ਪੰਜਾਬ ਰਜਿ: ਦੇ ਨਾਮ ਹੋਵੇ ਜਾਂ ਮੁੱਖ ਦਫ਼ਤਰ ਵਿੱਚ ਨਕਦ ਜਮ੍ਹਾਂ ਕਰਵਾਈ ਜਾ ਸਕਦੀ ਹੈ। ਸੁਸਾਇਟੀ ਦੇ ਖਾਤਾ ਨੰ: ਵਿੱਚ ਤੁਸੀਂ ਸਿੱਧੇ ਵੀ ਸਹਾਇਤਾ ਜਮ੍ਹਾਂ ਕਰਵਾ ਸਕਦੇ ਹੋ ਪਰ ਜਮ੍ਹਾਂ ਕਰਵਾਉਣ ਉਪਰੰਤ ਮੁੱਖ ਦਫ਼ਤਰ ਨੂੰ ਫ਼ੋਨ ਤੇ ਜ਼ਰੂਰ ਸੂਚਿਤ ਕਰ ਦਿੱਤਾ ਜਾਵੇ। ਖਾਤਾ ਨੰ: 0044000100282234 (Punjab National Bank)

ਵੱਲੋਂ : ਸੂਬਾ ਕਮੇਟੀ

ਤਰਕਸ਼ੀਲ ਹਾਲ ਲਈ ਸਹਾਇਤਾ

ਇਕਾਈ ਰਾਮਪੁਰਾ ਰਾਹੀਂ	
ਮਾਸਟਰ ਰਾਮ ਸਿੰਘ, ਲਹਿਰਾ ਧੂਰਕੋਟ	500
ਮਾਸਟਰ ਸੁਖਮੰਦਰ ਸਿੰਘ ਇਕਾਈ ਰਾਮਪੁਰਾ	500
ਮਾਸਟਰ ਪ੍ਰਹਿਲਾਦ ਕੁਮਾਰ ਇਕਾਈ ਰਾਮਪੁਰਾ	500
ਮਾਸਟਰ ਸੁਰਿੰਦਰ ਕੁਮਾਰ, ਰਾਮਪੁਰਾ	500
ਗਗਨਦੀਪ ਸਿੰਘ, ਰਾਮਪੁਰਾ	500
ਜੰਟਾ ਸਿੰਘ ਇਕਾਈ ਰਾਮਪੁਰਾ	500
ਪ੍ਰਿੰਸੀਪਲ ਰਾਜ ਕੁਮਾਰ ਇਕਾਈ ਰਾਮਪੁਰਾ	500
ਇਕਾਈ ਬਠਿੰਡਾ ਰਾਹੀਂ	
ਮੋਹਨ ਸਿੰਘ ਮਿੱਤਲ, ਮਾਨਸਾ (ਦੋਹਤੇ ਜਸੀਤ ਦੇ ਜਨਮ ਤੇ)	1000
ਹਰਿੰਦਰ ਲਾਲੀ ਜੀ ਰਾਹੀਂ	
ਲਵਕੇਸ਼ ਪ੍ਰਾਸ਼ਰ ਤੇ ਪਰਿਵਾਰ ਵੱਲੋਂ ਭਾਣਜੀ ਰਚਨਾ ਦੀ ਸ਼ਾਦੀ ਤੇ	2000
ਚੇਤਨਾ ਕਲਾ ਕੇਂਦਰ ਬਰਨਾਲਾ	1000
ਪ੍ਰਿਤਪਾਲ ਸਿੰਘ ਸਿਬੀਆ	1000
ਇਕਾਈ ਸੁਨਾਮ	12000
ਆਪਣੇ ਤੌਰ ਤੇ ਪਿਆਰਾ ਸਿੰਘ ਮਾਨਵ ਬਟਾਲਾ	500
ਮੁਹਾਲੀ ਇਕਾਈ ਰਾਹੀਂ ਰਤਨ ਸਿੰਘ ਖੇੜੀ ਦੇ ਪਰਿਵਾਰ ਵੱਲੋਂ	**20000**
ਲੁਧਿਆਣਾ ਜੋਨ ਰਾਹੀਂ	
ਜਸਵਿੰਦਰ ਸਿੰਘ ਮਾਇਆ ਨਗਰ ਲੁਧਿਆਣਾ	770
ਜੋੜ :	41770.00
ਪਿਛਲਾ ਜੋੜ :	62600.00
ਕੁੱਲ ਜੋੜ :	104370.00

ਪਾਖੰਡੀ


ਜਸਪਿੰਦਰ ਬਦੇਸ਼ਾ



ਨਿੱਤ ਲੋਕਾਂ ਨੂੰ ਭਰਮਾਉਣ ਪਾਖੰਡੀ,
ਦਾਅ ਵੱਡੇ ਵੱਡੇ ਲਾਉਣ ਪਾਖੰਡੀ।
ਚੌਂਕੀ ਜਦ ਵੀ ਲਾਉਣੀ ਹੋਵੇ,
ਜ਼ੋਰੀ ਸਿਰ ਘੁਮਾਉਣ ਪਾਖੰਡੀ।
ਝੂਠ, ਵਹਿਮ ਨੂੰ ’ਕੱਠਾ ਕਰਕੇ,
ਨਵਾਂ ਹੀ ਪਰਪੰਚ ਰਚਾਉਣ ਪਾਖੰਡੀ।
ਗਾਲ੍ਹਾਂ, ਗੱਲਾਂ, ਗੱਪਾਂ ਨੂੰ ਵੀ,
ਰਾਗਾਂ ਦੇ ਵਿੱਚ ਗਾਉਣ ਪਾਖੰਡੀ।
ਬੈਠ ਗੱਦੀ ਤੇ ਚੇਲਿਆਂ ਕੋਲੋਂ,
ਇਹ ਸੇਵਾ ਖੂਬ ਕਰਾਉਣ ਪਾਖੰਡੀ।
‘ਜਸਪਿੰਦਰ’ ਭੋਲੀ ਭਾਲੀ ਸੰਗਤ ਵਿੱਚੋਂ
ਬੀਬੀਆਂ ਨੂੰ ਪਤਿਆਉਣ ਪਾਖੰਡੀ।

98886-21205

ਨੀਲ ਆਰਮਸਟਰਾਂਗ ਨੂੰ



ਚੰਨ ਕਦੀ ਵੀ ਕੁੱਕੜ ਬਣ ਕੇ, ਦੇ ਨਈਂ ਸਕਦਾ ਬਾਂਗ ਨੂੰ
ਚੇਤੇ ਕੀਤਿਆਂ ਪਤਾ ਚਲਦੈ, ਨੀਲ ਆਰਮਸਟਰਾਂਗ ਨੂੰ।
ਸੋਚ ਵਿਗਿਆਨਕ, ਪੀਂਘ ਪੁਲਾੜੀ ਪਾਈ ਉਸ ਨੇ ਸੀ।
ਧਰਤੀ ਤੋਂ ਉੱਡ ਚੰਨ ਤੇ, ਕਰੀ ਚੜ੍ਹਾਈ ਉਸ ਨੇ ਸੀ।
ਝੰਡਾ ਗੱਡਿਆ ਚੰਨ ਤੇ ਸੀ, ਹੱਥ ਫੜ ਕੇ ਡਾਂਗ ਨੂੰ।
ਕਾਲੇ ਧੱਬੇ ਅਸਲ ਚਟਾਨਾਂ, ਦੱਸਿਆ ਉਸ ਸੀ ਇਉਂ,
ਨਾ ਕੋਈ ਗਿੱਲੀ ਧੋਤੀ ਵੱਜੀ, ਧਰਮ ਦੀ ਪੋਥੀ ਜਿਉਂ,
ਨਿੰਦਿਆ ਅੰਧਵਿਸ਼ਵਾਸੀ, ਫੜ ਕੇ ਊਟ ਪਟਾਂਗ ਨੂੰ,
ਨਾ ਉਹਨੂੰ ਚੰਨ ਦੀ ਮਾਂ ਟੱਕਰੀ, ਚਰਖਾ ਕਤਦੀ ਹੈ,
ਮਿੱਟੀ ਵੀ ਚੂਰੇ ਕੋਇਲੇ ਵਰਗੀ, ਨਾ ਹੀ ਵੱਤ ਦੀ ਹੈ।,
ਨਾ ਉਹ ਚਿੱਟਾ ਸੋਹਣਾ, ਜਿਉਂ ਆਸ਼ਕ ਭਰਦੇ ਮਾਂਗ ਨੂੰ।
ਅਗਸਤ ਮਹੀਨਾ ਵੀਹ ਸੌ ਬਾਰਾਂ, ਕਰ ਗਿਆ ਪਾਰ ਕਿਨਾਰਾ,
ਚੰਨ ਤੇ ਪੈਰ ਪਲੇਠਾ ਧਰ ਕੇ, ਬਣ ਗਿਆ ਅਰਸ਼ੀ ਤਾਰਾ,
‘ਸੇਵਕ ਸ਼ਮੀਰੀਏ’ ਦੀ ਸਲਾਮ ਹੈ, ਉਸ ਜੁੱਤੇ ਦੀ ਪਾਂਘ ਨੂੰ।



ਸੇਵਕ ਸਿੰਘ ਸ਼ਮੀਰੀਆ,
ਕੋਟ ਸ਼ਮੀਰ (ਬਠਿੰਡਾ)
95922-47703

ਦੋਸਤਾ

ਬੁੱਧੀ ਨੂੰ ਲਾ ਤਰਕ ਦੀ ਸਾਣ ਉੱਤੇ,
ਤੂੰ ਏਸ ਨੂੰ ਤੇਜ਼ ਤਰਾਰ ਕਰਲੈ।
ਅੰਧ-ਵਿਸ਼ਵਾਸਾਂ ਦਾ ਜੂੜ ਵੱਢਣ ਖਾਤਿਰ,
ਤੂੰ ਆਪਣੇ ਆਪ ਨੂੰ ਤਿਆਰ ਕਰ ਲੈ।
ਛੱਡਕੇ ਪੂਜਣਾ ਮੁਰਦਿਆਂ ਨੂੰ,
ਤੂੰ ਜਿਉਂਦਿਆਂ ਨਾਲ ਪਿਆਰ ਕਰ ਲੈ।
ਬਰਾਬਰੀ ਦਾ ਸਮਾਜ ਆਪਾਂ ਸਿਰਜਣਾ ਹੈ,
ਆਜਾ ਸਾਡੇ ਨਾਲ ਇਹ ਇਕਰਾਰ ਕਰ ਲੈ।

ਕੁਲਵਿੰਦਰ ਨਗਾਰੀ
98880-51855

ਪੰਧ

ਮੌਤ ਤਾਂ ਜ਼ਿੰਦਗੀ ਦਾ ਅੰਤਿਮ ਸੱਚ ਹੈ,
ਇੱਕ ਦਿਨ ਇਸਨੇ ਆਉਣਾ ਹੈ।
ਪਾਖੰਡੀ ਬਾਬਿਆਂ ਦੇ ਲੜ੍ਹ ਨਾ ਲੱਗਣਾ,
ਜੇ ਜ਼ਿੰਦਗੀ ਨੂੰ ਤੁਸੀਂ ਬਚਾਉਣਾ ਹੈ।
ਤਰਕਸ਼ੀਲਤਾ ਦਾ ਪੰਧ ਚੁਣਨਾ ਲੋਕੋ
ਜੇ ਰਾਹਾਂ ਨੂੰ ਰੁਸ਼ਨਾਉਣਾ ਹੈ।

ਸਵਿੰਦਰ ਕੌਰ ਧੂਰੀ
90418-42812

ਨਸ਼ਤਰਾਂ

ਜਗਸੀਰ ਜੀਦਾ

ਏ.ਟੀ.ਐੱਮ. ਦੀ ਸਹੂਲਤ ਵਰਗਾ
ਵੋਟ ਬੈਂਕ ਬਾਬਿਆਂ ਦਾ

ਬੀਜ ਖੋਹ ਲਏ ਖੇਤਾਂ ਦੇ ਪੁੱਤਾਂ ਕੋਲੋਂ
ਤਿਆਰੀ ਹੈ ਜਮੀਨਾਂ ਖੋਹਣ ਦੀ

ਪੈਸੇ ਝਾੜੀਆਂ ਦੇ ਨਾਲ ਨਹੀਂ ਲੱਗਦੇ
ਤਾਂਹੀ ਤਾਂ ਅਸੀਂ ਜੇਬਾਂ ਕੱਟਦੇ

ਆਓ ਭਰੀਏ ਖਜ਼ਾਨਾ ਖਾਲੀ,
ਲੋਕਾਂ ਦੇ ਚਲਾਨ ਕੱਟਕੇ

ਬੁੱਲਿਆ ਮੈਂ ਜਾਣਾ ਮੈਂ ਕੌਣ

ਅਮਰਜੀਤ ਢਿੱਲੋਂ ਦਬੜੀਖਾਨਾ

ਮੈਂ ਅੰਬਰ ਹਾਂ, ਧਰਤੀ ਹਾਂ, ਸੂਰਜ ਹਾਂ, ਪਾਣੀ ਅਤੇ ਪੌਣ ਹਾਂ
ਮੇਰੇ ਦੋਸਤ ਬੁੱਲਿਆ, ਹੁਣ ਮੈਂ ਜਾਣਦਾ ਹਾਂ ਕਿ ਮੈਂ ਕੌਣ ਹਾਂ?
ਮੈਂ ਹਿੰਦੂ, ਨਾ ਮੁਸਲਿਮ, ਨਾ ਸਿੱਖ, ਨਾ ਇਸਾਈ,
ਮੈਂ ਕੋਈ ਜਾਤ ਪਾਤ ਵੀ ਹੈ ਨਹੀਂ ਅਪਣਾਈ।
ਮੈਂ ਮਿਹਨਤਕਸ਼ ਮਾਨਵ ਦਾ ਹਾਂ ਭਾਈ,
ਮੈਂ ਸੂਰਜ ਦੇ ਅੰਗ ਸੰਗ ਯਾਰੀ ਹੈ ਲਾਈ।
ਜੋ ਨਿੱਤ ਬਦਲਦੀ ਹੈ ਦਿਸ਼ਾਵਾਂ ਰੇਖਾਵਾਂ,
ਮੈਂ ਉਸ ਧਰਤੀ ਦਾ ਨਹੀਂ ਭੌਣ ਹਾਂ। ਮੇਰੇ ਦੋਸਤ...



ਮੈਂ ਲਾਵਾਂ ਤਿਲਕ ਨਾ ਹੀ ਪਾਵਾਂ ਜਨੇਊ,
ਮੈਂ ਜਾਵਾਂ ਨਾ ਗਿਰਜੇ ਤੇ ਮੱਕੇ।
ਇਹ ਸਾਰੀ ਹੀ ਦੁਨੀਆਂ ਦੇ ਅੱਖਰ ਨੇ ਮੇਰੇ,
ਮੇਰਾ ਰਾਹ ਨਾ ਰੋਕਣ ਕੋਈ ਪੰਜ ਕੱਕੇ।
ਰਿਹੈ ਰਾਜ ਇਥੇ ਸਦਾ ਵਿਹਲੜਾਂ ਦਾ,
ਮਿਹਨਤ ਨੂੰ ਵੱਜਦੇ ਹੀ ਆਏ ਨੇ ਧੱਕੇ।
ਇਸੇ ਲਈ ਇਹ ਜਾਤਾਂ ਤੇ ਪਾਤਾਂ ਦੇ ਝਗੜੇ,
ਕੁੱਝ ਕੁ ਸ਼ੈਤਾਨਾਂ ਨੇ ਕੀਤੇ ਨੇ ਪੱਕੇ।
ਮੈਂ ਇਸੇ ਧਰਤੀ 'ਚੋਂ ਹਾਂ ਰੁੱਖ ਵਾਂਗ ਉੱਗਿਆ,
ਇਸੇ 'ਚ ਲਗਾ ਹੁਣ ਸਮੌਣ ਹਾਂ, ਮੇਰੇ ਦੋਸਤ
ਜਾਦੂ ਟੂਣੇ, ਪ੍ਰੇਤ ਆਤਮਾਵਾਂ ਨੂੰ ਨਹੀਂ ਮੰਨਦਾ ਮੈਂ,
ਅੱਖਾਂ ਨੂੰ ਨਜ਼ਰ ਆਉਂਦੀਆਂ ਨਹੀਂ ਜੋ ਸ਼ੈਆਂ
ਉਹਨਾਂ ਦੀਆਂ ਛਾਵਾਂ ਨੂੰ ਨਹੀਂ ਮੰਨਦਾ ਮੈਂ।
ਦੁੱਖ ਤਾਂ ਹੈ, ਦੁੱਖ ਦਾ ਇਲਾਜ ਵੀ ਹੈ,
ਪਰ ਫਰਜ਼ੀ ਬਲਾਵਾਂ ਨੂੰ ਨਹੀਂ ਮੰਨਦਾ ਮੈਂ।
'ਢਿੱਲੋਂ' ਸੀ ਇਹ ਰੱਬ ਵੀ ਮੈਂ ਖ਼ੁਦ ਹੀ ਬਣਾਇਆ,
ਤੇ ਖ਼ੁਦ ਹੀ ਇਹਨੂੰ ਹੁਣ ਲੱਗਾ ਢੌਣ ਹਾਂ।
ਮੇਰੇ ਦੋਸਤ ਬੁੱਲਿਆ ਹੁਣ ਮੈਂ ਜਾਣਦਾ ਹਾਂ ਕਿ ਮੈਂ ਕੌਣ ਹਾਂ।

ਮਿੰਨੀ ਕਹਾਣੀ

ਕੁਰਬਾਨੀ

ਕਿਸਤੀ ਸਮੁੰਦਰ ਵਿਚਕਾਰ ਪਹੁੰਚ ਚੁੱਕੀ ਸੀ, ਜਿਸ ਵਿੱਚ ਦੋ ਅਲੱਗ ਅਲੱਗ ਧਰਮਾਂ ਦੇ ਪ੍ਰਚਾਰਕ ਆਪਣੇ ਧਾਰਮਿਕ ਗ੍ਰੰਥਾਂ ਸਮੇਤ ਇਕ ਦੂਜੇ ਤੋਂ ਵਿਸ਼ੇਸ਼ ਦੂਰੀ ਬਣਾਈ ਬੈਠੇ ਸਨ। ਪਿਛਲੇ ਦਿਨੀਂ ਇਹਨਾਂ ਦੇ ਪ੍ਰਚਾਰ ਦਾ ਹੀ ਸਿੱਟਾ ਸੀ ਕਿ ਦੋਹਾਂ ਫਿਰਕਿਆਂ ਚ ਜੰਮ ਕੇ ਦੰਗੇ ਹੋਏ ਸਨ ਤੇ ਹੁਣ ਦੋਵੇਂ ਕਿਸੇ ਹੋਰ ਜਗ੍ਹਾ ਪ੍ਰਚਾਰ ਲਈ ਜਾ ਰਹੇ ਸਨ। ਸਬੱਬ ਇਹ ਬਣਿਆ ਕਿ ਦੋਵਾਂ ਨੂੰ ਇੱਕ ਹੀ ਕਿਸ਼ਤੀ ਰਾਹੀਂ ਸਮੁੰਦਰ ਪਾਰ ਕਰਨਾ ਪੈਣਾ ਸੀ। ਗਰੀਬ ਮਲਾਹ ਨੂੰ ਤਾਂ ਉਹ ਪਹਿਲਾਂ ਹੀ ਸਮੁੰਦਰ ਚ ਸੁੱਟ ਚੁੱਕੇ ਹਨ। ਹੁਣ ਤਾਂ ਦੋਵੇਂ ਇਕ ਦੂਜੇ ਵੱਲ ਨਫ਼ਰਤ ਨਾਲ ਦੇਖ ਛੱਡਦੇ, ਦੋਵਾਂ ਚੋਂ ਕਿਸੇ ਦੀ ਹਿੰਮਤ ਨਹੀਂ ਸੀ ਪੈ ਰਹੀ ਕਿ ਦੂਸਰੇ ਨੂੰ ਸਮੁੰਦਰ 'ਚ ਧੱਕ ਦੇਵੇ। ਧਾਰਮਿਕ ਗ੍ਰੰਥ....। ਉਹਨਾਂ ਨੂੰ ਸਮੁੰਦਰ ਚ ਕਿਵੇਂ ਸੁੱਟਦੇਣ??? ਇਹਨਾਂ ਲਈ ਤਾਂ ਕਿੰਨੀਆਂ ਹੀ ਜ਼ਿੰਦਗੀਆਂ ਕੁਰਬਾਨ ਕਰਕੇ ਆਏ ਸਨ। ਹੁਣ ਤਾਂ ਆਪਣੀਆਂ ਹੀ ਜ਼ਿੰਦਗੀਆਂ ਕੁਰਬਾਨ ਕਰ ਸਕਦੇ ਸਨ। ਕਿਸ਼ਤੀ ਦੇ ਉਪਰਲੇ ਕਿਨਾਰੇ ਤੱਕ ਪਹੁੰਚਣ ਵਿੱਚ ਪਾਣੀ ਦਾ ਥੋੜ੍ਹਾ ਹੀ ਫਰਕ ਰਹਿ ਗਿਆ ਅਤੇ ਕਿਸ਼ਤੀ ਲਗਾਤਾਰ ਥੱਲੇ ਜਾ ਰਹੀ ਸੀ। ਦੋਵਾਂ ਦੀਆਂ ਨਜ਼ਰਾਂ ਮਿਲੀਆਂ ਤੇ ਇੱਕ ਖਾਮੋਸ਼ ਜਿਹਾ ਸਮਝੌਤਾ ਹੋ ਗਿਆ ਤੇ ਦੋਵਾਂ ਨੇ ਆਪਣੇ-ਆਪਣੇ ਧਾਰਮਿਕ ਗ੍ਰੰਥ ਸਮੁੰਦਰ 'ਚ ਸੁੱਟ ਦਿੱਤੇ। ਕਿਸ਼ਤੀ ਹੌਲੀ ਹੌਲੀ ਉੱਪਰ ਆਉਣ ਲੱਗੀ।

ਕੁਲਵਿੰਦਰ ਕੌਸ਼ਲ, ਪੰਜਗਰਾਈਆਂ (ਸੰਗਰੂਰ)
96463-89822

ਧਰਮ

ਜਿੱਥੇ ਕਿਤੇ ਵੀ ਹੋਇਆ ਦੰਗਾ
ਸਭ ਧਰਮ ਦੇ ਨਾਂ ਤੇ ਹੋਇਆ ਹੈ
ਇੱਕ ਧਰਮ ਵਾਲੇ ਨੇ
ਦੂਜੇ ਧਰਮ ਵਾਲੇ ਨੂੰ ਕੋਹਿਆ ਹੈ
ਓਏ ਧਰਮ ਦੇ ਠੇਕੇਦਾਰੋ
ਕੁਝ ਤਰਸ ਕਰੋ
ਮਨੁੱਖਤਾ ਨੂੰ ਟਿਕ ਕੇ ਬਹਿਣ ਦਿਓ
ਕਹੇ ਚੰਮੇਲੀ ਵਾਲਾ ਸਾਧੂ
ਸਾਨੂੰ ਤਾਂ ਇਨਸਾਨ ਹੀ ਰਹਿਣ ਦਿਓ।

ਸਾਧੂ ਸਿੰਘ ਚਮੇਲੀ
95018-94421

ਭਖਦਾ ਮਸਲਾ

ਵਾਤਾਵਰਨ ਪੱਖੀ ਅਰਥਚਾਰਾ : ਆਵਾਮ ਦੀ ਸ਼ਮੂਲੀਅਤ

ਡਾ. ਚਰਨਜੀਤ ਸਿੰਘ ਨਾਭਾ



ਸੰਸਾਰ ਦੇ ਪ੍ਰਸਿੱਧ ਰਸਾਲੇ ' ਟਾਈਮ' ਨੇ ਸਾਲ 2011 ਦੇ ਸਰਵੋਤਮ ਸਖਸ਼ ਦਾ ਦਰਜਾ ਉਹਨਾਂ 'ਮੁਜਾਹਰਾਕਾਰੀਆਂ' ਨੂੰ ਦਿੱਤਾ ਹੈ ਜਿੰਨ੍ਹਾਂ ਨੇ ਸੰਸਾਰ ਦੇ ਵੱਖ-ਵੱਖ ਖੇਤਰਾਂ, ਦੇਸ਼ਾਂ ਵਿੱਚ ਜਮਹੂਰੀਅਤ ਦੀ ਆਵਾਜ ਦਬਾਉਣ, ਆਰਥਿਕ ਸ਼ੋਸ਼ਣ, ਕਾਣੀ ਵੰਡ ਅਤੇ ਕੁਦਰਤੀ ਸਰੋਤਾਂ ਦੀ ਇਜ਼ਾਰੇਦਾਰੀ ਸਥਾਪਿਤ ਕਰਨ ਦੇ ਖਿਲਾਫ਼ ਲੋਕਾਂ ਦੀ ਵੱਡੀ ਸ਼ਮੂਲੀਅਤ ਵਾਲਾ ਜਬਰਦਸਤ ਰੋਸ ਪ੍ਰਗਟ ਕੀਤਾ। ਇਹ ਆਰਥਿਕ ਨਾ-ਬਰਾਬਰੀ ਖਿਲਾਫ਼ ਲੋਕਾਂ ਦੇ ਵਿਦਰੋਹ ਦੀ ਭਾਵਨਾ ਪਣਪਣ ਦੀ ਛੋਟੀ ਜਿਹੀ ਉਦਾਹਰਣ ਹੈ।ਅਮਰੀਕਾ ਦੀ ਆਰਥਿਕ ਮੰਦਹਾਲੀ, ਜੋ 2007 ਵਿੱਚ ਸ਼ੁਰੂ ਹੋਈ, ਹੁਣ ਸਮੁੱਚੇ ਸੰਸਾਰ ਨੂੰ ਆਪਣੀ ਲਪੇਟ ਵਿੱਚ ਲੈ ਰਹੀ ਹੈ। ਅਮਰੀਕਾ, ਸਮੁੱਚਾ ਯੂਰਪ ਅਤੇ ਜਾਪਾਨ ਇਸ ਆਰਥਿਕ ਮੰਦੀ ਦਾ ਸਭ ਤੋਂ ਵੱਧ ਸੇਕ ਹੰਢਾ ਰਹੇ ਹਨ। ਅਮਰੀਕੀ ਅਰਥਚਾਰੇ ਦੀ ਰੀੜ ਦੀ ਹੱਡੀ ਵਜੋਂ ਜਾਣੀ ਜਾਂਦੀ 'ਵਾਲ ਸਟਰੀਟ' ਤੇ ਕਬਜਾ ਕਰਨ ਦੀ ਮੁਹਿੰਮ ਨੇ ਸਿਰਫ ਇੱਕ ਹੀ ਨਾਅਰਾ ਦਿੱਤਾ।"ਅਸੀਂ 99 ਪ੍ਰਤੀਸ਼ਤ ਹਾਂ ਅਤੇ 1 ਪ੍ਰਤੀਸ਼ਤ ਲੋਕਾਂ ਦਾ ਲਾਲਚ ਅਤੇ ਭ੍ਰਿਸ਼ਟਾਚਾਰ ਬਰਦਾਸ਼ਤ ਨਹੀਂ ਕਰਾਂਗੇ। ਬਹੁਤ ਲੁੱਟ ਹੋ ਚੁੱਕੀ ਹੈ, ਹੁਣ ਹੋਰ ਨਹੀਂ ਹੋਣ ਦੇਵਾਂਗੇ।" ਹੁਣ ਉਹੀ ਅਮੀਰ ਦੇਸ਼ਾਂ ਦੀ ਲੀਡਰਸ਼ਿਪ ਨੂੰ ਜਿਹੜੀ ਐਸ਼ੋ-ਅਰਾਮ ਅਤੇ ਵਿਲਾਸਮਈ ਜ਼ਿੰਦਗੀ ਨੂੰ ਆਪਣਾ ਅਧਿਕਾਰ ਸਮਝਦੀ ਸੀ, ਨੇ ਜਦੋਂ ਆਮ ਆਦਮੀ ਨੂੰ ਸਾਦਗੀ ਅਤੇ ਨੈਤਿਕਤਾ ਦਾ ਪਾਠ ਪੜਾਉਣਾ ਸ਼ੁਰੂ ਕੀਤਾ ਅਤੇ ਆਰਥਿਕ ਕਟੌਤੀਆਂ ਲਗਾਈਆਂ ਤਾਂ ਲੋਕਾਂ ਦੇ ਵਿਦਰੋਹ ਦਾ ਸਾਹਮਣਾ ਕਰਨਾ ਪਿਆ। ਸਰਮਾਏਦਾਰੀ ਨੀਤੀ ਘਾੜਿਆਂ ਨੂੰ ਅਜੇ ਵੀ ਇਹ ਵਿਸ਼ਵਾਸ ਨਹੀਂ ਆ ਰਿਹਾ ਕਿ ਆਰਥਿਕ ਨੀਤੀਆਂ ਨੂੰ ਅਜਿਹੇ ਤਰੀਕੇ ਨਾਲ ਵੀ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ ਜਿਸ ਵਿੱਚ ਖਪਤ ਦਾ ਘਟਣਾ ਅਤੇ ਪ੍ਰਦੂਸ਼ਣ ਦਾ ਘਟਣਾ ਸ਼ਾਮਿਲ ਹੋਵੇ ਅਤੇ ਵਿਕਾਸ ਵੀ ਨਿਰੰਤਰ ਚਲਦਾ ਰਹੇ ਜਿਸ ਨਾਲ ਪੂੰਜੀ ਬੇਸ਼ੱਕ ਘੱਟ ਜੁੜੇ ਪਰ ਵਿਕਾਸ ਮਨੁੱਖਤਾ ਅਤੇ ਵਾਤਾਵਰਨ ਪੱਖੀ ਹੋਵੇ।

ਅੱਜ ਤੋਂ 40 ਸਾਲ ਪਹਿਲਾਂ ਜਦੋਂ 1972 ਵਿੱਚ ਸਟਾਕਹੋਮ ਵਿਖੇ ਸੰਯੁਕਤ ਰਾਸ਼ਟਰ ਵੱਲੋਂ ਵਾਤਾਵਰਨ ਕਾਨਫਰੰਸ ਕੀਤੀ ਗਈ ਤਾਂ ਅਸੀਂ ਭਾਰਤ ਵੱਲੋਂ ਕਿਹਾ ਸੀ "ਆਰਥਿਕ ਵਿਕਾਸ ਜੀਵ-ਭਿੰਨਤਾ ਅਤੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਏ ਬਿਨ੍ਹਾਂ ਹੋਣਾ ਚਾਹੀਦਾ ਹੈ ਅਤੇ ਇਸ ਵਿਕਾਸ ਦੀ ਸਮਾਜਿਕ ਜਵਾਬਦੇਹੀ ਵੀ ਨਿਸ਼ਚਿਤ ਕੀਤੀ ਜਾਣੀ ਚਾਹੀਦੀ ਹੈ।" ਸਰਮਾਏਦਾਰ ਨੀਤੀਆਂ ਦਾ ਆਨੰਦ ਮਾਣ ਰਹੇ ਦੇਸ਼ਾਂ ਨੇ ਇਸ ਦਾ ਵਿਰੋਧ ਕੀਤਾ ਪਰ ਅੱਜ ਆਰਥਿਕ ਮੰਦੀ ਕਾਰਨ, ਬੇਹਾਲ ਉਹੀ ਦੇਸ਼ 40 ਸਾਲ ਪਹਿਲਾਂ ਵਾਲੇ ਵਿਚਾਰਾਂ ਨੂੰ ਅਪਨਾਉਣ ਲਈ ਜੁੜ ਰਹੇ ਹਨ ਅਤੇ ਇਸ ਵਰ੍ਹੇ ਵਿਸ਼ਵ ਵਾਤਾਵਰਨ ਦਿਵਸ ਦਾ ਥੀਮ 'ਵਾਤਾਵਰਨ ਪੱਖੀ ਅਰਥਚਾਰਾ: ਕੀ ਤੁਸੀਂ ਵੀ ਸ਼ਾਮਿਲ ਹੋ?' (Green Economy : Does it include you?) ਵੀ ਇੰਨ੍ਹਾਂ ਵਿਚਾਰਾਂ ਨਾਲ ਮੇਲ ਜੋਲ ਖਾਂਦਾ ਹੀ ਰੱਖਿਆ।

90 ਵਿਆਂ ਵਿੱਚ ਸੰਸਾਰ ਪੱਧਰ ਤੇ ਅਮਰੀਕੀ ਅਰਥਚਾਰੇ ਦੀ ਪ੍ਰਸ਼ੰਸਾ ਹੋਣੀ ਸ਼ੁਰੂ ਹੋਈ ਅਤੇ ਬਹੁਤੇ ਦੇਸ਼ਾਂ ਨੇ ਅੰਦਰੂਨੀ ਸਿਆਸੀ ਵਿਰੋਧ ਦੇ ਬਾਵਜੂਦ ਵੀ ਉਦਾਰਵਾਦੀ ਆਰਥਿਕ ਨੀਤੀਆਂ ਅਪਨਾਉਣੀਆਂ ਸ਼ੁਰੂ ਕਰਕੇ ਆਪਣੇ ਬੂਹੇ ਸਮੁੱਚੇ ਸੰਸਾਰ ਲਈ ਖੋਲ ਦਿੱਤੇ ਅਤੇ ਪਿਛਲੇ ਦੋ

ਦਹਾਕਿਆਂ ਤੋਂ ਅਸੀਂ ਆਪਣੀ ਵਿਕਾਸ ਦਰ ਕੁੱਲ ਘਰੇਲੂ ਪੈਦਾਵਾਰ ਨਾਲ ਜੋੜ ਕੇ ਦਿਖਾ ਰਹੇ ਹਾਂ। ਪਰ ਇਸ ਵਿਕਾਸ ਵਿੱਚੋਂ ਕੁਦਰਤ, ਕਾਇਨਾਤ, ਵਾਤਾਵਰਨ ਅਤੇ ਮਨੁੱਖੀ ਖੁਸ਼ੀ ਮਨਫੀ ਹੈ। ਅਮੀਰ ਦੇਸ਼ਾਂ ਨੇ ਵਾਤਾਵਰਨ ਨੀਤੀ ਵੀ ਇਸ ਤਰ੍ਹਾਂ ਦੀ ਘੜੀ ਹੈ ਜਿਸ ਨਾਲ ਅਮੀਰ ਲੋਕਾਂ ਦੀ ਐਸ਼ੋ-ਆਰਾਮ ਸੁਰੱਖਿਅਤ ਰਹੇ ਜਿਸ ਦੀ ਪ੍ਰਾਪਤੀ ਲਈ ਕੁਦਰਤੀ ਸਰੋਤਾਂ ਦੀ ਦੁਰਵਰਤੋਂ ਨੂੰ ਆਪਣੇ ਅਧਿਕਾਰ ਵਜੋਂ ਵਰਤੇ ਜਾਣ ਦਾ ਦੁਖਾਂਤ ਗਰੀਬ ਦੇਸ਼ ਅਤੇ ਅਮੀਰ ਦੇਸ਼ਾਂ ਦੇ ਗਰੀਬ ਲੋਕ ਭੁਗਤ ਰਹੇ ਹਨ ਜੋ ਵਾਤਾਵਰਨ ਅਤੇ ਕੁਦਰਤ ਵਿੱਚ ਆ ਰਹੀਆਂ ਤੇਜ ਤਬਦੀਲੀਆਂ ਦੇ ਦੁਰਪ੍ਰਭਾਵਾਂ ਨਾਲ ਸਿਮਟਣ ਲਈ ਆਰਥਿਕ ਗਰੀਬੀ ਕਾਰਨ ਅਸਮਰੱਥ ਹਨ।

1992 ਵਿੱਚ ਜਦੋਂ ਰੀਓ-ਡੀ-ਜੀਨਰੀਓ ਵਿਖੇ 'ਧਰਤ ਦਿਵਸ' ਵਜੋਂ ਇਕੱਠ ਹੋਇਆ ਤਾਂ ਵਾਤਾਵਰਨ ਪੱਖੀ ਵਿਕਾਸ ਨੂੰ ਸੰਸਾਰ ਦੇ ਇਕ ਅਹਿਮ ਏਜੰਡੇ ਦੇ ਤੌਰ ਤੇ ਪ੍ਰਵਾਨ ਕੀਤਾ ਗਿਆ ਅਤੇ ਸਾਰੇ ਦੇਸ਼ਾਂ ਨੇ ਅਹਿਦ ਲਿਆ ਕਿ ਇਸ ਧਰਤੀ ਤੇ ਜ਼ਿੰਦਗੀ ਬਰਕਰਾਰ ਰੱਖਣ ਲਈ ਉਹ ਨਿਰੰਤਰ ਯਤਨ ਕਰਦੇ ਰਹਿਣਗੇ ਪਰ ਆਰਥਿਕ ਪੱਖੋਂ ਕਿਸੇ ਕਿਸਮ ਦੀ ਪਹਿਲ ਕਦਮੀ ਨਹੀਂ ਕੀਤੀ ਗਈ। ਜਿਸ ਵਿੱਚ ਇਹ ਨਿਸ਼ਚਿਤ ਹੋਵੇ ਕਿ ਵਿਕਾਸ ਅਤੇ ਮਨੁੱਖੀ ਭਲਾਈ ਦੇ ਨਾਲ-ਨਾਲ ਚੱਲਦੇ ਹੋਏ ਧਰਤੀ ਦੇ ਅਹਿਮ ਖਜਾਨਿਆਂ: ਹਵਾ, ਪਾਣੀ ਅਤੇ ਧਰਤੀ ਨੂੰ ਵੀ ਜੀਵ ਭਿੰਨਤਾ ਦੇ ਅਨੁਕੂਲ ਰੱਖਿਆ ਜਾ ਸਕੇ ਪਰ 20 ਸਾਲਾਂ ਦੌਰਾਨ ਹਵਾ, ਪਾਣੀ ਅਤੇ ਧਰਤੀ ਦੀ ਹਾਲਤ ਬਦ ਤੋਂ ਬਦਤਰ ਹੀ ਹੋਈ ਹੈ ਜਿਸ ਦਾ ਮੁੱਖ ਕਸੂਰਵਾਰ ਮੌਜੂਦਾ ਮੁਨਾਫੇ ਪੱਖੀ ਆਰਥਿਕ ਵਿਕਾਸ ਹੈ ਜੋ ਮਨੁੱਖ ਅਤੇ ਕੁਦਰਤ ਦੇ ਸੋਸ਼ਣ ਨੂੰ ਆਪਣਾ ਅਧਿਕਾਰ ਸਮਝਦਾ ਹੈ। ਪਰ ਜੇ 2012 ਤੋਂ ਪਿਛਲੇ 20 ਸਾਲਾਂ ਤੇ ਝਾਤ ਮਾਰੀਏ ਤਾਂ ਪ੍ਰਾਪਤੀਆਂ ਨਿਰਾਸ਼ਾਜਨਕ ਹਨ: ਧਰਤੀ ਦਾ ਤਾਪਮਾਨ ਵਧ ਰਿਹਾ ਹੈ, ਖੁੱਲੀ ਆਰਥਿਕ ਮੰਡੀ ਨਿਰਾਸ਼ਾ ਦੇ ਆਲਮ 'ਚੋਂ ਗੁਜਰ ਰਹੀ ਹੈ, ਬੇ-ਰੁਜਗਾਰੀ ਵਧ ਰਹੀ ਹੈ, ਖਾਧ ਪਦਾਰਥਾਂ ਦੀਆਂ ਕੀਮਤਾਂ ਅਸਮਾਨੀ ਛੂਹ ਰਹੀਆਂ ਹਨ ਅਤੇ ਗਰੀਬ ਦੀ ਪਹੁੰਚ ਤੋਂ ਬਾਹਰ ਹਨ। ਇਹ ਸਾਰੀਆਂ ਅਲਾਮਤਾਂ ਇੱਕ ਦੂਜੇ ਨਾਲ ਅਤੇ ਵਾਤਾਵਰਨ ਨਾਲ ਜੁੜੀਆਂ ਹੋਈਆਂ ਹਨ। ਮੌਜੂਦਾ ਆਰਥਿਕ ਵਿਕਾਸ ਦੁਆਰਾ ਪ੍ਰਾਪਤ ਸਹੂਲਤਾਂ ਰਾਹੀਂ ਅਸੀਂ ਕਾਰਬਨ ਫੂਕ ਕੇ ਕਾਰਬਨ ਡਾਇਆਕਸਾਇਡ ਪੈਦਾ ਕਰ ਰਹੇ ਹਾਂ। ਹੁਣ ਸਾਡੇ ਕੋਲ ਦੋ ਹੀ ਵਿਕਲਪ ਹਨ-ਹਰੀ ਤਕਨਾਲੋਜੀ ਅਪਣਾਈਏ ਜਾਂ ਧਰਤੀ ਤੋਂ ਅਲੋਪ ਹੋ ਜਾਈਏ। ਵਾਤਾਵਰਨ ਕਾਰਕੁੰਨ ਵੰਦਨਾ ਸ਼ਿਵਾ ਨੇ ਲਿਖਿਆ ਹੈ ਕਿ 1992 ਵਿੱਚ ਅਸੀਂ ਹੀਰੋ ਸੀ ਅਤੇ ਅੱਜ ਅਸੀਂ ਜ਼ੀਰੋ ਹਾਂ ਕਿਉਂਕਿ ਅਸੀਂ ਕੁਦਰਤ ਪੱਖੀ ਵਿਕਾਸ ਵੱਲ ਪਿੱਠ ਕਰਕੇ ਪ੍ਰਦੂਸ਼ਣ ਕਰਨ ਵਾਲੇ ਵਿਕਾਸ ਨੂੰ ਉਤਸਾਹਿਤ ਕੀਤਾ ਹੈ।

ਭਾਰਤੀ ਸੰਵਿਧਾਨ ਦੀ ਧਾਰਾ-21 ਬੇਸ਼ੱਕ ਜਿਉਣ ਦੇ ਅਧਿਕਾਰ ਦੀ ਰਾਖੀ ਕਰਦੀ ਹੈ ਪਰ ਸਾਡੇ ਦੇਸ਼ ਅੱਗੇ ਵਾਤਾਵਰਨ ਨਾਲ ਸੰਬੰਧਤ ਪੰਜ ਪ੍ਰਮੁੱਖ ਚੁਣੌਤੀਆਂ ਹਨ: ਮੌਸਮੀ ਤਬਦੀਲੀ, ਭੋਜਨ ਸੁਰੱਖਿਆ, ਪਾਣੀ ਸੁਰੱਖਿਆ, ਊਰਜਾ ਸੁਰੱਖਿਆ ਅਤੇ ਬੇਤਹਾਸ਼ਾ ਸ਼ਹਿਰੀਕਰਨ ਦਾ ਪ੍ਰਬੰਧਨ ਜਿੰਨ੍ਹਾਂ ਦਾ ਸਿੱਧਾ ਸੰਬੰਧ ਵਾਤਾਵਰਨ, ਜੀਵ ਭਿੰਨਤਾ ਅਤੇ ਕੁਦਰਤੀ ਸਰੋਤਾਂ ਨਾਲ ਹੈ। ਤਕਰੀਬਨ 400 ਕਿਸਮ ਦੀਆਂ ਜੜੀਆਂ ਬੂਟੀਆਂ ਕੇਵਲ ਭਾਰਤ ਦੀ ਹੀ ਪੈਦਾਇਸ਼ ਹਨ। ਵਿਸ਼ਵ ਸਿਹਤ ਸੰਸਥਾ ਦੁਆਰਾ ਪ੍ਰਕਾਸ਼ਿਤ ਦਵਾਈਆਂ ਲਈ ਅਹਿਮ 20000 ਪੌਦਿਆਂ ਦੀ ਸੂਚੀ ਵਿੱਚੋਂ 3500 ਸਿਰਫ ਭਾਰਤ ਵਿੱਚ ਹੀ ਪਾਈਆਂ ਜਾਂਦੀਆਂ ਹਨ ਪਰ ਉਕਤ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਕੁਦਰਤੀ ਸਰੋਤ ਅਤੇ ਜੀਵ ਭਿੰਨਤਾ ਮਾਰ ਹੇਠ ਆ ਰਹੀ ਹੈ ਜਿਸ ਕਾਰਨ ਹਵਾ, ਪਾਣੀ, ਧਰਤੀ, ਦਰਿਆ ਦੂਸ਼ਿਤ ਹੋ ਰਹੇ ਹਨ, ਜੰਗਲਾਂ ਹੇਠਲਾ ਰਕਬਾ ਘਟ ਰਿਹਾ ਹੈ, ਸ਼ਹਿਰੀ ਨਿਕਾਸ ਨੇ ਨਦੀਆਂ, ਨਾਲੇ ਅਤੇ ਦਰਿਆ ਵੱਡੇ ਪੱਧਰ ਤੇ ਦੂਸ਼ਿਤ ਕੀਤੇ ਹਨ ਜੋ

ਆਰਥਿਕ ਵਿਕਾਸ ਦੀ 'ਮੂੰਹ ਬੋਲਦੀ ਤਸਵੀਰ' ਹੈ ਜਿਸ ਕਾਰਨ ਪ੍ਰਦੂਸ਼ਣ ਦੀ ਸਮਾਜਿਕ ਕੀਮਤ ਵਿੱਚ ਲਗਾਤਾਰ ਤਿੱਖਾ ਵਾਧਾ ਹੋ ਰਿਹਾ ਹੈ। ਸੰਸਾਰ ਦੀ 5-7 ਮਿਲੀਅਨ ਹੈਕਟੇਅਰ ਭੂਮੀ ਸਾਲਾਨਾ ਖੁਰ ਰਹੀ ਹੈ। ਭਾਰਤ ਦੀ 60 ਪ੍ਰਤੀਸ਼ਤ ਜ਼ਮੀਨ ਨੂੰ ਵੀ ਖੁਰਨ ਤੋਂ ਤੁਰੰਤ ਸੰਭਾਲੇ ਜਾਣ ਦੀ ਜਰੂਰਤ ਹੈ। ਅੱਜ ਭਾਰਤ ਕੁੱਲ ਖੇਤੀ ਆਮਦਨ ਦਾ 4-6 ਪ੍ਰਤੀਸ਼ਤ ਨੁਕਸਾਨ ਇਸ ਮਿੱਟੀ ਦੇ ਖੁਰਨ ਕਾਰਨ ਉਠਾ ਰਿਹਾ ਹੈ। ਵੱਡੇ ਛੋਟੇ ਡੈਮਾਂ ਕਰਕੇ ਨਦੀਆਂ, ਝੀਲਾਂ ਵਿੱਚ ਮਿੱਟੀ ਜਮਾਂ ਹੋਣ ਕਾਰਨ 60,000 ਹੈਕਟੇਅਰ ਵਾਹੀਯੋਗ ਜਮੀਨ ਇਹਨਾਂ ਦਰਿਆਵਾਂ, ਝੀਲਾਂ ਦਾ ਹਿੱਸਾ ਬਣ ਰਹੀ ਹੈ। ਇਹਨਾਂ ਦਰਿਆਵਾਂ ਦਾ 70 ਪ੍ਰਤੀਸ਼ਤ ਪਾਣੀ ਦੂਸ਼ਿਤ ਹੋ ਚੁੱਕਾ ਹੈ। ਇਹੋ ਕਾਰਨ ਹੈ ਕਿ ਬੋਤਲਬੰਦ ਪਾਣੀ ਦੀ ਮੰਗ ਜੇ ਸੰਸਾਰ ਪੱਧਰ ਤੇ 1999-2004 ਤੱਕ ਦੁੱਗਣੀ ਹੋਈ ਹੈ ਤਾਂ ਭਾਰਤ ਵਿੱਚ ਇਸੇ ਸਮੇਂ ਦੌਰਾਨ ਇਹ ਮੰਗ ਤਿਗੁਣੀ ਹੋਈ ਹੈ ਜਦਕਿ ਬੋਤਲਬੰਦ ਪਾਣੀ ਆਮ ਜਲ ਸਪਲਾਈ ਵਾਲੇ ਪਾਣੀ ਨਾਲੋਂ 10000 ਗੁਣਾਂ ਮਹਿੰਗਾ ਹੋਣ ਦੇ ਬਾਵਜੂਦ ਕਦੇ ਵੀ ਗੁਣਕਾਰੀ ਸਿੱਧ ਨਹੀਂ ਹੋਇਆ। ਸਾਡਾ ਦੁਖਾਂਤ ਇਹ ਰਿਹਾ ਹੈ ਕਿ ਅਸੀਂ ਪੱਛਮ ਨੂੰ ਆਪਣਾ ਰੋਲ ਮਾਡਲ ਅਪਣਾ ਲਿਆ ਹੈ ਜਿੱਥੇ ਹਰ ਗੱਲ ਨੂੰ ਸਿਰਫ "ਹੁਣ ਅਤੇ ਮੁਨਾਫ਼ੇ" ਨਾਲ ਜੋੜ ਕੇ ਵੇਖਿਆ ਅਤੇ ਵਰਤਿਆ ਜਾਂਦਾ ਹੈ। ਹੁਣ 'ਸਰਬੱਤ ਦੇ ਭਲੇ' ਦੀ ਗੱਲ ਕਰਨ ਵਾਲਾ ਮਨੁੱਖ ਆਪਣੇ ਸੱਭਿਆਚਾਰਕ ਵਿਰਸੇ ਤੋਂ ਟੁੱਟ ਕੇ ਆਰਥਿਕ ਚਕਾਚੌਂਧੀ ਦਾ ਸ਼ਿਕਾਰ ਹੋ ਚੁੱਕਾ ਹੈ। ਅੱਜ ਮੋਬਾਇਲ ਫ਼ੋਨ ਨੂੰ ਆਰਥਿਕ ਤਰੱਕੀ ਦੇ ਪ੍ਰਤੀਕ ਵਜੋਂ ਪ੍ਰਚਾਰਿਆ ਜਾ ਰਿਹਾ ਹੈ ਅਤੇ ਸਰਕਾਰ ਦੇ ਜਿੰਮੇਵਾਰ ਨੁਮਾਇੰਦਿਆਂ ਵੱਲੋਂ ਵੀ ਇਹ ਕਿਹਾ ਜਾ ਰਿਹਾ ਹੈ ਕਿ ਦੇਸ਼ ਵਿੱਚ ਪਖਾਨੇ ਘੱਟ ਹਨ ਅਤੇ ਮੋਬਾਇਲ ਫੋਨ ਜ਼ਿਆਦਾ ਹਨ। ਔਰਤਾਂ ਪਖਾਨੇ ਨਾਲੋਂ ਮੋਬਾਇਲ ਫੋਨ ਦੀ ਮੰਗ ਜ਼ਿਆਦਾ ਕਰਦੀਆਂ ਹਨ। ਜਦਕਿ ਸੱਚਾਈ ਇਹ ਹੈ ਕਿ ਪਖਾਨੇ ਨੂੰ ਪਾਣੀ ਦੀ ਉਪਲੱਬਧ ਸਹੂਲਤ ਨਾਲੋਂ ਤੋੜ ਕੇ ਦੇਖਿਆ ਜਾ ਰਿਹਾ ਹੈ।

ਹੁਣ ਗਰੀਨ ਅਰਥਚਾਰੇ ਤੇ ਚਰਚਾ ਸੰਸਾਰ ਪੱਧਰ ਤੇ ਸ਼ੁਰੂ ਹੋਈ ਹੈ ਜਿਸ ਨੂੰ ਸਿਹਤਮੰਦ ਅਤੇ ਤੰਦਰੁਸਤ ਜ਼ਿੰਦਗੀ, ਜੰਗਲਾਤ ਵਿੱਚ ਵਾਧਾ, ਪ੍ਰਦੂਸ਼ਣ ਵਿੱਚ ਲਗਾਤਾਰ ਘਟਾਓ ਅਤੇ ਔਰਤਾਂ, ਨੌਜਵਾਨਾਂ ਦੀ ਵਿੱਦਿਆ ਦੇ ਪੱਧਰ ਦੇ ਪੈਮਾਨੇ ਨਾਲ ਮਾਪਿਆ ਜਾਂਦਾ ਹੈ ਜੋ ਗਰੀਨ ਅਰਥਚਾਰੇ ਦੀ ਨੀਂਹ ਹੈ। ਅਜਿਹਾ ਵਿਕਾਸ ਮਾਡਲ ਮੌਜੂਦਾ ਲੋੜਾਂ ਦੀ ਪੂਰਤੀ ਲਈ ਭਵਿੱਖ ਦੀਆਂ ਲੋੜਾਂ ਨੂੰ ਪੂਰੀ ਤਰ੍ਹਾਂ ਧਿਆਨ ਵਿੱਚ ਰੱਖਕੇ ਉਸਾਰਿਆ ਜਾਣਾ ਚਾਹੀਦਾ ਹੈ। ਕੁਦਰਤ ਪੱਖੀ ਵਿਕਾਸ, ਸਮਾਜਿਕ ਬਰਾਬਰੀ, ਪ੍ਰਸਥਿਤੀਆਂ ਦੇ ਅਨੁਕੂਲ ਵਾਤਾਵਰਨ ਨੂੰ ਕਿਸੇ ਵੀ ਖਤਰੇ ਤੋਂ ਮੁਕਤ ਕਰਦੀ ਸਿਆਸੀ ਕਾਰਜਸ਼ੀਲਤਾ, ਆਰਥਿਕਤਾ ਨੂੰ ਹੁਲਾਰਾ ਦੇਣ ਵਾਲਾ ਅਤੇ ਲੋਕਾਂ ਨੂੰ ਸੱਭਿਆਚਾਰਕ ਪੱਖੋਂ ਪ੍ਰਵਾਨ ਹੋਣਾ ਚਾਹੀਦਾ ਹੈ ਯਾਨਿ ਕਿ ਇਹ ਪਾਰਦਰਸ਼ੀ ਅਤੇ ਕੁਦਰਤ ਪੱਖੀ ਹੋਣਾ ਚਾਹੀਦਾ ਹੈ। ਹੁਣ ਜ਼ਰੂਰੀ ਹੈ ਕਿ ਅਸੀਂ 20ਵੀਂ ਸਦੀ ਦੀਆਂ ਨੀਤੀਆਂ ਤੋਂ ਆਪਣੀ ਦੂਰੀ ਬਣਾਉਣੀ ਬਰਕਰਾਰ ਰੱਖਦੇ ਹੋਏ ਅਜਿਹੀਆਂ ਨੀਤੀਆਂ ਘੜੀਏ ਜਿਹੜੀਆਂ ਕੁਦਰਤ ਪੱਖੀ ਆਰਥਿਕ ਵਿਕਾਸ ਦੇ ਨਾਲ ਨਾਲ ਬੇਰੁਜ਼ਗਾਰੀ, ਗਰੀਬੀ, ਅਨਪੜ੍ਹਤਾ ਦੇ ਖਾਤਮੇ ਵੱਲ ਵੱਧ ਸੇਧਤ ਹੋਣ ਦੇ ਨਾਲ-ਨਾਲ ਸਿਹਤ ਸਹੂਲਤਾਂ, ਲਿੰਗ-ਅਨੁਪਾਤ ਅਤੇ ਲਿੰਗ-ਬਰਾਬਰੀ ਸੁਨਿਸ਼ਚਿਤ ਕਰਨ। ਇਸ ਦਿਸ਼ਾ ਵਿੱਚ ਗਰੀਬ ਅਤੇ ਅਮੀਰ ਦੇਸ਼ ਜਿਵੇਂ ਉੱਤਰੀ ਅਤੇ ਦੱਖਣੀ ਕੋਰੀਆ, ਕੰਬੋਡੀਆ, ਇੰਡੋਨੇਸ਼ੀਆ ਆਦਿ ਨੇ ਹਰੀ ਤਰੱਕੀ ਦੀ ਵਿਉਂਤਬੰਦੀ ਲਾਗੂ ਕਰ ਦਿੱਤੀ ਹੈ ਜਿਸ ਵਿੱਚ ਘੱਟ ਤੋਂ ਘੱਟ ਕੁਦਰਤੀ ਸ੍ਰੋਤਾਂ ਦੀ ਵਰਤੋਂ ਯਕੀਨੀ ਬਣਾਈ ਗਈ ਹੈ ਅਤੇ **ਘੱਟ ਕਾਰਬਨ-ਵੱਧ ਰੁਜਗਾਰ** ਦਾ ਨਾਹਰਾ ਲਾਗੂ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਅਰਮੀਨੀਆ, ਅਜਰਬੇਜਾਨ, ਮੈਕਸੀਕੋ, ਨੇਪਾਲ, ਸੈਨੇਗਲ ਅਤੇ ਯੁਕਰੇਨ ਨੇ ਹਰੇ ਵਿਕਾਸ ਦੀਆਂ ਤਕਨੀਕਾਂ ਨੂੰ


ਉਦਯੋਗ, ਖੇਤੀਬਾੜੀ ਅਤੇ ਹੋਰ ਖੇਤਰਾਂ ਵਿੱਚ ਲਾਗੂ ਕਰ ਦਿੱਤਾ ਹੈ। ਚੀਨ 2020 ਤੱਕ ਕੁੱਲ ਊਰਜਾ ਖਪਤ ਦਾ 16 ਪ੍ਰਤੀਸ਼ਤ ਗੈਰ-ਰਵਾਇਤੀ ਕੁਦਰਤੀ ਸ੍ਰੋਤਾਂ ਤੋਂ ਪ੍ਰਾਪਤ ਕਰਨ ਲਈ ਦ੍ਰਿੜ ਹੈ ਅਤੇ ਇਸ ਨੇ ਚਾਲੂ ਪੰਜ ਸਾਲਾ ਯੋਜਨਾ ਦੌਰਾਨ 450 ਬਿਲੀਅਨ ਡਾਲਰ ਸਵੱਛ ਤਕਨਾਲੋਜੀ ਅਤੇ ਵੇਸਟ ਮੈਨੇਜਮੈਂਟ ਤੇ ਲਗਾਉਣ ਦਾ ਬਜਟ ਰੱਖਿਆ ਹੈ। ਬਰਾਜ਼ੀਲ ਨੇ ਵੇਸਟ ਮੈਨੇਜਮੈਂਟ ਅਤੇ ਮੁੜ ਵਰਤੋਂ ਤਕਨੀਕ ਵਿੱਚ 5 ਲੱਖ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੈ। ਬਾਨ ਕੀ ਮੂਨ ਅਨੁਸਾਰ-ਬੇਸ਼ੱਕ **ਅੱਜ ਦਾ ਐਲਾਨ ਭਵਿੱਖ ਦਾ ਸੰਵਾਦ ਹੁੰਦਾ ਹੈ** ਪਰ ਰੀਓ+20 ਇਸ ਤੋਂ ਕਿਤੇ ਅੱਗੇ ਇੱਕ ਸੰਸਾਰ ਪੱਧਰੀ ਪ੍ਰਗਤੀਵਾਦੀ ਤਬਦੀਲੀ ਲਹਿਰ ਬਣੇਗਾ ਜੋ ਅਜਿਹਾ ਭਵਿੱਖ ਸਿਰਜੇਗੀ ਜਿਹੋ ਜਿਹਾ ਅਸੀਂ ਅੱਜ ਕੁਦਰਤ ਪੱਖੀ ਵਿਕਾਸ ਮਾਡਲ ਰਾਹੀਂ ਚਿੱਤਰ ਰਹੇ ਹਾਂ।

ਬੇਸ਼ੱਕ ਭਾਰਤ ਵੀ ਸੰਯੁਕਤ ਰਾਸ਼ਟਰ ਦਾ ਇੱਕ ਅਹਿਮ ਮੈਂਬਰ ਹੋਣ ਕਾਰਨ ਆਰਥਿਕਤਾ ਨਾਲ ਜੁੜੀ ਇਸ ਦੀ ਹਰ ਗੱਲ ਨੂੰ ਖਾਸ ਤਵੱਜੋਂ ਦਿੰਦਾ ਹੈ ਪਰ ਇਸ ਨੇ ਵੀ ਆਪਣੀ ਵਿਕਾਸ ਦਰ 2003 ਤੋਂ ਚਮਕ ਰਹੀ ਦਿਖਾ ਕੇ 8-9 ਪ੍ਰਤੀਸ਼ਤ ਕੁੱਲ ਘਰੇਲੂ ਉਤਪਾਦਨ ਦੇ ਟੀਚੇ ਦੀ ਪ੍ਰਾਪਤੀ ਲਈ ਜੱਦੋ-ਜਹਿਦ ਸ਼ੁਰੂ ਕੀਤੀ ਹੋਈ ਹੈ ਜਦਕਿ ਕੇਵਲ ਕੁੱਲ ਘਰੇਲੂ ਉਤਪਾਦਨ ਹੁਣ ਆਰਥਿਕ ਵਿਕਾਸ ਦਾ ਸੂਚਕ ਨਹੀਂ ਰਿਹਾ। ਭਾਰਤ ਨੇ ਦਿਖਾਵੇ ਦੇ ਤੌਰ ਤੇ 'ਜੇ ਹੁਣ ਨਹੀਂ ਤਾਂ ਕਦੇ ਨਹੀਂ' ਦੀ ਨੀਤੀ ਤੇ ਕੰਮ ਕਰਨਾ ਸ਼ੁਰੂ ਕੀਤਾ ਹੈ ਕਿਉਂਕਿ ਵਾਤਾਵਰਨ ਤਬਦੀਲੀ ਬਾਰੇ ਹੋਈ ਕਾਨਫਰੰਸ ਵਿੱਚ ਇਹ ਅਲੱਗ ਥਲੱਗ ਪੈ ਗਿਆ ਸੀ ਜਿਸ ਕਾਰਨ ਹੁਣ ਇਹ G-7 ਦੇਸ਼ਾਂ ਦੀ ਬਜਾਏ G-77+ ਚੀਨ ਦੇ ਗੁੱਟ ਨਾਲ ਖੜਾ ਹੈ। ਕਿਉਂਕਿ ਦੁਨੀਆਂ ਦੀ ਬਹੁਤੀ ਗਰੀਬ ਵਸੋਂ ਇਹਨਾਂ ਦੇਸ਼ਾਂ ਵਿੱਚ ਹੀ ਰਹਿ ਰਹੀ ਹੈ ਪਰ ਇਸ ਦੁਆਰਾ ਮਿਥੀ ਪੇਂਡੂ ਗਰੀਬ ਲਈ 22 ਰੁਪਏ ਅਤੇ ਸ਼ਹਿਰੀ ਗਰੀਬ ਲਈ 32 ਰੁਪਏ ਰੋਜ਼ਾਨਾ ਦੀ ਆਮਦਨ, ਉਸ ਨੂੰ ਗਰੀਬੀ ਰੇਖਾ ਤੋਂ ਉੱਪਰ ਲੈ ਜਾਣ ਲਈ ਨਿਰਧਾਰਿਤ ਕਰਨ ਕਾਰਣ, ਅੱਜ ਸੰਸਾਰ ਦੇ 27 ਪ੍ਰਤੀਸ਼ਤ ਗਰੀਬ ਇਸ ਦੇਸ਼ ਦੇ ਵਾਸੀ ਹੋਣ ਕਾਰਨ ਛੋਟੇ-ਵੱਡੇ ਵਿਦਰੋਹਾਂ ਰਾਹੀਂ ਮੌਜੂਦਾ ਆਰਥਿਕ ਵਿਕਾਸ ਦੇ ਮੁਨਾਫ਼ੇ ਵਿੱਚੋਂ ਆਪਣੇ ਹਿੱਸੇ ਦੀਆਂ ਜ਼ਰੂਰਤਾਂ ਦੀ ਮੰਗ ਕਰ ਰਹੇ ਹਨ। **ਇਹ ਮੁਜ਼ਾਹਰੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਨਹੀਂ ਕੀਤੇ ਜਾ ਰਹੇ ਬਲਕਿ ਸਰਕਾਰੀ ਸਰਪ੍ਰਸਤੀ ਨਾਲ ਕਿਸਾਨਾਂ ਤੋਂ ਜਬਰਨ ਜ਼ਮੀਨਾਂ ਖੋਹਣ, ਕੁਦਰਤੀ ਸਰੋਤਾਂ ਉੱਤੇ ਕੁੱਝ ਸਰਮਾਏਦਾਰਾਂ ਦੀ ਇਜਾਰੇਦਾਰੀ ਸਥਾਪਿਤ ਕਰਨ, ਪਾਣੀਆਂ, ਖਣਿਜ ਪਦਾਰਥਾਂ ਤੇ ਕਬਜਾ ਕਰਨ ਦੇ ਖਿਲਾਫ ਹਨ। ਕੁਦਰਤੀ ਸਰੋਤ, ਖਣਿਜ, ਪਾਣੀ, ਜ਼ਮੀਨ ਅਤੇ ਜੰਗਲ ਆਦਿ ਕਬਾਇਲੀ ਅਤੇ ਲੋਕਲ ਲੋਕਾਂ ਦੀ ਜਾਇਦਾਦ ਹਨ ਅਤੇ ਇਹ ਲੋਕ ਆਪਣੀ ਜਾਇਦਾਦ ਨੂੰ ਸਲਾਮਤ ਰੱਖਣ ਲਈ** ਅਲੱਗ-ਅਲੱਗ ਤਰ੍ਹਾਂ ਦਾ ਵਿਦਰੋਹ ਕਰ ਰਹੇ ਹਨ। ਇਸ ਸਾਰੇ ਦਾ ਹੱਲ ਵਾਤਾਵਰਨ ਅਤੇ ਕੁਦਰਤ ਪੱਖੀ ਆਰਥਿਕ ਵਿਕਾਸ ਹੈ ਜਿਸ ਵਿੱਚ ਆਮ ਆਵਾਮ ਦੀ ਸ਼ਮੂਲੀਅਤ ਅਤੇ ਆਰਥਿਕ ਵਿਕਾਸ ਦਾ ਪ੍ਰਭਾਵ ਹਰੇਕ ਨਾਗਰਿਕ ਦੇ ਚਿਹਰੇ ਦੀ ਰੌਣਕ ਤੋਂ ਝਲਕਦਾ ਹੋਵੇ, ਨਹੀਂ ਤਾਂ ਇਹ ਛੋਟੇ-ਛੋਟੇ ਸੰਸਾਰ ਪੱਧਰੀ ਵਿਦਰੋਹ ਨੇੜਲੇ ਭਵਿੱਖ ਵਿੱਚ ਇੱਕ ਨਵੀਂ ਕ੍ਰਾਂਤੀ ਸਿਰਜਣਗੇ।

ਡਿਪਟੀ ਡਾਇਰੈਕਟਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ
98146-42026

ਪਰਮਜੀਤ ਖਿਲਚੀਆਂ ਦਾ ਅਸਹਿ ਵਿਛੋੜਾ

ਮੌਜੂਦਾ ਪੂੰਜੀਵਾਦੀ ਯੁੱਗ ਦੀਆਂ ਚੁਣੌਤੀਆਂ ਕਬੂਲਦੇ ਹੋਏ ਤਰਕਸ਼ੀਲ ਸੋਚ ਦਾ ਧਾਰਨੀ ਬਣਨਾ ਬਹੁਤ ਹੀ ਮੁਸ਼ਕਿਲ ਭਰਿਆ ਪਰ ਫ਼ਖਰਯੋਗ ਕਾਰਜ ਹੈ ਅਤੇ ਅਮਲੀ ਜੀਵਨ ਵਿੱਚ ਕਈ ਤਰ੍ਹਾਂ ਦੇ ਸਮਾਜਿਕ ਵਿਰੋਧਾਂ ਦੇ ਚਲਦੇ ਹੋਏ ਵਿਗਿਆਨਕ ਸੋਚ ਉੱਤੇ ਪੂਰੀ ਸੁਹਿਰਦਤਾ ਤੇ ਸਮਰਪਿਤ ਭਾਵਨਾ ਨਾਲ ਪਹਿਰਾ ਦੇ ਕੇ ਲੋਕ ਪੱਖੀ ਸਮਾਜਿਕ ਤਬਦੀਲੀ ਦੇ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾਉਣੀ ਹੋਰ ਵੀ ਜੋਖ਼ਮ ਭਰਿਆ ਰਸਤਾ ਹੈ। ਅਜਿਹੇ ਹੀ ਬਿਖੜੇ ਰਾਹਾਂ ਉੱਤੇ ਚਲਦੇ ਹੋਏ ਤਰਕਸ਼ੀਲ ਸੁਸਾਇਟੀ ਪੰਜਾਬ ਦਾ ਸਿਰਕੱਢ ਆਗੂ ਪਰਮਜੀਤ ਖਿਲਚੀਆਂ 21 ਜੂਨ ਨੂੰ ਸਾਨੂੰ ਸਦੀਵੀਂ ਵਿਛੋੜਾ ਦੇ ਗਿਆ। ਮਾਰਕਸਵਾਦ-ਲੈਨਿਨਵਾਦ ਦੇ ਸਾਹਿਤ ਦਾ ਵਿਦਿਆਰਥੀ ਜੀਵਨ ਤੋਂ ਹੀ ਅਧਿਐਨ ਕਰਨ ਤੋਂ ਬਾਅਦ ਉਸਨੇ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਦੀਆਂ ਸਰਗਰਮੀਆਂ ਵਿੱਚ ਵਧ ਚੜ ਕੇ ਹਿੱਸਾ ਲਿਆ। ਉਹ ਤਰਕਸ਼ੀਲ ਲਹਿਰ ਦੇ ਮੋਢੀ ਮੈਂਬਰਾਂ ਵਿੱਚੋਂ ਇੱਕ ਅਜਿਹਾ ਸੀ ਜਿਹੜਾ ਤਰਕਸ਼ੀਲ ਸੁਸਾਇਟੀ ਪੰਜਾਬ ਵਿੱਚ ਵੱਖ-ਵੱਖ ਅਹੁਦਿਆਂ ਉੱਤੇ ਜਿੰਮੇਵਾਰੀ ਨਿਭਾਉਂਦਾ ਰਿਹਾ। ਖਿਲਚੀਆਂ ਇਕਾਈ ਦਾ ਲੰਬੇ ਸਮੇਂ ਤੱਕ ਮੁਖੀ ਹੁੰਦੇ ਹੋਏ ਉਸਨੇ ਆਪਣੇ ਇਲਾਕੇ ਵਿੱਚ ਵਿਗਿਆਨਕ ਚੇਤਨਾ ਦੇ ਪ੍ਰਚਾਰ-ਪ੍ਰਸਾਰ ਲਈ ਤਰਕਸ਼ੀਲ ਮੇਲਿਆਂ ਅਤੇ ਕਾਫਲਿਆਂ ਦੀ ਮੁਹਿੰਮ ਲਗਾਤਾਰ ਚਲਾਈ ਅਤੇ ਪਾਖੰਡੀ ਬਾਬਿਆਂ, ਸਿਆਣਿਆਂ ਤੇ ਜੋਤਸ਼ੀਆਂ ਦੀਆਂ ਲੁੱਟ ਦੀਆਂ ਦੁਕਾਨਾਂ ਬੰਦ ਕਰਵਾਈਆਂ। ਇਸ ਤੋਂ ਇਲਾਵਾ ਉਸਨੇ ਮਾਝਾ ਜੋਨ ਦੇ ਮਾਨਸਿਕ ਸਿਹਤ ਚੇਤਨਾ ਕੇਂਦਰ ਦੇ ਮੁਖੀ ਦੇ ਤੌਰ ਤੇ ਆਪਣੇ ਸਾਥੀਆਂ ਅਮੋਲਕ ਸਿੰਘ, ਜਸਵੀਰ ਸਿੰਘ ਤੇ ਮਾਸਟਰ ਸੁਰਜੀਤ ਸਿੰਘ ਦੇ ਸਹਿਯੋਗ ਨਾਲ ਕਈ ਤਰ੍ਹਾਂ ਦੇ ਮਾਨਸਿਕ ਉਲਝਣਾਂ ਅਤੇ ਗ਼ੈਰ ਵਿਗਿਆਨਕ ਘਟਨਾਵਾਂ ਦੇ ਕੇਸ ਸਫਲਤਾਪੂਰਵਕ ਠੀਕ ਕੀਤੇ। ਉਹ ਇਕ ਵਧੀਆ ਬੁਲਾਰਾ ਅਤੇ ਜਾਦੂ ਦੇ ਟ੍ਰਿਕਾਂ ਦਾ ਵੀ ਮਾਹਿਰ ਸੀ।



ਲੋਕਪੱਖੀ ਸਮਾਜਿਕ ਤੇ ਸੱਭਿਆਚਾਰਕ ਤਬਦੀਲੀ ਨੂੰ ਸਮਰਪਿਤ ਇਸ ਆਗੂ ਨੇ ਆਪਣੇ ਬੱਚਿਆਂ ਦੇ ਵਿਆਹ ਸਮਾਗਮ ਅਤੇ ਆਪਣੀ ਸੇਵਾ ਮੁਕਤੀ ਦੇ ਸਮਾਗਮ ਕਿਸੇ ਵੀ ਕਿਸਮ ਦੀਆਂ ਰੂੜੀਵਾਦੀ, ਧਾਰਮਿਕ ਤੇ ਫਜ਼ੂਲਚਰਚੀ ਦੀਆਂ ਰਸਮਾਂ ਤੋਂ ਬਗੈਰ ਬੜੇ ਹੀ ਸਾਦਗੀ ਭਰਪੂਰ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਕੀਤੇ। ਸਿਹਤ ਵਿਭਾਗ ਵਿੱਚ ਕੰਮ ਕਰਦਿਆਂ ਉਸਨੇ ਪੂਰੀ ਇਮਾਨਦਾਰੀ ਤੇ ਮਿਹਨਤ ਨਾਲ ਆਪਣੀ ਜਿੰਮੇਵਾਰੀ ਨਿਭਾਈ। ਉਸਨੇ ਜਮਹੂਰੀ ਅਧਿਕਾਰ ਸਭਾ ਅਤੇ ਨੌਜਵਾਨ ਭਾਰਤ ਸਭਾ ਦੇ ਸੰਘਰਸ਼ਾਂ ਵਿੱਚ ਪੂਰੀ ਸਰਗਰਮੀ ਨਾਲ ਹਿੱਸਾ ਲਿਆ। ਸੁਸਾਇਟੀ ਦੇ ਮਾਝਾ ਜੋਨ ਵੱਲੋਂ 28 ਸਤੰਬਰ 2007 ਨੂੰ ਸ਼ਹੀਦ ਭਗਤ ਸਿੰਘ ਦੀ ਪਹਿਲੀ ਜਨਮ ਸ਼ਤਾਬਦੀ ਮੌਕੇ ਮੈਡੀਕਲ ਕਾਲਜ ਅੰਮ੍ਰਿਤਸਰ ਵਿਖੇ ਕਰਵਾਏ 'ਸਰੀਰ ਪ੍ਰਦਾਨ ਸਮਾਰੋਹ' ਮੌਕੇ ਉਸਨੇ 30 ਤਰਕਸ਼ੀਲ ਮੈਂਬਰਾਂ ਸਮੇਤ ਆਪਣਾ ਸਰੀਰ ਮਰਨ ਉਪਰੰਤ ਡਾਕਟਰੀ ਖੋਜ ਕਾਰਜਾਂ ਲਈ ਪ੍ਰਦਾਨ ਕਰਨ ਦੀ ਵਸੀਅਤ ਕੀਤੀ। ਪਿਛਲੇ ਅੱਠ ਮਹੀਨੇ ਤੋਂ ਗੁਰਦਿਆਂ ਦੀ ਬਿਮਾਰੀ ਨਾਲ ਪੀੜਤ ਹੋਣ ਕਰਕੇ ਬੇਸ਼ਕ ਉਹ ਸਰੀਰਕ ਤੌਰ ਤੇ ਥੋੜਾ ਕਮਜ਼ੋਰ ਹੋ ਗਿਆ ਸੀ। ਪਰ ਵਿਗਿਆਨਕ ਮਾਨਸਿਕਤਾ ਦਾ ਧਾਰਨੀ ਹੋਣ ਕਰਕੇ ਮੌਤ ਦੀ ਵਿਗਿਆਨਕ ਸੱਚਾਈ ਨੂੰ ਕਬੂਲ ਕਰਨ ਵਿੱਚ ਉਸਨੇ ਕਦੇ ਵੀ ਕੋਈ ਡਰ ਜਾਂ ਦੁੱਖ ਦਾ ਪ੍ਰਗਟਾਵਾ ਨਹੀਂ ਕੀਤਾ। ਉਸਦੇ ਸਮੁੱਚੇ ਪਰਿਵਾਰ ਨੇ ਉਸਦੀ ਸੇਵਾ ਕਰਨ ਤੇ ਸਿਹਤਯਾਬ ਰੱਖਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।

ਪਰਿਵਾਰ ਵੱਲੋਂ ਉਸਦੀ ਵਸੀਅਤ ਮੁਤਾਬਿਕ ਉਸਦੀ ਮ੍ਰਿਤਕ ਦੇਹ ਡਾਕਟਰੀ ਖੋਜ ਕਾਰਜਾਂ ਲਈ ਮੈਡੀਕਲ ਕਾਲਜ ਅੰਮ੍ਰਿਤਸਰ ਨੂੰ ਪ੍ਰਦਾਨ ਕੀਤੀ ਗਈ ਅਤੇ ਇਸ ਮੌਕੇ ਪਰਿਵਾਰ ਵੱਲੋਂ ਕੋਈ ਵੀ ਧਾਰਮਿਕ ਤੇ ਰੂੜੀਵਾਦੀ ਰਸਮ ਨਹੀਂ ਕੀਤੀ ਗਈ। ਉਸਦੀ ਅੰਤਿਮ ਵਿਦਾਇਗੀ ਮੌਕੇ ਇਲਾਕਾ ਨਿਵਾਸੀਆਂ, ਰਿਸ਼ਤੇਦਾਰਾਂ ਤੋਂ ਇਲਾਵਾ ਵੱਖ-ਵੱਖ ਜਨਤਕ, ਸਮਾਜਕ ਤੇ ਤਰਕਸ਼ੀਲ ਲਹਿਰ ਨਾਲ ਸੰਬੰਧਿਤ ਆਗੂ ਤੇ ਕਾਰਕੁੰਨ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਤਰਕਸ਼ੀਲ ਆਗੂਆਂ ਮੁਖਵਿੰਦਰ ਚੋਹਲਾ ਤੇ ਸੁਮੀਤ ਸਿੰਘ ਵੱਲੋਂ ਹਾਜਰ ਲੋਕਾਂ ਨੂੰ ਤਰਕਸ਼ੀਲ ਸੋਚ ਦੇ ਧਾਰਨੀ ਬਣਕੇ ਮੌਤ ਦੀ ਵਿਗਿਆਨਕ ਸਚਾਈ ਨੂੰ ਬਰਦਾਸ਼ਤ ਕਰਨ ਦੀ ਅਪੀਲ ਕੀਤੀ ਗਈ ਅਤੇ ਪਰਮਜੀਤ ਖਿਲਚੀਆਂ ਦੀ ਅੰਤਿਮ ਇੱਛਾ ਨੂੰ ਹੂਬਹੂ ਪੂਰਾ ਕਰਨ ਲਈ ਉਸਦੇ ਪੂਰੇ ਪਰਿਵਾਰ ਦੀ ਸ਼ਲਾਘਾ ਕੀਤੀ ਗਈ। ਪਰਮਜੀਤ ਖਿਲਚੀਆਂ ਦੇ ਸਦੀਵੀਂ ਵਿਛੋੜੇ ਨਾਲ ਜਿੱਥੇ ਉਸਦੇ ਪਰਿਵਾਰ, ਸਾਕ ਸੰਬੰਧੀਆਂ ਅਤੇ ਇਲਾਕੇ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ ਉੱਥੇ ਹੀ ਤਰਕਸ਼ੀਲ ਲਹਿਰ ਲਈ ਅਜਿਹੇ ਸੁਹਿਰਦ ਤੇ ਸਮਰਪਿਤ ਆਗੂ ਦੀ ਘਾਟ ਹਮੇਸ਼ਾ ਰੜਕਦੀ ਰਹੇਗੀ। **ਸੁਮੀਤ ਸਿੰਘ**

ਪਿਛਲੇ ਅੰਕ ਵਿੱਚ ਤਕਨੀਕੀ ਕਾਰਣ ਕਰਕੇ ਇਹ ਰਿਪੋਰਟ ਛਪਣੋਂ ਰਹਿ ਜਾਣ ਲਈ ਅਦਾਰਾ ਖੇਦ ਪ੍ਰਗਟ ਕਰਦਾ ਹੈ।

ਅੰਧ ਵਿਸ਼ਵਾਸਾਂ ਵਿੱਚ ਗੁਆਚੀ ਮੀਡੀਆ ਦੀ ਨੈਤਿਕਤਾ

ਵਿਕਰਮ ਸਿੰਘ ਸੰਗਰੂਰ



ਦੁਨੀਆਂ ਦੇ ਨਕਸ਼ੇ ਤੇ ਭਾਰਤ ਇੱਕ ਅਜਿਹਾ ਮੁਲਕ ਹੈ, ਜਿੱਥੇ ਮੀਡੀਆ ਦੀ ਪੈਦਾਇਸ਼ ਲੋਕਾਂ ਦੇ ਹਿੱਤਾਂ ਨੂੰ ਨਜ਼ਰ ਵਿੱਚ ਰੱਖ ਕੇ ਇੱਕ ਮਿਸ਼ਨ ਦੇ ਰੂਪ ਵਿੱਚ ਹੋਈ ਸੀ। ਜੇਕਰ ਪ੍ਰਿੰਟ ਮੀਡੀਆ ਤਹਿਤ ਅਖਬਾਰਾਂ ਦੀ ਗੱਲ ਕੀਤੀ ਜਾਵੇ ਤਾਂ ਇਹ ਦੇਸ਼ ਦੀ ਆਜ਼ਾਦੀ ਦਾ ਮਿਸ਼ਨ ਲੈ ਕੇ ਜੰਗ-ਏ-ਮੈਦਾਨ ਵਿੱਚ ਉਤਰੀਆਂ ਸਨ।ਆਜ਼ਾਦੀ ਪਿੱਛੋਂ ਭਾਰਤ-ਪਾਕਿ ਬਟਵਾਰੇ ਕਾਰਨ ਹਰ ਪੱਖੋਂ ਖੇਰੂੰ-ਖੇਰੂੰ ਹੋਏ ਮੁਲਕ ਦੇ ਸਰਵ ਪੱਖੀ ਵਿਕਾਸ ਲਈ ਜਿੱਥੇ ਰੇਡੀਓ ਦਾ ਸਹਾਰਾ ਲਿਆ ਗਿਆ, ਉੱਥੇ 50ਵਿਆਂ ਵਿੱਚ ਯੂਨੇਸਕੋ ਦੀ ਮਦਦ ਨਾਲ ਗਿਆਨ-ਵਿਗਿਆਨ ਦੇ ਪ੍ਰਚਾਰ ਪ੍ਰਸਾਰ ਨੂੰ ਨਜ਼ਰ ਵਿੱਚ ਰੱਖਦਿਆਂ ਟੀ.ਵੀਂ. ਨੂੰ ਇੱਕ ਸਿੱਖਿਆ ਕਰਮੀ ਵਜੋਂ ਪਹਿਲੀ ਵਾਰ ਦਿੱਲੀ ਵਿੱਚ ਸਥਾਪਿਤ ਕੀਤਾ ਗਿਆ। 'ਬਹੁਜਨ ਹਿਤਾਯੇ, ਬਹੁਜਨ ਸੁਖਾਯੇ' ਜਿਹੀ ਭਾਵਨਾ ਨੂੰ ਲੈ ਕੇ ਚੱਲੇ ਇਹ ਸਭ ਸੰਚਾਰ ਮਾਧਿਅਮ ਜਿੱਥੇ ਆਪਣੇ ਮਿਥੇ ਮਿਸ਼ਨਾਂ ਨੂੰ ਸਰ ਕਰਨ ਵਿੱਚ ਸਫਲ ਹੋਏ, ਉੱਥੇ ਇਨ੍ਹਾਂ ਨੇ ਲੋਕਾਂ ਦਾ ਵਿਸ਼ਵਾਸ ਵੀ ਜਿੱਤਿਆ। ਭਾਰਤ ਵਿੱਚ ਹਰੀ ਕ੍ਰਾਂਤੀ ਲਿਆਉਣ ਲਈ ਜਿੰਨ੍ਹਾਂ ਯੋਗਦਾਨ ਖੇਤੀਬਾੜੀ ਵਿੱਚ ਕੀਤੀਆਂ ਨਵੀਆਂ ਖੋਜਾਂ ਦਾ ਹੈ, ਓਨਾ ਹੀ ਦੂਰਦਰਸ਼ਨ ਤੇ ਚੱਲਦੇ 'ਕ੍ਰਿਸ਼ੀ ਦਰਸ਼ਨ' (1967) ਅਤੇ ਆਕਾਸ਼ਵਾਣੀ ਜਲੰਧਰ ਤੋਂ ਸੁਣੇ ਜਾਂਦੇ ਭਾਈਆ ਜੀ ਦੇ 'ਦੇਹਾਤੀ ਪ੍ਰੋਗਰਾਮ' ਦਾ ਵੀ ਹੈ। ਇਸੇ ਤਰ੍ਹਾਂ ਅਕਾਸ਼ਵਾਣੀ ਨੇ 'ਜੀਵਨ ਸੌਰਭ' (1988), ਵਿਗਿਆਨ ਵਿਧੀ (1989), ਤਿਨਕਾ ਤਿਨਕਾ ਸੁਖ (1996-97) ਅਤੇ ਦੂਰਦਰਸ਼ਨ ਨੇ 'ਹਮ ਲੋਗ' (1984), ਅਤੇ 'ਬੁਨਿਆਦ' (1986) ਆਦਿ ਜਿਹੇ ਪ੍ਰੋਗਰਾਮਾਂ ਰਾਹੀਂ ਜਿੱਥੇ ਭਾਰਤੀ ਸਮਾਜ ਵਿੱਚ ਵਿਗਿਆਨਕ ਸੋਚ ਦਾ ਪ੍ਰਸਾਰ ਕੀਤਾ, ਉੱਥੇ ਇੰਨ੍ਹਾਂ ਪ੍ਰੋਗਰਾਮਾਂ ਨੇ ਕਈ ਥਾਂ ਸਮਾਜਿਕ ਬੁਰਾਈਆਂ ਨੂੰ ਮਿਟਾਉਣ ਦੀ ਵੀ ਮਿਸਾਲ ਪੇਸ਼ ਕੀਤੀ।

ਨੱਬੇਵਿਆਂ ਵਿੱਚ ਨਿੱਜੀ ਬ੍ਰਾਡਕਾਸਟਿੰਗ ਦਾ ਅਜਿਹਾ ਹੜ੍ਹ ਆਇਆ ਕਿ ਮੀਡੀਆ ਦੇ ਮਿਸ਼ਨ ਅਤੇ ਕਦਰਾਂ ਕੀਮਤਾਂ ਨੂੰ ਦੂਰ ਤੀਕ ਵਹਾ ਕੇ ਲੈ ਗਿਆ। ਦੂਰਦਰਸ਼ਨ ਦਾ ਹਰ ਚੈਨਲ ਤਾਂ ਅੱਜ ਵੀ ਨਿੱਜੀ ਚੈਨਲਾਂ ਦੇ ਇਸ ਹੜ੍ਹ ਵਿੱਚ ਆਪਣੀ ਬੇੜੀ ਨੂੰ ਨੈਤਿਕਤਾ ਦੇ ਚੱਪੂਆਂ ਨਾਲ ਹੌਲੀ-ਹੌਲੀ ਹਰ ਹੀਲੇ ਚਲਾ ਰਿਹਾ ਹੈ, ਪਰ ਨਿੱਜੀ ਚੈਨਲਾਂ ਰੂਪੀ ਵੱਡੇ-ਵੱਡੇ ਵਪਾਰਕ ਬੇੜੇ ਆਪਣੀ ਫਸੀਲ ਤੇ ਅੰਧ-ਵਿਸ਼ਵਾਸ ਦੀ ਤਖ਼ਤੀ ਲਗਾ ਕੇ ਆਪਣੇ ਨਾਲ ਦਿਆਂ ਬੇੜਿਆਂ ਨੂੰ ਹਰ ਘੜੀ ਡੋਬਣ ਦੀ ਤਾਂਘ ਵਿੱਚ ਰੁੱਝੇ ਹੋਏ ਹਨ। ਅਜੋਕੀ ਤੇਜ਼-ਤਰਾਰ ਮਨੁੱਖੀ ਜ਼ਿੰਦਗੀ ਵਿੱਚ ਜਾਣਕਾਰੀ ਅਤੇ ਜਾਗਰੂਕਤਾ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਮੀਡੀਆ ਸਮਾਜ ਨੂੰ ਕਿਵੇਂ ਦੀਆਂ ਸੂਚਨਾਵਾਂ ਦੇਣ ਦਾ ਫੈਸਲਾ ਕਰਦਾ ਹੈ। ਜੇਕਰ ਇਸ ਸਵਾਲ ਦੇ ਜੁਆਬ ਲਈ ਅਜੋਕੇ ਮੀਡੀਆ ਦੀ ਵਿਸ਼ਾ ਪੇਸ਼ਕਾਰੀ ਤੇ ਪੰਛੀ ਝਾਤ ਮਾਰ ਲਈ ਜਾਵੇ ਤਾਂ ਇਹ ਗੱਲ ਨਿੱਤਰ ਕੇ ਸਾਹਮਣੇ ਆਉਂਦੀ ਹੈ ਕਿ ਅੱਜ ਉਹ ਆਪਣੇ ਬਹੁਤੇ ਪ੍ਰੋਗਰਾਮਾਂ ਦੀ ਪੇਸ਼ਕਾਰੀ ਅੰਧ-ਵਿਸ਼ਵਾਸ ਦੀਆਂ ਖੋਖਲੀਆਂ ਨੀਹਾਂ ਤੇ ਕਰ ਰਿਹਾ ਹੈ। ਸਵੇਰੇ ਉੱਠਦੇ ਹੀ ਚਾਹੇ ਟੀ.ਵੀ. ਚਾਲੂ ਕਰ ਲਵੋ ਜਾਂ ਅਖ਼ਬਾਰ ਚੁੱਕ ਲਵੋ, ਕੋਈ ਨਾ ਕੋਈ ਅਜਿਹਾ ਪ੍ਰੋਗਰਾਮ ਜਾਂ ਖ਼ਬਰ ਦੇਖਣ, ਸੁਣਨ ਨੂੰ ਜ਼ਰੂਰ ਮਿਲੇਗੀ, ਜਿਸ ਵਿੱਚ ਕਿਸੇ ਤਾਂਤਰਿਕ, ਜਾਦੂ ਟੂਣੇ, ਜੋਤਿਸ਼ ਆਦਿ ਦੇ ਚਮਤਕਾਰਾਂ ਦੀ ਗੱਲ ਕੀਤੀ ਹੋਵੇ। ਟੀ.ਵੀ. ਸੁਣਨ ਦ੍ਰਿਸ਼ ਮਾਧਿਅਮ ਹੋਣ ਕਾਰਨ ਦੂਜੇ ਸੰਚਾਰ ਮਾਧਿਅਮਾਂ ਤੋਂ ਵਧੇਰ ਸ਼ਕਤੀਸ਼ਾਲੀ ਹੈ ਅਤੇ ਇਹੋ ਅੱਜ ਅੰਧ-ਵਿਸ਼ਵਾਸਾਂ ਦੀ ਅਜਿਹੀ ਜ਼ਮੀਨ ਤਿਆਰ ਕਰ ਰਿਹਾ ਹੈ, ਜਿਸ ਉੱਤੇ ਚੈਨਲ ਅਤੇ ਬਾਬੇ ਪੈਸਿਆਂ ਦੀ ਖੇਤੀ ਕਰ ਰਹੇ ਹਨ। ਨਿੱਜੀ ਟੀ.ਵੀ. ਚੈਨਲਾਂ ਨੇ ਤਾਂ ਅਜਿਹੇ ਪ੍ਰੋਗਰਾਮ ਪੇਸ਼ ਕਰਨ ਲਈ ਖਾਸ ਕਲਾਕਾਰ-ਨੁਮਾ ਜੋਤਿਸ਼ੀ ਔਰਤਾਂ, ਮਰਦ ਰੱਖੇ ਹੋਏ ਹਨ, ਜਿੰਨ੍ਹਾਂ ਲਈ ਵਿਸ਼ੇਸ ਕਿਸਮ ਦਾ ਮੇਕਅੱਪ, ਕੱਪੜੇ, ਸਰੀਰਕ ਹਰਕਤਾਂ ਆਦਿ ਨੂੰ ਖਿੱਚਵਾਂ ਬਣਾਉਣ ਲਈ ਉਨ੍ਹਾਂ ਵੱਲੋਂ ਇੱਕ ਵੱਖਰਾ ਸਟਾਫ ਤੱਕ ਭਰਤੀ ਕੀਤਾ ਗਿਆ ਹੁੰਦਾ ਹੈ। ਇਹ ਕਲਾਕਾਰ ਵਿਸ਼ਵਾਸਹੀਣ ਗੱਲਾਂ ਉੱਤੇ ਵਿਸ਼ਵਾਸ ਦਾ ਅਜਿਹਾ ਲਿਬਾਸ ਪਾਉਂਦੇ ਹਨ ਕਿ ਲੋਕਾਂ ਦੀਆਂ ਅੱਖਾਂ ਚੁੰਬਕ ਵਾਂਗ ਟੀ.ਵੀ. ਤੇ ਚਿਪਕ ਜਾਂਦੀਆਂ ਹਨ ਅਤੇ ਟੀ.ਵੀ. ਰਿਮੋਟ ਜਾਮ ਹੋ ਜਾਂਦੇ ਹਨ।

ਇਸੇ ਵਰ੍ਹੇ ਦੀ 3 ਮਈ ਨੂੰ ਮਨਾਏ ਗਏ ਪ੍ਰੈਸ-ਆਜ਼ਾਦੀ ਦਿਵਸ ਮੌਕੇ ਪ੍ਰੈਸ ਕੌਂਸਲ ਆਫ ਇੰਡੀਆ ਦੇ ਮੁਖੀ ਜਸਟਿਸ

ਮਾਰਕੰਡੇ ਕਾਟਜੂ ਨੇ ਕਿਹਾ ਸੀ ਕਿ ਮੀਡੀਆ ਅੰਧ-ਵਿਸ਼ਵਾਸ ਅਤੇ ਰੂੜ੍ਹੀਵਾਦੀ ਸੋਚ ਨੂੰ ਹੁਲਾਰਾ ਦੇ ਰਿਹਾ ਹੈ। ਵਿਗਿਆਨਕ ਸੋਚ ਨੂੰ ਫੈਲਾਉਣ ਦੀ ਥਾਂ ਫਿਲਮੀ ਅਦਾਕਾਰਾਂ, ਕ੍ਰਿਕਟ, ਭਵਿੱਖਬਾਣੀ ਸਮੇਤ ਕਈ ਹੋਰ ਗ਼ੈਰ-ਮੁੱਦਿਆਂ ਨੂੰ ਉਭਾਰ ਰਿਹਾ ਹੈ। ਉਨ੍ਹਾਂ ਦੀ ਹੀ ਆਖੀ ਇਹ ਗੱਲ, ਕਿ 90 ਫੀਸਦੀ ਭਾਰਤੀ ਵਿਗਿਆਨਕ ਸੋਚ ਤੋਂ ਸੱਖਣੇ ਹਨ, ਵੀ ਮੀਡੀਆ ਦੀ ਕਾਰਗੁਜ਼ਾਰੀ ਤੇ ਪ੍ਰਸ਼ਨ-ਚਿੰਨ੍ਹ ਲਗਾਉਂਦੀ ਹੈ। ਲੋਕਾਂ ਦੀਆਂ ਅੱਖਾਂ ਵਿੱਚ ਵਹਿਮਾਂ-ਭਰਮਾਂ ਦਾ ਘੱਟਾ ਪਾਉਣ ਵਾਲੇ ਖ਼ਬਰਾਂ ਦੇ ਚੈਨਲਾਂ ਤੋਂ ਬਿਨਾਂ ਜੇਕਰ ਭੂਤਾਂ-ਪ੍ਰੇਤਾਂ ਵਾਲੇ ਟੀ.ਵੀ. ਸੀਰੀਅਲਾਂ ਦੀ ਗੱਲ ਛੇੜੀ ਜਾਵੇ ਤਾਂ ਅਜਿਹੇ ਪ੍ਰੋਗਰਾਮਾਂ ਨੇ 90ਵਿਆਂ ਵਿੱਚ ਹੀ ਮਨੋਰੰਜਨ ਚੈਨਲਾਂ ਜ਼ਰੀਏ ਭਾਰਤੀਆਂ ਨੂੰ ਡਰਾਉਣਾ ਸ਼ੁਰੂ ਕਰ ਦਿੱਤਾ ਸੀ। ਹੁਣ ਤਾਂ ਅਜਿਹੇ ਰਿਐਲਟੀ ਸ਼ੋਅ ਵੀ ਬਣਨ ਲੱਗ ਪਏ ਹਨ, ਜਿੰਨ੍ਹਾਂ ਵਿੱਚ ਜਿਉਂਦੇ ਲੋਕ ਹੀ ਨਹੀਂ, ਸਗੋਂ ਮਰੇ ਲੋਕਾਂ ਦੀਆਂ ਆਤਮਾਵਾਂ ਵੀ ਆਪਣਾ ਕਿਰਦਾਰ ਨਿਭਾਉਂਦੀਆਂ ਹਨ। ਜ਼ਿਕਰਯੋਗ ਹੈ ਕਿ ਰਿਐਲਟੀ ਸ਼ੋਅ ਅਜਿਹੇ ਸ਼ੋਅ ਹੁੰਦੇ ਹਨ, ਜਿੰਨ੍ਹਾਂ ਵਿੱਚ ਉਨ੍ਹਾਂ ਘਟਨਾਵਾਂ, ਪਾਤਰਾਂ ਆਦਿ ਨੂੰ ਦਿਖਾਇਆ ਜਾਂਦਾ ਹੈ, ਜੋ ਅਸਲੀਅਤ ਵਿੱਚ ਹੋਣ। ਅਗਸਤ, 2010 ਵਿੱਚ ਇੱਕ ਨਿੱਜੀ ਟੀ.ਵੀ. ਚੈਨਲ ਉੱਤੇ 'ਦਾ ਚੇਅਰ' ਨਾਂ ਦਾ ਇੱਕ ਅਜਿਹਾ ਰਿਐਲਟੀ ਸ਼ੋਅ ਸ਼ੁਰੂ ਹੋਇਆ ਸੀ, ਜਿਸ ਵਿਚਲੇ ਪਾਤਰਾਂ ਨੂੰ ਇੱਕ ਡਰਾਉਣੀ ਹਵੇਲੀ ਵਿੱਚ ਕੁਰਸੀ ਤੇ ਬਿਠਾ ਕੇ ਆਤਮਾਵਾਂ ਨਾਲ ਗੱਲਬਾਤ ਕਰਵਾਈ ਜਾਂਦੀ ਸੀ। ਇਸ ਰਿਐਲਟੀ ਸ਼ੋਅ ਅਨੁਸਾਰ ਇਸ ਪ੍ਰੋਗਰਾਮ ਦਾ ਮੰਤਵ ਲੋਕ ਮਨਾਂ ਵਿੱਚੋਂ ਡਰ ਨੂੰ ਕੱਢਣਾ ਅਤੇ ਭਟਕਦੀਆਂ ਆਤਮਾਵਾਂ ਨੂੰ ਮੁਕਤੀ ਦਿਵਾਉਣਾ ਸੀ। ਜੂਨ 2012 ਵਿੱਚ ਇੱਕ ਟੀ.ਵੀ. ਸ਼ੋਅ ਫੀਅਰ ਫਾਈਲਸ ਡਰ ਕੀ ਸੱਚੀ ਤਸਵੀਰੇਂ ਸ਼ੁਰੂ ਹੋਇਆ ਹੈ, ਜਿਸ ਨੂੰ ਸੰਬੰਧਤ ਚੈਨਲ ਵੱਲੋਂ ਨਵੀਂ ਉਮੀਦ ਨਵਾਂ ਸ਼ੋਅ ਆਖ ਕੇ ਵੱਡੀ ਪੱਧਰ ਤੇ ਪਰਚਾਰਿਆ ਜਾ ਰਿਹਾ ਹੈ। ਇਹ ਸ਼ੋਅ ਆਪਣੇ ਸ਼ੁਰੂਆਤੀ ਅੱਖਰਾਂ ਵਿੱਚ ਆਖਦਾ ਹੈ ਕਿ, ਇਹ ਪ੍ਰੋਗਰਾਮ ਲੋਕਾਂ ਦੀਆਂ ਜ਼ਿੰਦਗੀਆਂ ਵਿੱਚ ਵਾਪਰੀਆਂ ਅਸਲੀ ਘਟਨਾਵਾਂ ਤੇ ਅਧਾਰਿਤ ਹੈ। ਚੈਨਲ ਜਾਂ ਕੰਪਨੀ ਇਸ ਪਿੱਛੇ ਕਿਸੇ ਤਰ੍ਹਾਂ ਦਾ ਅੰਧ-ਵਿਸ਼ਵਾਸ ਫੈਲਾਉਣ ਦਾ ਮੰਤਵ ਲੈ ਕੇ ਨਹੀਂ ਤੁਰਿਆ। ਇਹ ਪ੍ਰੋਗਰਾਮ ਇੱਕ ਕੋਸ਼ਿਸ਼ ਹੈ, ਭਰੋਸੇਹੀਣ ਅਤੇ ਅਨੋਖੀਆਂ ਘਟਨਾਵਾਂ ਪਿੱਛੇ ਲੁਕ ਸੱਚ ਨੂੰ ਲੋਕਾਂ ਸਾਹਮਣੇ ਲਿਆਉਣ ਦੀ। ਜਿਸ ਤਰ੍ਹਾਂ ਦੇ ਡਰ ਦੀ ਤਸਵੀਰ ਇਹ ਸ਼ੋਅ ਪੇਸ਼ ਕਰਦਾ ਹੈ, ਉਸ ਨੂੰ ਦੇਖ ਕੇ ਤਾਂ ਜ਼ਰਾ ਵੀ ਨਹੀਂ ਲੱਗਦਾ ਕਿ ਇਹ ਆਪਣੇ ਹੀ ਆਖੇ ਮੰਤਵ ਦੀਆਂ ਪੈੜਾਂ ਤੇ ਚੱਲ ਰਿਹਾ ਹੈ। ਹਾਂ, ਇਹ ਕਾਲਾ ਜਾਦੂ, ਵਾਸਤੂ ਸ਼ਾਸ਼ਤਰ, ਤੰਤਰ-ਮੰਤਰ ਵਿੱਦਿਆ, ਜਿੰਨ ਅਤੇ ਅਦ੍ਰਿਸ਼ ਸ਼ਕਤੀਆਂ ਨੂੰ ਵਿਗਿਆਨ ਦੀ ਪੁੱਠ ਚਾੜ੍ਹਨ ਦੀ ਕੋਸ਼ਿਸ਼ ਜਰੂਰ ਕਰ ਰਿਹਾ ਹੈ। ਅਸਲ ਵਿੱਚ ਅਜਿਹੇ ਰਿਐਲਟੀ ਸ਼ੋਆਂ ਦੀ ਰਿਐਲਟੀ ਤਾਂ ਡਰੇ ਹੋਏ ਲੋਕਾਂ ਨੂੰ ਹੋਰ ਡਰਾਉਣਾ ਅਤੇ ਪਹਿਲਾਂ ਤੋਂ ਹੀ ਅੰਧ ਵਿਸ਼ਵਾਸ਼ ਦੀਆਂ ਗੰਢਾਂ ਵਿੱਚ ਬੱਝੇ ਲੋਕਾਂ ਦੀਆਂ ਗੈਰ-ਵਿਗਿਆਨਕ ਪ੍ਰਵਿਰਤੀਆਂ ਨੂੰ ਵੱਧ ਤੋਂ ਵੱਧ ਗਰਮਾਉਣ ਵਿੱਚ ਲੁਕੀ ਹੋਈ ਹੈ, ਤਾਂ ਕਿ ਟੀ.ਵੀ. ਚੈਨਲ ਅਤੇ ਵਪਾਰਕ ਕੰਪਨੀਆਂ ਇਸ ਉੱਤੇ ਪੱਕੀਆਂ ਟੀ.ਆਰ.ਪੀ. ਨਾਂਅ ਦੀਆਂ ਰੋਟੀਆਂ ਨੂੰ ਖਾ ਕੇ ਆਪਣੇ ਢਿੱਡਾਂ ਦਾ ਭਾਰ ਵੱਧ ਤੋਂ ਵੱਧ ਵਧਾ ਸਕਣ।

ਖੇਤਰੀ ਅਤੇ ਰਾਸ਼ਟਰੀ ਪੱਧਰ ਦੇ ਟੀ.ਵੀ. ਚੈਨਲਾਂ ਉੱਤੇ ਚਲਦੇ ਵਿਗਿਆਪਨਾਂ ਨੇ ਵੀ ਅੰਧ-ਵਿਸ਼ਵਾਸ ਦਾ ਰੰਗ ਲੋਕ ਮਨਾਂ ਤੇ ਚੜ੍ਹਾਉਣ ਹਿੱਤ ਕੋਈ ਕਸਰ ਬਾਕੀ ਨਹੀਂ ਛੱਡੀ। ਦਿਲਕਸ਼ ਉਰਦੂ ਸ਼ਾਇਰੀ ਦਾ ਇਸਤੇਮਾਲ ਕਰਕੇ ਤਾਂਤਰਿਕ ਬਾਬੇ ਪਿਆਰ ਪ੍ਰਾਪਤੀ, ਵਿਆਹ ਬਾਰੇ, ਕਿਸੇ ਨੂੰ ਵੱਸ ਵਿੱਚ ਕਰਨਾ, ਸੰਤਾਨ ਪ੍ਰਾਪਤੀ, ਜਾਦੂ ਟੂਣੇ ਤੋਂ ਛੁਟਕਾਰਾ ਆਦਿ ਜਿਹੀਆਂ ਮੁਸ਼ਕਿਲਾਂ ਨੂੰ ਚੁਟਕੀ ਵਿੱਚ ਧਾਗੇ ਤਵੀਤਾਂ ਨਾਲ ਹੱਲ ਕਰਨ ਦਾ ਦਾਅਵਾ ਕਰਦੇ ਨਜ਼ਰ ਆਉਂਦੇ ਹਨ। ਹੋਰ ਤਾਂ ਹੋਰ, ਅੱਜ ਕੱਲ੍ਹ ਇੱਕ ਅਜਿਹੀ ਮੂਰਤੀ ਦਾ ਵਿਗਿਆਪਨ ਇੱਕੋ ਸਮੇਂ ਕਈ ਨਿੱਜੀ ਟੀ.ਵੀ. ਚੈਨਲਾਂ ਤੇ ਚੱਲ ਰਿਹਾ ਹੈ, ਜਿਸ 'ਚ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਜੋ ਇਹ ਮੂਰਤੀ ਰੱਖੇਗਾ, ਉਸ ਦੇ ਘਰ ਪੈਸਿਆਂ ਦੀ ਵਰਖਾ ਹੁੰਦੀ ਰਹੇਗੀ। ਇਸ ਤੋਂ ਬਿਨ੍ਹਾਂ ਟੀ.ਵੀ. ਤੇ ਇੱਕ ਹੋਰ ਅਜਿਹਾ ਹੀ ਵਿਗਿਆਪਨ ਆਉਂਦਾ ਹੈ, ਜੋ ਲੱਕੜ ਦੇ ਰੁਦਰਾਕਸ਼ ਨੂੰ ਰੱਬ ਦਾ ਅਵਤਾਰ ਅਤੇ ਮਨੁੱਖੀ ਦੁੱਖਾਂ ਦਾ ਆਲ ਇੰਨ ਵੰਨ ਇਲਾਜ ਦੱਸ ਕੇ ਸ਼ਰੇਆਮ ਲੋਕਾਂ ਦੀਆਂ ਜੇਬਾਂ ਨੂੰ ਢਿੱਲਾ ਕਰਨ ਦੀ ਕੋਸ਼ਿਸ਼ ਵਿੱਚ ਲੱਗਾ ਹੋਇਆ ਹੈ।

ਪੰਜਾਬ ਦਾ ਬੱਚਾ-ਬੱਚਾ ਇਸ ਗੱਲ ਤੋਂ ਵਾਕਿਫ਼ ਹੈ ਕਿ ਪੰਜਾਬ ਦੀ ਧਰਤੀ ਉਨ੍ਹਾਂ ਗੁਰੂਆਂ ਦੀ ਧਰਤੀ ਹੈ, ਜਿਨ੍ਹਾਂ ਪੈਦਲ-ਯਾਤਰਾਵਾਂ ਕਰਕੇ ਲੋਕਾਂ ਨੂੰ ਅੰਧ ਵਿਸ਼ਵਾਸ ਦੇ ਹਨੇਰੇ ਵਿੱਚੋਂ ਕੱਢਣ ਦਾ ਸੁਨੇਹਾ ਦਿੱਤਾ। ਇਸ ਦੇ ਬਾਵਜੂਦ ਅੱਜ 21ਵੀਂ ਸਦੀ ਵਿੱਚ ਪੰਜਾਬ ਦੀ ਹਰ ਸਵੇਰ ਅਜਿਹੇ ਚੜ੍ਹਦੇ ਸੂਰਜ ਜਾਂ ਤਕਦੀਰ ਦੇ ਸਿਤਾਰਿਆਂ ਨਾਲ ਸ਼ੁਰੂ ਹੁੰਦੀ ਹੈ, ਜਿਸ ਵਿੱਚ ਪੰਜਾਬੀ ਚੈਨਲਾਂ ਤੇ ਲੈਪਟਾਪ ਲੈ ਕੇ ਬੈਠੇ ਜੋਤਸ਼ੀ ਸਾਰੇ ਦਿਨ, ਮਹੀਨੇ ਤੇ ਸਾਲ ਦਾ ਹਾਲ ਸੁਣਾਉਂਦਿਆਂ ਨੰਗੀ ਅੱਖ ਨਾਲ ਅਜਿਹੇ ਗ੍ਰਹਿ ਦੀ ਸਥਿਤੀ ਨੂੰ ਵੀ ਪਲਾਂ ਵਿੱਚ ਤੱਕ ਲੈਂਦੇ ਹਨ, ਜਿੰਨ੍ਹਾਂ ਨੂੰ ਅਮਰੀਕਾ ਵਿੱਚ ਨਾਸਾ

ਵਿਗਿਆਨੀ ਦੂਰਬੀਨ ਦੀ ਮਦਦ ਨਾਲ ਵੀ ਬੜੀ ਮੁਸ਼ਕਿਲ ਨਾਲ ਦੇਖਦੇ ਹਨ। ਫ਼ੋਨ ਰਾਹੀਂ ਸਿੱਧੀ ਗੱਲਬਾਤ ਕਰਦੇ ਅੰਧ-ਵਿਸ਼ਵਾਸਾਂ ਦੀ ਜਿੱਲ੍ਹਣ ਵਿੱਚ ਫਸੇ ਡਾਕਟਰ, ਇੰਜੀਨੀਅਰ, ਅਧਿਆਪਕ ਆਦਿ ਵਿਅਕਤੀਆਂ ਦਾ ਭਾਗ ਤਾਂ ਬੇਸ਼ੱਕ ਇਹ ਜੋਤਸ਼ੀ ਨਾ ਲਿਸ਼ਕਾ ਸਕਣ ਪਰ ਇਨ੍ਹਾਂ ਵਿੱਚੋਂ ਕੁਝ ਅਜਿਹੇ ਵੀ ਹਨ, ਜਿੰਨ੍ਹਾਂ ਦੇ ਚੈਨਲ ਪੰਜਾਬ ਦੀ ਰਾਜਨੀਤੀ ਦਾ ਸ਼ਿਕਾਰ ਹੋ ਕੇ ਜਦੋਂ ਕੇਬਲ ਟੀ.ਵੀ. ਤੋਂ ਗਾਇਬ ਹੁੰਦੇ ਹਨ ਤਾਂ ਇਹ ਆਪਣਾ ਬਿਸਤਰਾ ਬੰਨ੍ਹ ਕੇ ਅਗਲੇ ਹੀ ਦਿਨ ਕਿਸੇ ਦੂਜੇ ਪੰਜਾਬੀ ਚੈਨਲ ਤੇ ਪਹੁੰਚ ਕੇ ਆਪਣੀਆਂ ਜੇਬਾਂ ਦਾ ਭਾਗ ਨਿਰਵਿਘਨ ਜਰੂਰ ਲਿਸ਼ਕਾ ਲੈਂਦੇ ਹਨ।

ਪ੍ਰਿੰਟ ਮੀਡੀਆ, ਜਿਸ ਦੇ ਸ਼ਬਦਾਂ ਤੇ ਲੋਕਾਂ ਨੂੰ ਆਪਣੇ ਆਪ ਤੋਂ ਵੀ ਵੱਧ ਭਰੋਸਾ ਹੁੰਦਾ ਹੈ, ਵੀ ਇਸ ਅੰਧ-ਵਿਸ਼ਵਾਸਾਂ ਦੇ ਧੂੰਏ ਨੂੰ ਚੁਗਿਰਦੇ ਫੈਲਾਉਣ ਵਿੱਚ ਪਿੱਛੇ ਨਹੀਂ ਰਿਹਾ। ਜਿੱਥੇ ਕੁੱਝ ਅਖਬਾਰ ਤੱਥਹੀਣ ਅੰਧ-ਵਿਸ਼ਵਾਸੀ ਖ਼ਬਰਾਂ, ਇਸ਼ਤਿਹਾਰ ਆਦਿ ਛਾਪ ਰਹੇ ਹਨ, ਉਥੇ ਕਈ ਕਹਿੰਦੇ ਕਹਾਉਂਦੇ ਅਖਬਾਰ ਵੀ ਨਿੱਤ ਦਾ ਰਾਸ਼ੀਫਲ ਲੈ ਕੇ ਅੰਧ-ਵਿਸ਼ਵਾਸਾਂ ਦਾ ਇੱਕ ਨਵਾਂ ਪਾਠਕ ਵਰਗ ਤਿਆਰ ਕਰ ਰਹੇ ਹਨ। ਨਿਊ ਮੀਡੀਆ ਤਹਿਤ ਜਿੱਥੇ ਇੰਟਰਨੈਟ ਉੱਤੇ ਆਧੁਨਿਕ ਕਿਸਮ ਦੇ ਜੋਤਸ਼ੀ ਆਪਣੀਆਂ ਵੈੱਬਸਾਈਟਸ ਰਾਹੀਂ ਦੁਨੀਆਂ ਭਰ ਵਿੱਚ ਆਪਣਾ ਚਮਤਕਾਰ ਦਿਖਾ ਰਹੇ ਹਨ, ਉੱਥੇ ਮੋਬਾਇਲ ਅਤੇ ਸਾਫਟਵੇਅਰ ਕੰਪਨੀਆਂ ਨਾਲ ਵੀ ਇਨ੍ਹਾਂ ਨੇ ਅਜਿਹਾ ਹੱਥ ਮਿਲਾਇਆ ਹੈ ਕਿ ਭਵਿੱਖ ਦੱਸਣ ਵਾਲੇ ਐਸ.ਐਮ.ਐਸ. ਬੇ-ਵਕਤ ਆ ਕੇ ਲੋਕਾਂ ਦੀਆਂ ਅੱਖੀਆਂ ਵਿੱਚੋਂ ਨੀਂਦ ਖੋਹ ਰਹੇ ਹਨ। ਕੁੰਡਲੀ, ਪੰਡਿਤ ਜੀ, ਜਿਹੇ ਹਜ਼ਾਰਾਂ ਸਾਫਟਵੇਅਰ ਮੋਬਾਇਲ ਅਤੇ ਕੰਪਿਊਟਰ ਸਕਰੀਨ ਤੇ ਜਦੋਂ ਦੇ ਆਏ ਹਨ, ਉਦੋਂ ਦੇ ਮਨੁੱਖ ਦੀ ਵਿਗਿਆਨਕ ਸੋਚ ਨੂੰ ਵਾਇਰਸ ਬਣ ਕੇ ਖਾ ਰਹੇ ਹਨ।

ਮੀਡੀਆ ਆਪਣੇ ਅਧਿਕਾਰਾਂ ਦੀ ਹਮੇਸ਼ਾ ਚਰਚਾ ਕਰਦਾ ਰਹਿੰਦਾ ਹੈ, ਪਰ ਜਦੋਂ ਗੱਲ ਉਸਦੇ ਫਰਜ਼ਾਂ ਦੀ ਆਉਂਦੀ ਹੈ ਤਾਂ ਬੜਬੋਲਾ ਮੀਡੀਆ ਮੋਨ ਵਰਤ ਧਾਰ ਕੇ ਬੈਠ ਜਾਂਦਾ ਹੈ। ਭਾਰਤੀ ਸੰਵਿਧਾਨ ਜਿੱਥੇ ਆਰਟੀਕਲ 19(1) ਤਹਿਤ ਮੀਡੀਆ ਨੂੰ ਬੋਲਣ ਦੀ ਖੁੱਲ੍ਹ ਦਿੰਦਾ ਹੈ, ਉੱਥੇ ਨਾਲ ਹੀ ਆਰਟੀਕਲ 51 ਏ (ਐੱਚ) ਅਨੁਸਾਰ ਸਾਰੇ ਨਾਗਰਿਕਾਂ ਦਾ ਫ਼ਰਜ਼ ਹੈ ਕਿ ਉਹ ਦੇਸ਼ ਵਿੱਚ ਵਿਗਿਆਨਕ ਮਾਹੌਲ ਬਣਾ ਕੇ ਦੇਸ਼ ਦਾ ਵਿਕਾਸ ਕਰਨ। ਜਿੱਥੋਂ ਤੱਕ ਗੱਲ ਅੰਧ ਵਿਸ਼ਵਾਸ਼ ਫੈਲਾਉਣ ਵਾਲੇ ਵਿਗਿਆਪਨਾਂ ਦੀ ਹੈ, ਇਸ ਲਈ ਵੀ ਜੜ੍ਹੀ ਬੂਟੀ ਤੇ ਜਾਦੂ ਟੂਣਾ ਇਲਾਜ (ਇਤਰਾਜ਼ਯੋਗ ਵਿਗਿਆਪਨ) ਕਾਨੂੰਨ 1954 ਭਾਰਤੀਆਂ ਕੋਲ ਹੈ। ਇਸ ਕਾਨੂੰਨ ਦੇ ਤਹਿਤ ਅੰਧ-ਵਿਸ਼ਵਾਸ ਫੈਲਾਉਣ ਵਾਲੇ ਵਿਗਿਆਪਨਾਂ ਤੇ ਰੋਕ ਲਗਾਉਣ ਦੇ ਨਾਲ-ਨਾਲ ਤੰਤਰ ਮੰਤਰ, ਜਾਦੂ ਟੂਣੇ ਜਾਂ ਜੜ੍ਹੀ ਬੂਟੀਆਂ ਨਾਲ ਸਰੀਰਕ ਬਿਮਾਰੀ ਦੂਰ ਕਰਨ, ਨੌਕਰੀ ਦਿਵਾਉਣ ਜਾਂ ਵਿਆਹ ਕਰਵਾਉਣ ਆਦਿ ਦੇ ਝੂਠੇ ਦਾਅਵੇ ਕਰਨ ਵਾਲੇ ਨੂੰ ਇੱਕ ਸਾਲ ਦੀ ਕੈਦ ਅਤੇ ਜ਼ੁਰਮਾਨੇ ਤੱਕ ਦਾ ਪ੍ਰਬੰਧ ਕੀਤਾ ਗਿਆ ਹੈ। ਮੌਜੂਦਾ ਸਮੇਂ ਪ੍ਰੈਸ ਕੌਂਸਲ ਆਫ ਇੰਡੀਆ ਨੂੰ ਛੱਡ ਕੇ ਨਿਊਜ਼ ਬ੍ਰਾਡਕਾਸਟਿੰਗ ਐਸੋਸੀਏਸ਼ਨ, ਇੰਡੀਅਨ ਨਿਊਜ਼ ਪੇਪਰ ਸੋਸਾਇਟੀ, ਬ੍ਰਾਡਕਾਸਟ ਐਡੀਟਰ ਐਸੋਸੀਏਸ਼ਨ ਜਿਹੀਆਂ ਸੰਸਥਾਵਾਂ ਮੀਡੀਆ ਤੇ ਨਜ਼ਰ ਰੱਖਣ ਦਾ ਕੰਮ ਕਰ ਰਹੀਆਂ ਹਨ, ਪਰ ਇਨ੍ਹਾਂ ਸੰਸਥਾਵਾਂ ਦੀ ਲਗਾਮ ਉਨ੍ਹਾਂ ਲੋਕਾਂ ਦੇ ਹੱਥਾਂ ਵਿੱਚ ਹੈ ਜੋ ਨਿੱਜੀ ਮੀਡੀਆ ਦੇ ਮਾਲਕ ਹਨ। ਭਾਰਤ ਵਿੱਚ ਬਹੁਤਾ ਮੀਡੀਆ ਨਿੱਜੀ ਹੱਥਾਂ ਵਿੱਚ ਹੈ ਅਤੇ ਇਹ ਨਿੱਜੀ ਹੱਥ ਪੈਸੇ ਦੀਆਂ ਡੋਰਾਂ ਨੂੰ ਆਪਣੇ ਵੱਲ ਖਿੱਚਣ ਲੱਗੇ ਹੋਏ ਹਨ। ਪੈਸਾ ਕਮਾਉਣਾ ਮਾੜੀ ਗੱਲ ਨਹੀਂ ਹੈ, ਪਰ ਸਮਾਜਿਕ ਜਿੰਮੇਵਾਰੀਆਂ ਨੂੰ ਮੀਡੀਆ ਵੱਲੋਂ ਛਿੱਕੇ ਟੰਗ ਕੇ ਪੈਸਾ ਕਮਾਉਣਾ ਮੀਡੀਆ ਦੀ ਨੈਤਿਕਤਾ ਦੇ ਖਿਲਾਫ਼ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਭਾਰਤੀ ਮੀਡੀਆ ਨੇ ਵਿਕਾਸ ਦੀਆਂ ਲੀਹਾਂ ਤੇ ਤੁਰਦਿਆਂ ਬੈਲਗੱਡੀ ਤੋਂ ਹਵਾਈ ਜਹਾਜ਼ ਵਿਚਲੇ ਖੱਪੇ ਨੂੰ ਬੜੀ ਤੇਜ਼ੀ ਨਾਲ ਪੂਰਿਆ ਹੈ। ਜਿਸ ਹਵਾਈ ਰਫ਼ਤਾਰ ਨਾਲ ਭਾਰਤੀ ਮੀਡੀਆ ਵਿਕਾਸ ਕਰ ਰਿਹਾ ਹੈ, ਉਸ ਦੇ ਮੁਕਾਬਲੇ ਇੱਥੋਂ ਦੇ ਅੱਧੋ ਵੱਧ ਲੋਕਾਂ ਦੀਸ ਮਾਨਸਿਕਤਾ ਅਜੇ ਵੀ ਬੈਲ ਗੱਡੀ ਤੇ ਬੈਠੀ ਹੋਈ ਹੈ। ਇੱਥੇ ਹਾਲੇ ਵੀ ਕਈ ਅਜਿਹੀਆਂ ਸਮੱਸਿਆਵਾਂ ਹਨ, ਜਿੰਨ੍ਹਾਂ ਦੀਆਂ ਜੜ੍ਹਾਂ ਅੰਧ-ਵਿਸ਼ਵਾਸ਼ ਦੀ ਮਿੱਟੀ ਵਿੱਚ ਲੁਕੀਆਂ ਹੋਈਆਂ ਹਨ। ਅਜਿਹੇ ਹਾਲਾਤ ਵਿੱਚ ਲੋੜ ਹੈ ਕਿ ਮੀਡੀਆ ਲੋਕਾਂ ਦੀ ਮਾਨਸਿਕਤਾ ਨੂੰ ਸਮਝਦੇ ਹੋਏ ਇਨ੍ਹਾਂ ਦੇ ਮਨਾਂ ਦੀਆਂ ਪਰਤਾਂ ਤੋਂ ਅੰਧ-ਵਿਸ਼ਵਾਸ ਦੀ ਮਿੱਟੀ ਨੂੰ ਝਾੜੇ, ਨਾ ਕਿ ਵਿਗਿਆਨਕ ਸਾਧਨਾਂ ਦੀ ਮਦਦ ਨਾਲ ਵਹਿਮਾਂ-ਭਰਮਾਂ ਦਾ ਪਰਚਾਰ ਕਰਕੇ ਉਨ੍ਹਾਂ ਦੀ ਸੋਚ ਨੂੰ ਹੋਰ ਖੁੰਢਾ ਕਰੇ।

ਵਿਦਿਆਰਥੀ ਐੱਮ.ਫਿਲ. (ਪੱਤਰਕਾਰੀ ਅਤੇ ਜਨ ਸੰਚਾਰ ਵਿਭਾਗ),
ਪੰਜਾਬੀ ਯੂਨੀਵਰਸਿਟੀ, ਪਟਿਆਲਾ 9888413836

ਬੇਨਤੀ : ਲੇਖਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ 'ਤਰਕਸ਼ੀਲ' ਵਿੱਚ ਛਪਣ ਹਿੱਤ ਭੇਜਿਆ ਜਾਣ ਵਾਲਾ ਲੇਖ ਵੱਧ ਤੋਂ ਵੱਧ ਤਿੰਨ ਪੇਜ਼ ਦਾ ਹੋਣਾ ਚਾਹੀਦਾ ਹੈ। ਅਦਾਰਾ ਥਾਂ ਦੀ ਘਾਟ ਕਾਰਣ ਵੱਡੇ ਲੇਖ ਛਾਪਣ ਤੋਂ ਅਸਮਰਥ ਹੈ।

ਰੱਬ ਦੀ ਮੰਡੀ

ਮੀਰਾ ਨੰਦ

ਮੀਰਾ ਨੰਦ ਧਰਮ ਅਤੇ ਵਿਗਿਆਨ ਤੇ ਲਿਖਦੀ ਹੈ। ਉਹ ਵਿਗਿਆਨ ਵਿਸ਼ੇ ਦੀ ਦਾਰਸ਼ਨਿਕ ਹੈ ਅਤੇ ਉਸਨੇ ਜਿਆਦਾ ਪੜ੍ਹਾਈਜੀਵ ਵਿਗਿਆਨ ਵਿਸ਼ੇ ਦੀ ਕੀਤੀ ਹੈ। ਉਸ ਨੂੰ ਅਮਰੀਕੀ ਕੌਂਸਲ ਅਤੇ ਜੋਹਨ ਟੈਮਪਲਟਨ ਫਾਊਂਡੇਸ਼ਨ ਵੱਲੋਂ ਖੋਜ ਫੈਲੋਸ਼ਿਪ ਮਿਲੀ ਹੈ। ਉਹ ਹੁਣ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਉੱਚ ਸਿੱਖਿਆ ਵਿੱਚ ਵਿਜਟਿੰਗ ਫੈਲੋ ਹੈ ਅਤੇ ਇਨਾਮ ਜੇਤੂ ਪੁਸਤਕ 'ਪੈਗੰਬਰ ਪਿੱਛੇ ਵੱਲ ਵੇਖ ਰਹੇ ਹਨ' ਦੀ ਲੇਖਿਕਾ ਹੈ।ਆਪਣੀ ਪੁਸਤਕ 'The God market' ਵਿੱਚ ਉਸ ਨੇ ਭਾਰਤ ਨੂੰ ਹਿੰਦੂਤਵ ਦੀ ਲਪੇਟ ਵਿੱਚ ਲੈਣ ਦੀਆ ਸਾਜਿਸ਼ਾਂ ਅਤੇ ਵਿਸ਼ਵੀਕਰਨ ਕਿਵੇਂ ਭਾਰਤ ਨੂੰ ਹੋਰ ਹਿੰਦੂ ਬਣਾ ਰਿਹਾ ਹੈ, ਦਾ ਬਹੁਤ ਹੀ ਠੋਸ ਵਿਸ਼ਲੇਸ਼ਣ ਪੇਸ਼ ਕੀਤਾ ਹੈ।

ਫੋਰਬਜ ਵਿਸ਼ਵ ਰੈਕਿੰਗ ਅਨੁਸਾਰ ਭਾਰਤ ਵਿੱਚ 2004 ਵਿੱਚ 9, 2007 ਵਿੱਚ 40 ਅਤੇ 2008 ਵਿੱਚ 53 ਵਿਅਕਤੀ ਅਰਬਪਤੀ ਹਨ ਜੋ ਜਪਾਨ ਨਾਲੋਂ ਕਿਤੇ ਵੱਧ ਹਨ। ਮਨੁੱਖੀ ਵਿਕਾਸ ਦਰ ਪੱਖੋਂ ਭਾਰਤ 2000 ਵਿੱਚ 124, 2001 ਵਿੱਚ 127 ਅਤੇ 2008 ਵਿੱਚ 132ਵੇਂ ਸਥਾਨ ਤੇ ਆ ਗਿਰਿਆ ਹੈ। ਜਦੋਂ ਇਹ ਕਿਹਾ ਜਾਂਦਾ ਹੈ ਕਿ ਭਾਰਤ ਦੀ ਵਿਕਾਸ ਦਰ 9.2% ਹੈ। ਉਸਦਾ ਭਾਵ ਹੈ ਕਿ 0.2% ਲੋਕ 9.2% ਦੀ ਦਰ ਨਾਲ ਵਿਕਾਸ ਕਰ ਰਹੇ ਹਨ ਪ੍ਰੰਤੂ ਬਹੁਤ ਵੱਡਾ ਹਿੱਸਾ ਕੇਵਲ 0.2% ਵਿਕਾਸ ਤੱਕ ਹੀ ਸੀਮਤ ਹੈ। ਸਿੱਖਿਆ ਸੰਬੰਧੀ ਪੇਸ਼ ਹੋ ਰਹੀਆਂ ਰਿਪੋਰਟਾਂ ਵਿੱਚ ਕਦਰਾਂ ਕੀਮਤਾਂ ਦੀ ਸਿੱਖਿਆ ਦੇ ਨਾਂ ਤੇ ਹਿੰਦੂ ਕਦਰਾਂ ਕੀਮਤਾਂ ਅਪਨਾਉਣ ਤੇ ਜ਼ੋਰ ਦਿੱਤਾ ਗਿਆ ਹੈ। ਇਸ ਦਾ ਹੀ ਸਿੱਟਾ ਹੈ ਕਿ BIN-CNN ਸਰਵੇ ਅਨੁਸਾਰ ਪਿਛਲੇ ਪੰਜ ਸਾਲਾਂ ਵਿੱਚ 30% ਭਾਰਤੀ ਵਧੇਰੇ ਧਾਰਮਿਕ ਹੋਏ ਹਨ। ਸਿੱਖਿਆ ਅਤੇ ਆਧੁਨਿਕ ਜ਼ਿੰਦਗੀ ਨੇ ਉਹਨਾਂ ਨੂੰ ਹੋਰ ਧਾਰਮਿਕ ਬਨਣ ਵਿੱਚ ਮੱਦਦ ਕੀਤੀ ਹੈ। ਦਿੱਲੀ ਵਿੱਚ ਰਜਿਸਟਰ ਹੋਈਆਂ ਧਾਰਮਿਕ ਇਮਾਰਤਾਂ ਦੀ ਗਿਣਤੀ 1980 ਵਿੱਚ 560 ਤੋਂ ਵੱਧ ਕੇ 1987 ਵਿੱਚ 2000 ਹੋ ਗਈ ਹੈ।

ਮੀਨਾਕਸ਼ੀ ਦਾ ਮੰਦਿਰ ਮਦੁਰਾਏ ਵਿਖੇ ਸਥਿਤ ਹੈ। ਉੱਥੇ ਇਸ ਦੇਵੀ ਨੂੰ ਸੋਨੇ-ਚਾਂਦੀ ਦਾ ਰਥ ਮਹਿੰਗੇ ਕਿਰਾਏ ਤੇ ਲੈ ਕੇ ਮੰਦਿਰ ਦੇ ਆਲੇ ਦੁਆਲੇ ਚੱਕਰ ਲਗਾਇਆ ਜਾਂਦਾ ਹੈ। ਜਿਸ ਵਿੱਚ ਪੁਜਾਰੀ, ਬਾਜੇ ਵਾਲੇ, ਹਾਥੀ ਅਤੇ ਹਜ਼ਾਰਾਂ ਲੋਕ ਸ਼ਾਮਿਲ ਹੁੰਦੇ ਹਨ। ਪਹਿਲਾਂ ਇਹ ਕੁੱਝ ਅਰਸੇ ਬਾਅਦ ਹੁੰਦਾ ਸੀ, ਹੁਣ ਇਹ ਸਵਾਰੀ ਹਰ ਰੋਜ ਜਾਣ ਲੱਗ ਪਈ। ਹੁਣ ਇਹ ਪ੍ਰਥਾ 25 ਮੰਦਰਾਂ ਵਿੱਚ ਚਾਲੂ ਹੋ ਗਈ ਹੈ ਅਤੇ 10 ਹੋਰ ਵਿੱਚ ਛੇਤੀ ਸ਼ੁਰੂ ਹੋ ਰਹੀ ਹੈ। ਸ਼ਰਧਾਲੂ ਲੜਕੀਆਂ ਸੋਨੇ ਦੇ ਗਹਿਣੇ ਇਸ ਮੰਦਿਰ ਤੇ ਚੜ੍ਹਾ ਕੇ ਸੁੰਦਰ ਪਤੀ ਦੀ ਮੰਗ ਕਰਦੀਆਂ ਹਨ। ਕੁੰਭ ਅਭਿਸ਼ੇਕ ਸਮੇਂ ਲਗਭਗ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਆਗੂ, ਰਾਸ਼ਟਰਪਤੀ, ਪ੍ਰਧਾਨਮੰਤਰੀ, ਐਮ.ਪੀ., ਐਮ.ਐਲ.ਏ. ਆਦਿ ਸ਼ਾਮਿਲ ਹੁੰਦੇ ਹਨ। ਇਹ ਹੈ, ਸਾਡੀ ਹਾਲਤ? ਇਸ ਪ੍ਰਚਾਰ ਨਾਲ ਕਿ ਅਕਸ਼ੈ ਤੀਜ ਨੂੰ ਸੋਨਾ ਖਰੀਦਣਾ ਸ਼ੁਭ ਹੈ, 2006-2007 ਵਿੱਚ ਆਮ ਦਿਨਾਂ ਦੇ 2 ਟਨ ਸੋਨੇ ਦੇ ਮੁਕਾਬਲੇ 38 ਟਨ ਸੋਨੇ ਦਾ ਕਾਰੋਬਾਰ ਹੋਇਆ ਜੋ ਹਰ ਸਾਲ ਵਧ ਰਿਹਾ ਹੈ। ਹਵਨ, ਸ਼ਲੋਕ, ਯੱਗ, ਪਾਠ ਆਦਿ ਸ਼ਰੇਆਮ ਵਿਕਣੇ ਸ਼ੁਰੂ ਹੋ ਗਏ ਹਨ।



1970 ਵਿੱਚ ਜਨ ਸੰਘ ਨੇ ਇੰਦਰਾ ਗਾਂਧੀ ਨੂੰ ਮਾਰਨ ਲਈ ਵੈਦਿਕ ਮੰਤਰ ਯੱਗ ਕੀਤੇ। ਅਜਿਹਾ ਕਰਨ ਵਾਲਾ ਪੁਜਾਰੀ ਆਪ ਹੀ ਬਿਜਲੀ ਦੇ ਕਰੰਟ ਨਾਲ ਮਰ ਗਿਆ। ਵਿਗਿਆਨਕ ਅਧਿਆਤਮਵਾਦ (?) ਦੇ ਪ੍ਰਚਾਰ ਲਈ ਗਾਇਤਰੀ ਮੰਤਰ ਦਾ ਪਾਠ ਅਤੇ ਸਮੂਹਕ ਯੱਗ ਕਰਨ ਲਈ ਡਾ. ਪਰਨਵ ਪਾਡਿਆਂ ਇੱਕ ਖੋਜ ਸੰਸਥਾ ਚਲਾ ਰਿਹਾ ਹੈ। ਜਿਸਦੇ ਪੜ੍ਹੇ ਲਿਖੇ ਡਾਕਟਰ, ਇੰਜੀਨੀਅਰ, ਵਕੀਲ ਆਦਿ 7 ਕਰੋੜ ਮੈਂਬਰ ਹਨ। ਉਹ ਇਸ ਨੂੰ ਡਾਕਟਰੀ ਇਲਾਜ ਯੋਗਿਓਪੈਥੀ ਦਾ ਨਾਮ ਦਿੰਦੇ ਹਨ। ਉਹ ਮਾਨਸਿਕ ਸ਼ਾਂਤੀ ਅਤੇ ਤਣਾਅ ਦੂਰ ਕਰਨ ਦੇ ਕੋਰਸ ਵੀ ਕਰਵਾਉਂਦੇ ਹਲ। ਵੇਖੋ ਸ਼ਰਮ ਦੀ ਗੱਲ, ਕਿ ਕਈ ਸਰਕਾਰੀ ਸੰਸਥਾਵਾਂ ਜਿਵੇਂ BHEL, NTPC ਆਦਿ ਵਿੱਚ ਇਹ ਕੋਰਸ, ਰਿਫਰੈਸ਼ਰ ਕੋਰਸ ਦੇ ਰੂਪ ਵਿੱਚ ਕਰਵਾਏ ਜਾਂਦੇ ਹਨ।

ਫਿਲਿਪ ਲੁਟਜੋਨਡੋਫ, ਜਿਸ ਨੇ ਹਨੂੰਮਾਨ ਦੀ ਪੂਜਾ ਸੰਬੰਧੀ ਭਾਰਤ ਦਾ ਅਧਿਐਨ ਕੀਤਾ ਹੈ, ਅਨੁਸਾਰ ਭਾਰਤ ਅੰਦਰ ਹਨੂੰਮਾਨ ਦੇ ਮੰਦਿਰਾਂ ਦੀ ਗਿਣਤੀ ਰਾਮ ਦੇ ਮੰਦਿਰਾਂ ਨਾਲੋਂ ਵੱਧ ਹੈ। ਵੱਡੀ ਤੋਂ ਵੱਡੀ ਹਨੂੰਮਾਨ ਦੀ ਮੂਰਤ ਬਨਾਉਣ ਦੀ ਹੋੜ ਲੱਗੀ ਹੋਈ ਹੈ। ਪੁਟਾਪਾਰਥੀ ਵਿਖੇ ਸਾਈ ਬਾਬਾ ਦੇ ਮੰਦਿਰ ਵਿੱਚ 70 ਫੁੱਟ ਉੱਚਾ ਹਨੂੰਮਾਨ ਹੈ, ਪ੍ਰੰਤੂ ਦਿੱਲੀ ਵਿੱਚ ਉਸ ਤੋਂ ਵੀ ਵੱਡੇ 91 ਫੁੱਟ ਦੇ ਅਤੇ 108 ਫੁੱਟ ਦੇ ਹਨੂੰਮਾਨ ਬਣ ਚੁੱਕੇ ਹਨ।

ਮਹੇਸ਼ ਯੋਗੀ ਦੇ ਚੇਲੇ ਦੀਪਕ ਅਰੋੜਾ ਅਤੇ ਸ੍ਰੀ ਸ੍ਰੀ ਰਵੀ ਸ਼ੰਕਰ ਆਰਟ ਆਫ ਲਿਵਿੰਗ ਦੇ ਕੋਰਸ ਪੂਰੇ ਧੜੱਲੇ ਨਾਲ ਚਲਾ ਰਹੇ ਹਨ। ਜਿੰਨ੍ਹਾਂ ਦੀ ਬੇਸਿਕ ਕੋਰਸ ਦੀ ਫੀਸ 1500 ਰੁਪਏ ਅਤੇ ਅਡਵਾਂਸ ਕੋਰਸ ਦੀ ਫੀਸ 2500 ਰੁਪੈ ਹੈ। ਸਵਾਮੀ ਰਾਮਦੇਵ, ਜ਼ੁਕਾਮ ਤੋਂ ਲੈ ਕੇ ਕੈਂਸਰ ਤੀਕ ਹਰ ਬਿਮਾਰੀ ਦੇ ਇਲਾਜ ਦਾ ਦਾਅਵਾ ਕਰ ਰਿਹਾ ਹੈ। ਸਾਰੀ ਤਰ੍ਹਾਂ ਦੇ ਇਹ ਗੁਰੂ ਭਾਰਤ ਨੂੰ ਹਿੰਦੂ ਦੇਸ਼ ਦੇ ਤੌਰ ਤੇ ਪ੍ਰਚਾਰਦੇ ਹਨ। ਹਿੰਦੂਤਵ ਨੂੰ ਸਰਵੋਤਮ ਦੱਸ ਕੇ ਭਾਰਤ ਨੂੰ ਨਹੀਂ, ਪੂਰੇ ਸੰਸਾਰ ਨੂੰ ਹਿੰਦੂ ਬਨਾਉਣ ਦੀ ਗੱਲ ਕਰਦੇ ਹਨ। ਇਹ ਦੇਸ਼ ਦੇ ਸਵੈ-ਅਭੈਮਾਨ ਨੂੰ ਜਗਾਉਣ ਦੀ ਗੱਲ ਕਰਦੇ ਹਨ।

ਸੁਪਰੀਮ ਕੋਰਟ ਅਨੁਸਾਰ ਧਾਰਮਿਕ ਸਥਾਨਾਂ ਦੇ ਪਬਲਿਕ ਟਰੱਸਟ ਰਾਜ ਨੂੰ ਜਵਾਬਦੇਹ ਹਨ ਪਰ ਰਾਜ ਜਵਾਬਦੇਹੀ ਤਾਂ ਬਿਲਕੁਲ ਹੀ ਨਹੀਂ ਕਰਦਾ, ਸਗੋਂ ਇਹਨਾਂ ਲਈ ਜਮੀਨ ਤੋਹਫ਼ੇ ਦੇ ਰੂਪ ਵਿੱਚ ਦੇਣ ਜਾਂ ਬਹੁਤ ਹੀ ਸਸਤੇ ਭਾਅ ਦੇਣ ਦਾ ਪ੍ਰਬੰਧ ਕਰਦਾ ਹੈ। ਉਦਯੋਗਿਕ ਘਰਾਣੇ ਵੱਡੇ ਪੱਧਰ ਤੇ ਦਾਨ ਦੇ ਕੇ ਉਸ ਦੀ ਉਸਾਰੀ ਕਰਦੇ ਹਨ ਅਤੇ ਆਮਦਨ ਕਰ ਤੋਂ ਨਿਜਾਤ ਪ੍ਰਾਪਤ ਕਰਦੇ ਹਨ। ਸਿੱਖਿਆ ਅਤੇ ਸਿਹਤ ਸੰਸਥਾਵਾਂ ਦੀ ਥਾਂ ਧਾਰਮਿਕ ਸੰਸਥਾਵਾਂ ਦਾ ਪਸਾਰਾ ਵੱਡੇ ਪੱਧਰ ਤੇ ਹੋ ਰਿਹਾ ਹੈ। ਸਿੱਖਿਆ ਸੰਸਥਾਵਾਂ ਵਿੱਚ ਬਹੁਤ ਹੀ ਸੂਖਮ ਢੰਗ ਨਾਲ ਧਰਮ, ਰਾਜ ਦੀ ਸੁਰੱਖਿਆ ਅਧੀਨ ਵੜ ਰਿਹਾ ਹੈ। ਆਓ ਵੇਖੀਏ, ਕੁੱਝ ਕੁ ਲੋਕ ਹੀ ਕਿਵੇਂ ਇੰਨ੍ਹਾਂ ਸੰਸਥਾਵਾਂ ਦੀ ਆਮਦਨ ਡਕਾਰ ਰਹੇ ਹਨ।

ਧੀਰੂਮਲਾ ਤਿਰੁਪਤੀ ਮੰਦਰ ਨੂੰ 12 ਪੁਜਾਰੀਆਂ ਦੇ ਪਰਿਵਾਰ ਕੰਟਰੋਲ ਕਰਦੇ ਸਨ। ਹਰ ਸਾਲ 4.5 ਕਰੋੜ ਰੁਪਏ ਤਾਂ ਉਹ ਸਿਰਫ਼ ਲੱਡੂਆਂ ਦੀ ਵੇਚ ਤੋਂ ਪ੍ਰਾਪਤ ਕਰਦੇ ਸਨ। ਵੈਸ਼ਨੋ ਦੇਵੀ ਮੰਦਰ ਦਾ ਕੁੱਲ ਚੜ੍ਹਾਵਾ 1000 ਪੁਜਾਰੀ ਪਰਿਵਾਰ ਵਰਤਦੇ ਸਨ। ਅਮਰਨਾਥ ਮੰਦਰ ਦੇ ਚੜ੍ਹਾਵੇ ਦਾ ਤੀਜਾ ਹਿਸਾ ਬੱਟਾ ਮਲਿਕ, ਮੁਸਲਿਮ ਚਰਵਾਹਾ ਜਿਸ ਨੇ 1850 ਵਿੱਚ ਗੁਫ਼ਾ ਦੀ ਤਲਾਸ਼ ਕੀਤੀ ਸੀ, ਦਾ ਪਰਿਵਾਰ ਅਤੇ ਬਾਕੀ ਕੁੱਝ ਹਿੰਦੂ ਪਰਿਵਾਰ ਲੈ ਰਹੇ ਸਨ। ਕ੍ਰਮਵਾਰ ਇੱਥੇ ਭਾਵੇਂ 1996, 1986 ਅਤੇ 2000 ਵਿੱਚ ਟਰੱਸਟ, ਬੋਰਡ ਬਣ ਗਏ ਹਨ ਪਰ ਜਨਤਕ ਭਲਾਈ ਤੇ ਕੋਈ ਵੀ ਪੈਸਾ ਨਹੀਂ ਲਗਦਾ।

ਕਈ ਸੰਸਥਾਵਾਂ ਵਿੱਚ ਕਰਮਕਾਂਡ, ਵੈਦਿਕ ਸਿੱਖਿਆ ਦੇ ਨਾਮ ਹੇਠ ਪੁਜਾਰੀਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ। ਬਹੁਤ ਸਾਰੀਆਂ ਡੀਮਡ ਯੂਨੀਵਰਸਿਟੀਆਂ ਧਾਰਮਿਕ ਮੁੱਲਾਂ ਦੀ ਸਿੱਖਿਆ ਦਿੰਦੀਆਂ ਹਨ ਜਿਸ ਵਿੱਚ ਨੈਤਿਕ ਕਦਰਾਂ ਕੀਮਤਾਂ ਦੇ ਨਾਮ ਤੇ ਹਿੰਦੂ ਰਵਾਇਤਾਂ ਦੀ ਸਿੱਖਿਆ ਦਿੱਤੀ ਜਾਂਦੀ ਹੈ। ਗੁਰੂਆਂ, ਸਰਕਾਰ ਅਤੇ ਕਾਰਪੋਰੇਟ ਦਾ ਤਿਕੋਣਾ ਗਠਜੋੜ ਲਗਾਤਾਰ ਪੀਡਾ ਹੋ ਰਿਹਾ ਹੈ।

ਸ੍ਰੀ ਸ੍ਰੀ ਰਵੀ ਸ਼ੰਕਰ ਨੇ ਕਰੋੜਾਂ ਰੁਪਏ ਖਰਚ ਕੇ ਬੰਗਲੌਰ ਦੀ ਇੱਕ ਪਹਾੜੀ ਚੋਟੀ ਤੇ ਕਰਨਾਟਕਾ ਸਰਕਾਰ ਤੋਂ 99 ਸਾਲਾਂ ਪਟੇ ਤੇ ਜ਼ਮੀਨ ਲੈ ਕੇ ਆਸ਼ਰਮ ਦੀ ਉਸਾਰੀ ਕੀਤੀ ਹੈ ਜਿਸ ਲਈ ਸਾਫਟ ਵੇਅਰ ਕੰਪਨੀਆਂ ਨੇ ਦਿਲ ਖੋਲ੍ਹ ਕੇ ਦਾਨ ਦਿੱਤਾ ਹੈ। ਉੜੀਸਾ ਸਰਕਾਰ ਨੇ ਭੁਵਨੇਸ਼ਵਰ ਦੇ ਬਾਹਰ 200 ਏਕੜ ਜਮੀਨ ਬਹੁਤ ਹੀ ਸਸਤੇ ਭਾਅ ਤੇ ਦੇ ਕੇ ਸ੍ਰੀ ਸ੍ਰੀ ਯੂਨੀਵਰਸਿਟੀ ਦੀ ਸਥਾਪਨਾ ਕਰਵਾਈ ਹੈ। ਇਹ ਜਮੀਨ ਨੇੜੇ ਦੇ ਤਿੰਨ ਪਿੰਡਾਂ ਦੀ ਕਾਸਤਕਾਰੀ ਜਮੀਨ ਹੈ। ਮਹਾਰਿਸ਼ੀ ਮਹੇਸ਼ ਯੋਗੀ ਵੈਦਿਕ ਵਿਸ਼ਵ ਵਿਦਿਆਲਿਆ, ਇੱਕ ਪ੍ਰਸਿੱਧ ਕਾਂਗਰਸੀ ਦੇ ਯਤਨਾਂ ਨਾਲ ਮੱਧ ਪ੍ਰਦੇਸ਼ ਵਿੱਚ ਧੜੱਲੇ ਨਾਲ ਚੱਲ ਰਿਹਾ ਹੈ। ਜਿਸਦਾ ਪਹਿਲਾ ਚਾਂਸਲਰ ਮਹੇਸ਼ ਯੋਗੀ ਸੀ। ਇੰਨ੍ਹਾਂ ਯੂਨੀਵਰਸਿਟੀਆਂ ਨੂੰ ਸਰਕਾਰੀ ਯੂਨੀਵਰਸਿਟੀਆਂ ਵਾਂਗ ਸਾਰੀਆਂ ਗ੍ਰਾਂਟਾਂ, ਫੰਡ, ਸਹਾਇਤਾ ਆਦਿ ਮਿਲਦੀ ਹੈ।

'ਸ੍ਰੀ ਹਰਿ ਮੰਦਰ' ਇੱਕ ਨਵਾਂ ਮੰਦਿਰ ਪੋਰਬੰਦਰ ਗੁਜਰਾਤ ਵਿਖੇ 4 ਫਰਵਰੀ 2006 ਨੂੰ ਹੋਂਦ ਵਿੱਚ ਆਇਆ। ਇੱਥੇ ਪੁਜਾਰੀਆਂ ਨੂੰ ਸਿੱਖਿਆ ਦਿੱਤੀ ਜਾਂਦੀ ਹੈ। ਇਹ ਮੰਦਿਰ ਅਤੇ ਸਾਂਦੀਪਨੀ ਵਿਦਿਆ ਨਿਕੇਤਨ, ਗੁਜਰਾਤ ਸਰਕਾਰ, ਅੰਬਾਨੀ ਅਤੇ ਰਮੇਸ਼ ਭਾਈ ਉਂਝਾ ਦਾ ਸਾਂਝਾ ਹੈ। ਇਸ ਦਾ ਉਦਘਾਟਨ ਉਸ ਵੇਲੇ ਦੇ ਉਪ ਰਾਸ਼ਟਰਪਤੀ ਭੈਰੋ ਸਿੰਘ ਸੇਖਾਵਤ ਨੇ ਕੀਤਾ ਸੀ। ਨਰਿੰਦਰ ਮੋਦੀ ਦੀ ਸਰਪ੍ਰਸਤੀ ਸੀ। ਸੈਕੂਲਰ ਭਾਰਤ ਦੇ ਚੁਣੇ ਹੋਏ ਮੈਂਬਰ ਇੱਥੇ ਪ੍ਰਾਰਥਨਾਵਾਂ ਵਿੱਚ ਅਕਸਰ ਸ਼ਾਮਿਲ ਹੁੰਦੇ ਹਨ। ਇਸ ਮੰਦਰ ਵਿੱਚ ਸਾਬਕਾ ਰਾਸ਼ਟਰਪਤੀ ਅਬਦੁਲ ਕਲਾਮ ਵਿਗਿਆਨ ਸੰਗ੍ਰਹਿਆਲਯ ਦੇ ਉਦਘਾਟਨ ਲਈ ਆਏ। ਉਹਨਾਂ ਨੇ ਆਪਣੇ ਭਾਸ਼ਣ ਵਿੱਚ ਪੁਰਾਤਨ ਗਿਆਨ ਵਿਗਿਆਨ ਦੀ ਭਰਪੂਰ ਪ੍ਰਸੰਸਾ ਕੀਤੀ। ਇਹ ਮੰਦਿਰ ਰਾਜ ਅਤੇ ਕਾਰਪੋਰੇਟ ਦੀ ਸਾਂਝ ਦਾ ਮਾਡਲ ਹੈ।

ਰਾਜ ਦੇ ਸਾਰੇ ਅੰਗ ਹਿੰਦੂਵਾਦ ਨੂੰ ਰਾਜ ਦਾ ਧਰਮ ਸਵਿਕਾਰ ਕਰੀ ਬੈਠੇ ਹਨ। Voice of India ਤੇ ਕਾਬਜ ਪ੍ਰਕਾਸ਼ਕ, ਲੇਖਕ ਹਿੰਦੂਵਾਦ ਨੂੰ ਜਗਤ ਗੁਰੂ ਐਲਾਨਦੇ ਹੋਏ, ਹਿੰਦੂਵਾਦ ਨੂੰ ਸੱਭਿਆਚਾਰਕ ਜੀਵਨ ਸ਼ੈਲੀ ਕਹਿੰਦੇ ਹਨ। ਮਾਰਕਸ ਨੇ ਕਿਹਾ ਹੈ, **"ਧਾਰਮਿਕ ਵਿਸ਼ਵਾਸਾਂ ਨੂੰ ਫਿਲਾਸਫੀ ਨਾਲ ਨਕਾਰਨ ਲਈ ਸਾਨੂੰ ਸਮਾਜਿਕ ਤਬਦੀਲੀ ਦੀ ਲੋੜ ਹੈ।"**

ਅਨੁਵਾਦ : ਤਰਸੇਮ ਲਾਲ ਧੂਰੀ, 94632-18707

ਪੁਨਰ ਜਨਮ ਦਾ 'ਰਹੱਸ'



ਅਜਾਇਬ ਜਲਾਲਆਣਾ

ਸਿਰਸਾ ਜਿਲ੍ਹੇ ਦੇ ਪਿੰਡ ਥਰਾਜ ਦੀ ਢਾਈ ਸਾਲਾ ਲੜਕੀ ਦੇ ਪੁਨਰ ਜਨਮ ਦੀ ਖੰਭਾਂ ਤੋਂ ਡਾਰ ਬਣੀ ਕਹਾਣੀ ਦੀ ਪੜਤਾਲ ਲਈ ਕਾਲਾਂਵਾਲੀ ਇਕਾਈ ਦੇ ਤਰਕਸ਼ੀਲ ਕਾਮਿਆਂ ਨੇ ਜੀਅ ਜਾਨ ਨਾਲ ਯਤਨ ਜੁਟਾ ਕੇ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿਤਾਰਿਆ। ਚਾਰ ਮੈਂਬਰੀ ਪੜਤਾਲੀਆ ਟੀਮ ਵਿੱਚ ਮਾਸਟਰ ਸ਼ਮਸ਼ੇਰ ਸਿੰਘ, ਮਾਸਟਰ ਜਗਦੀਸ਼ ਸਿੰਘਪੁਰਾ, ਮਾਸਟਰ ਦਰਸ਼ਨ ਸਿੰਘ ਤੇ ਮੈਂ ਸ਼ਾਮਲ ਸਾਂ। ਪੁਨਰ ਜਨਮ ਦੀ ਜਾਂਚ ਪੜਤਾਲ ਕਰਕੇ ਪਿੰਡ ਵਾਸੀਆਂ ਸਾਹਮਣੇ ਸੱਚ ਉਜਾਗਰ ਕੀਤਾ ਤੇ ਲੋਕਾਂ ਨੂੰ ਅਜਿਹੀਆਂ ਧਾਰਨਾਵਾਂ ਦੀ ਥਾਂ ਵਿਗਿਆਨਕ ਸੋਚ ਦੇ ਲੜ ਲੱਗ ਕੇ ਵਾਪਰਨ ਵਾਲੀ ਹਰ ਘਟਨਾ ਪਿੱਛੇ ਕਾਰਣਾਂ ਨੂੰ ਖ਼ੋਜਣ ਤੇ ਉਸ ਦੇ ਆਧਾਰ ਤੇ ਫ਼ੈਸਲੇ ਲੈਣ ਲਈ ਪ੍ਰੇਰਿਆ।

ਪਿੰਡ ਥਰਾਜ ਵਾਸੀ ਲਾਭ ਸਿੰਘ ਪੁੱਤਰ ਜੈਲ ਸਿੰਘ ਦੀ ਢਾਈ ਸਾਲਾਂ ਬੇਟੀ ਰਮਨਦੀਪ ਵੱਲੋਂ ਆਪਣੇ ਦੁਬਾਰਾ ਜਨਮ ਹੋਣ ਬਾਰੇ ਦੱਸਣ ਦੀ ਚਰਚਾ ਇਸ ਖ਼ੇਤਰ ਵਿੱਚ ਹਰ ਜ਼ੁਬਾਨ ਤੇ ਸੀ। ਲੜਕੀ ਦੇ ਪਰਿਵਾਰਕ ਮੈਂਬਰਾਂ ਅਨੁਸਾਰ ਪਿੰਡ ਦੇ ਹੀ ਜੀਤ ਸਿੰਘ ਦੀ ਅੱਠ ਸਾਲਾਂ ਲੜਕੀ ਅਮਨਦੀਪ ਜੋ ਚਾਰ ਸਾਲ ਪਹਿਲਾਂ ਪਿੰਡ ਦੇ ਛੱਪੜ 'ਚ ਡੁੱਬ ਕੇ ਮਰ ਗਈ ਸੀ। ਹੁਣ ਰਮਨਦੀਪ ਆਪਣੇ ਪੁਰਾਣੇ ਪਰਿਵਾਰ ਕੋਲ ਜਾਣ ਦੀ ਗੱਲ ਕਰ ਰਹੀ ਸੀ।

ਪੜਤਾਲੀਆ ਟੀਮ ਦੇ ਮੈਂਬਰਾਂ ਵਜੋਂ ਅਸੀਂ ਜੀਤ ਸਿੰਘ ਦੇ ਘਰ ਜਾ ਕੇ ਪੁੱਛ ਪੜਤਾਲ ਕੀਤੀ ਤਾਂ 4-5 ਸੁਆਲ ਸਾਡੇ ਸਾਹਮਣੇ ਆਏ। ਲੜਕੀ ਵੱਲੋਂ ਭੱਜ ਕੇ ਆਪਣੀ ਮਾਂ ਦੀ ਗੋਦ 'ਚ ਚੜ੍ਹ ਜਾਣਾ, ਛੱਪੜ 'ਚ ਡੁੱਬਣ ਸਮੇਂ ਉਸ ਜਗ੍ਹਾ ਬਾਰੇ ਦੱਸਣਾ, ਆਪਣੀ ਫੋਟੋ ਪਛਾਣਨਾ ਤੇ ਆਪਣੇ ਪੁਰਾਣੇ ਘਰ ਜਾਣ ਦੀ ਜ਼ਿੱਦ ਕਰਨਾ। ਜਦ ਜੀਤ ਸਿੰਘ ਨੂੰ ਪੁੱਛਿਆ ਗਿਆ ਕਿ ਉਸ ਨੂੰ ਇਸ ਘਟਨਾ ਦੀ ਜਾਣਕਾਰੀ ਕਿਸ ਤੋਂ ਤੇ ਕਿਵੇਂ ਮਿਲੀ। ਉਸ ਨੇ ਦੱਸਿਆ ਕਿ ਇਹ ਜਾਣਕਾਰੀ ਉਸ ਨੂੰ ਲੋਕਾਂ ਤੋਂ ਹੀ ਥੋੜ੍ਹੇ ਦਿਨ ਪਹਿਲਾਂ ਮਿਲੀ। ਲੜਕੀ ਦੀ ਤਾਈ ਹੀ ਉਨ੍ਹਾਂ ਦੇ ਘਰ ਆਈ ਸੀ। ਲੜਕੀ ਦੀ ਦਾਦੀ ਪੁੱਛਾਂ ਦੇਣ ਦਾ ਕੰਮ ਕਰਦੀ ਹੈ, ਇਸੇ ਕੰਮ ਲਈ ਜਦੋਂ ਲੜਕੀ ਦੀ ਤਾਈ ਘਰ ਗਈ ਤਾਂ ਰਮਨਦੀਪ ਵਿਹੜੇ 'ਚ ਖੇਡ ਰਹੀ ਸੀ। ਮੈਂ ਉਸ ਨੂੰ ਗੋਦੀ ਚੁੱਕ ਲਿਆ। ਅਸੀਂ ਸੁਆਲ ਕੀਤਾ ਕਿ ਉਸ ਨੇ ਬੋਲ ਕੇ ਦੱਸਿਆ ਸੀ ਕਿ ਮੇਰਾ ਦੁਬਾਰਾ ਜਨਮ ਹੋਇਆ ਹੈ? ਜਾਂ ਫਿਰ ਤਾਈ ਨੇ ਕਿਹਾ ਸੀ? ਉਸ ਦਾ ਜਵਾਬ ਸੀ ਕਿ ਤਾਈ ਨੇ ਕਿਹਾ ਸੀ ਕਿ ਇਹ ਤੁਹਾਡੀ ਲੜਕੀ ਹੈ, ਇਸ ਦਾ ਦੁਬਾਰਾ ਜਨਮ ਹੋਇਆ ਹੈ, ਇਸ ਨੂੰ ਆਪਣੇ ਘਰ ਲੈ ਜਾਓ। ਅਸੀਂ ਉਸ ਨੂੰ ਚਾਈਂ-ਚਾਈਂ ਆਪਣੇ ਘਰ ਲੈ ਆਏ ਤੇ ਉਹ ਹੋਰਨਾਂ ਬੱਚਿਆਂ ਨਾਲ ਖੇਡਣ ਲੱਗ ਪਈ। ਜਦ ਅਸੀਂ ਮਰ ਚੁੱਕੀ ਅਮਨਦੀਪ ਦੀ ਤਸਵੀਰ ਇਸ ਢਾਈ ਸਾਲਾ ਬੱਚੀ ਕੋਲ ਰੱਖੀ ਤਾਂ ਉਸ ਨੇ ਝੱਟ ਚੁੱਕ ਲਈ। ਸਾਡੇ ਇਹ ਪੁੱਛਣ ਤੇ ਕਿ ਕੀ ਇਸ ਲੜਕੀ ਨੇ ਬੋਲ ਕੇ ਦੱਸਿਆ ਸੀ ਕਿ ਇਹ ਮੇਰੀ ਪੁਰਾਣੀ ਫੋਟੋ ਹੈ? ਜਵਾਬ ਮਿਲਿਆ ਕਿ ਨਹੀਂ, ਇਸ ਨੇ ਨਹੀਂ ਸੀ ਕਿਹਾ। ਮਰ ਚੁੱਕੀ ਅਮਨਦੀਪ ਦਾ ਤਾਇਆ ਦੱਸਣ ਲੱਗਾ ਕਿ ਮੈਂ ਇਸ ਨੂੰ ਉਸ ਛੱਪੜ ਕੋਲ ਲੈ ਗਿਆ, ਜਿੱਥੇ ਇਹ ਡੁੱਬ ਕੇ ਮਰੀ ਸੀ ਤਾਂ ਇਸ ਨੇ ਮੈਨੂੰ ਉਸ ਜਗ੍ਹਾ ਬਾਰੇ ਦੱਸ ਦਿੱਤਾ। ਸਾਡੇ ਇਹ ਪੁੱਛਣ ਤੇ ਕਿ ਇਸ ਲੜਕੀ ਨੇ ਤੁਹਾਨੂੰ ਖ਼ੁਦ ਬੋਲ ਕੇ ਅਜਿਹਾ ਦੱਸਿਆ ਸੀ ਕਿ ਮੈਂ ਇੱਥੇ ਡੁੱਬੀ ਸੀ? ਜਵਾਬ ਸੀ ਕਿ ਲੜਕੀ ਨੇ ਤਾਂ ਥਾਂ ਵੱਲ ਮਾਤਰ ਇਸ਼ਾਰਾ ਹੀ ਕੀਤਾ ਸੀ। ਇਸ ਤੋਂ ਵੀ ਅੱਗੇ ਉਸ ਨੇ ਲੜਕੀ ਨੂੰ ਇਸ਼ਾਰਾ ਕਰਕੇ ਦੱਸਿਆ ਕਿ ਤੂੰ ਇਸ ਥਾਂ ਤੇ ਹੀ ਡੁੱਬੀ ਸੀ ਨਾ? ਤਾਂ ਬੱਚੀ ਨੇ ਹਾਂ ਵਿੱਚ ਸਿਰ ਹਿਲਾ ਦਿੱਤਾ।

ਪੜਤਾਲੀਆ ਟੀਮ ਦੇ ਮੈਂਬਰਾਂ ਨੇ ਪਰਿਵਾਰ ਨੂੰ ਆਖਿਆ ਕਿ ਢਾਈ ਸਾਲਾਂ ਦੀ ਇਹ ਲੜਕੀ ਜੋ ਚੰਗੀ ਤਰ੍ਹਾਂ ਬੋਲ ਕੇ ਆਪਣਾ ਨਾਂ ਵੀ ਨਹੀਂ ਦੱਸ ਸਕਦੀ, ਇਹ ਪੁਨਰ ਜਨਮ ਦੀਆਂ ਗੱਲਾਂ ਕਿਵੇਂ ਦੱਸ ਸਕਦੀ ਹੈ? ਇਹ ਮਾਂ ਦੀ ਗੋਦੀ ਚੜ੍ਹਨ ਵੇਲੇ ਵੀ ਨਹੀਂ ਬੋਲੀ ਹੋਣੀ ਤੇ ਮਰ ਚੁੱਕੀ ਅਮਨਦੀਪ ਦੀ ਤਸਵੀਰ ਤਾਂ ਇਸ ਨੇ ਖੇਡਣ ਲਈ ਹੀ ਚੁੱਕੀ ਸੀ। ਜਿੱਥੋਂ ਤੱਕ ਛੱਪੜ ਵਿੱਚ ਡੁੱਬਣ ਵਾਲੀ ਜਗ੍ਹਾ ਦੱਸਣ ਦਾ ਸੁਆਲ ਹੈ, ਉਹ ਵੀ ਤੁਹਾਡੇ ਮਨ ਦੀ ਹੀ

ਉਪਜ ਹੈ। ਪਰਿਵਾਰ ਦੀ ਮੂਕ ਸਹਿਮਤੀ ਸਾਡੇ ਨਾਲ ਸੀ। ਪਿੰਡ ਦੇ ਲੋਕਾਂ ਦੇ ਮਨਾਂ 'ਚੋਂ ਪੁਨਰ ਜਨਮ ਦਾ ਇਹ ਭਰਮ ਦੂਰ ਕਰਨ ਲਈ ਜਰੂਰੀ ਸੀ ਕਿ ਲੋਕਾਂ ਦੇ ਰੂ-ਬ-ਰੂ ਵੀ ਹੋਇਆ ਜਾਵੇ।

ਮਰ ਚੁੱਕੀ ਅੱਠ ਸਾਲਾਂ ਰਮਨਦੀਪ ਦੇ ਪਰਿਵਾਰਕ ਮੈਂਬਰਾਂ ਨਾਲ ਸੁਖਾਵੇਂ ਮਾਹੌਲ 'ਚ ਹੋਈ ਗੱਲਬਾਤ ਦੌਰਾਨ ਵੀ ਅਸਲ ਤੱਥ ਸਾਹਮਣੇ ਆਏ। ਢਾਈ ਸਾਲਾਂ ਰਮਨਦੀਪ ਦੇ ਮਾਪਿਆਂ ਦੀ ਆਰਥਿਕ ਹਾਲਤ ਕਮਜ਼ੋਰ ਸੀ ਜਦਕਿ ਮਰ ਚੁੱਕੀ ਅਮਨਦੀਪ ਦਾ ਪਰਿਵਾਰ ਆਰਥਿਕ ਪੱਖੋਂ ਖੁਸ਼ਹਾਲ ਸੀ। ਉਹ ਇਸ ਢਾਈ ਸਾਲਾਂ ਰਮਨਦੀਪ ਨੂੰ ਆਪਣੇ ਘਰ ਲਿਜਾ ਕੇ ਉਸ ਦੀ ਚੰਗੀ ਸੇਵਾ ਸੰਭਾਲ ਕਰਦੇ।ਹੁਣ ਤਾਂ ਲੋਕ ਵੀ ਉਸ ਨੂੰ ਮੁੜ ਜਨਮ ਵਾਲੀ, ਕਰਮਾਂ ਵਾਲੀ, ਕੁੜੀ ਸਮਝ ਕੇ ਪੈਸੇ ਵੀ ਦੇਣ ਲੱਗ ਪਏ ਸਨ। ਦਿਲਚਸਪ ਤੱਥ ਇਹ ਵੀ ਸੀ ਕਿ ਰਮਨਦੀਪ ਦੀ ਦਾਦੀ ਤੇ ਨਾਨੀ ਦੋਵੇਂ ਪੁੱਛਾਂ ਦੇਣ ਦਾ ਕੰਮ ਕਰਦੀਆਂ ਸੀ। ਪਹਿਲਾਂ ਇਸ ਢਾਈ ਸਾਲਾਂ ਰਮਨਦੀਪ ਨੂੰ ਕਿਸੇ ਰਿਸ਼ਤੇਦਾਰ ਦੀ ਗੋਦ ਬਿਠਾ ਦਿੱਤਾ ਸੀ ਫਿਰ ਉਨ੍ਹਾਂ ਦੇ ਘਰ ਬੱਚਾ ਹੋਣ ਤੇ ਉਹ ਇਸ ਨੂੰ ਵਾਪਸ ਘਰ ਛੱਡ ਗਏ ਸਨ। ਇਹ ਤੱਥ ਪੁਨਰ ਜਨਮ ਦੀ ਕਹਾਣੀ ਪਿੱਛੇ ਕੰਮ ਕਰਦੇ ਕਾਰਣਾਂ ਨੂੰ ਉਜਾਗਰ ਕਰਦੇ ਸਨ।

ਦੋਹਾਂ ਪਰਿਵਾਰਾਂ ਨਾਲ ਗੱਲਬਾਤ ਕਰਨ ਉਪਰੰਤ ਅਸੀਂ ਹੋਕੇ ਰਾਹੀਂ ਲੋਕਾਂ ਨੂੰ ਪਿੰਡ ਦੀ ਸੱਥ ਵਿੱਚ ਬੁਲਾਇਆ। ਪਿੰਡ ਦਾ ਸਰਪੰਚ ਡਾਕਟਰ ਸੋਹਣ ਸਿੰਘ, ਹੋਰ ਪੰਚਾਇਤ ਮੈਂਬਰ ਤੇ ਇਸ ਪਿੰਡ ਦਾ 'ਤਰਕਸ਼ੀਲ' ਦੇ ਪਾਠਕ ਸਵੇਰ ਤੋਂ ਹੀ ਸਾਡੇ ਨਾਲ ਸਨ। ਅਸੀਂ ਪਿੰਡ ਦੀ ਸੱਥ 'ਚ ਬਣੇ ਥੜ੍ਹੇ ਨੂੰ ਹੀ ਆਪਣਾ ਮੰਚ ਬਣਾਇਆ। ਕੁਝ ਹੀ ਸਮੇਂ 'ਚ ਸਾਰਾ ਪਿੰਡ ਸੱਥ 'ਚ ਜੁੜ ਬੈਠਾ। ਅਸੀਂ ਪਹਿਲਾਂ ਤਰਕਸ਼ੀਲ ਸੁਸਾਇਟੀ ਬਾਰੇ ਤੇ ਇਸ ਦੀ ਸਮਝ ਬਾਰੇ ਵਿਸਥਾਰ ਨਾਲ ਦੱਸਿਆ ਤੇ ਫਿਰ ਪਹਿਲਾਂ ਝੁਠਲਾਈਆਂ ਪੁਨਰ ਜਨਮ ਦੀਆਂ ਕਹਾਣੀਆਂ ਬਾਰੇ ਦੱਸਿਆ। ਅਸੀਂ ਪੁਨਰ ਜਨਮ ਬਾਰੇ ਤਰਕਸ਼ੀਲ ਨਜ਼ਰੀਏ ਨੂੰ ਸਪੱਸ਼ਟ ਕੀਤਾ। ਲੋਕਾਂ ਦਾ ਹੁੰਗਾਰਾ ਸਾਡੇ ਨਾਲ ਸੀ, ਜਾਦੂ ਦੇ ਖ਼ੇਲ ਵਿਖਾ ਕੇ ਲੋਕਾਂ ਨੂੰ ਭਰਮ ਭੁਲੇਖਿਆਂ ਦੇ ਨਾਲ-ਨਾਲ ਸਮਾਜ 'ਚ ਪਾਏ ਜਾਂਦੇ ਅੰਧ ਵਿਸ਼ਵਾਸਾਂ ਬਾਰੇ ਵੀ ਦੱਸਿਆ। ਲੋਕਾਂ ਨੇ ਸਾਡੇ ਵਿਚਾਰਾਂ ਨੂੰ ਗਹੁ ਨਾਲ ਸੁਣਿਆ ਤੇ ਤਰਕਸ਼ੀਲ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਈ। ਇਸ ਤਰ੍ਹਾਂ ਸਾਡੇ ਯਤਨਾਂ ਨਾਲ ਲੋਕ ਮਨਾਂ 'ਚੋਂ ਪੁਨਰ ਜਨਮ ਦੀ ਕਹਾਣੀ ਦਾ ਭਰਮ ਦੂਰ ਹੋ ਗਿਆ। ਪਿੰਡ ਦੀ ਪੰਚਾਇਤ ਤੇ ਪਿੰਡ ਵਾਸੀਆਂ ਨੇ ਪੜਤਾਲੀਆ ਟੀਮ ਦਾ ਧੰਨਵਾਦ ਕੀਤਾ।

094167-24331

ਪੁੰਗਰਦੀ ਕਲਮ



ਇੰਝ ਪੜ੍ਹੀਏ ਪੁਸਤਕਾਂ


ਭੂਤਾਂ ਵਾਲੀ ਹਵੇਲੀ

ਪਰਮਿੰਦਰ ਕੌਰ

ਭੂਤਾਂ ਵਾਲੀ ਹਵੇਲੀ ਨਾਵਲ ਜੋ ਕਿ ਨਿਰਮਲ ਸਿੰਘ ਮਾਨ ਦਾ ਲਿਖਿਆ ਹੋਇਆ ਹੈ, ਮੈਨੂੰ ਬਹੁਤ ਹੀ ਚੰਗਾ ਲੱਗਿਆ। ਇਸ ਨਾਵਲ ਨੂੰ ਪੜ੍ਹਨ ਤੋਂ ਬਾਅਦ ਮੈਨੂੰ ਯਕੀਨ ਹੋਇਆ ਕਿ ਭੂਤ ਨਹੀਂ ਹੁੰਦੇ ਸਗੋਂ ਇਹ ਸਿਰਫ ਸਾਡਾ ਵਹਿਮ ਹੈ। ਦੂਸਰਾ ਇਸਦਾ ਅਹਿਮ ਪਾਤਰ ਸਾਗਰ ਮੈਨੂੰ ਬਹੁਤ ਚੰਗਾ ਲੱਗਿਆ। ਇਸ ਨਾਵਲ ਵਿੱਚ ਸਾਗਰ ਨੇ ਲਗਨ ਨਾਲ ਪੜ੍ਹਾਈ ਕੀਤੀ ਤੇ ਇੱਕ ਚੰਗਾ ਤੇ ਕਾਮਯਾਬ ਇਨਸਾਨ ਬਣਿਆ। ਇਸ ਨਾਵਲ ਵਿੱਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਆਮ ਆਦਮੀ ਉੱਤੇ ਅੱਤਿਆਚਾਰ ਕੀਤੇ ਜਾਂਦੇ ਹਨ ਅਤੇ ਤਾਕਤਵਰਾਂ ਤੇ ਉੱਚ ਰੁਤਬਿਆਂ ਵਾਲਿਆਂ ਦਾ ਕਾਨੂੰਨ ਵੀ ਸਾਥ ਦਿੰਦਾ ਹੈ। ਇਸ ਤੋਂ ਇਲਾਵਾ ਇਸ ਨਾਵਲ ਵਿੱਚ ਦੱਸਿਆ ਗਿਆ ਹੈ ਕਿ ਗੁਰਸ਼ਰਨ ਕੌਰ ਇੱਕ ਮਤਰੇਈ ਮਾਂ ਹੁੰਦਿਆਂ ਹੋਇਆਂ ਵੀ ਪ੍ਰੇਮ ਅਤੇ ਪ੍ਰਵੀਨ ਨੂੰ ਆਪਣਿਆਂ ਬੱਚਿਆਂ ਨਾਲੋਂ ਵੀ ਜ਼ਿਆਦਾ ਪਿਆਰ ਕਰਦੀ ਹੈ। ਪ੍ਰੇਮ ਜੋ ਕਿ ਆਪਣੇ ਘਰਦਿਆਂ ਤੋਂ ਅਲੱਗ ਰਹਿੰਦਾ ਹੈ। ਉਹ ਆਪਣੇ ਪਿਤਾ ਦੇ ਗਲਤ ਕੰਮਾਂ ਵਿੱਚ ਸਾਥ ਨਹੀਂ ਦਿੰਦਾ, ਸਗੋਂ ਆਪਣੀ ਹੀ ਕੰਪਨੀ ਵਿੱਚ ਮਜ਼ਦੂਰ ਦੀ ਤਰ੍ਹਾਂ ਕੰਮ ਕਰਦਾ ਹੈ ਅਤੇ ਮਜ਼ਦੂਰਾਂ ਦੀ ਪ੍ਰਤਿਨਿਧਤਾ ਕਰਕੇ ਉਹਨਾਂ ਨੂੰ ਉਹਨਾਂ ਦੇ ਹੱਕ ਦਵਾਉਂਦਾ ਹੈ। ਉਸਨੂੰ ਬੇਲੋੜੇ ਖਰਚੇ ਕਰਨਾ ਪਸੰਦ ਨਹੀਂ ਹੈ। ਉਸਨੂੰ ਸਾਦਾ ਵਿਆਹ ਪਸੰਦ ਹੈ। ਉਹ ਫੋਕੇ ਰੀਤੀ ਰਿਵਾਜਾਂ ਤੇ ਜਾਤ ਪਾਤ ਦਾ ਵਿਰੋਧੀ ਹੈ। ਇਸ ਲਈ ਉਹ ਇੱਕ ਮਜ਼ਦੂਰ ਦੀ ਲੜਕੀ ਪਵਨ ਨਾਲ ਵਿਆਹ ਕਰਵਾਉਂਦਾ ਹੈ। ਪ੍ਰੇਮ ਅਤੇ ਸਾਗਰ ਦੀਆਂ ਕੋਸ਼ਿਸ਼ਾਂ ਸਦਕਾ ਨੰਬਰਦਾਰਾਂ ਦਾ ਪਰਦਾਫਾਸ਼ ਹੋ ਜਾਂਦਾ ਹੈ। ਸਾਗਰ ਅਤੇ ਪ੍ਰਵੀਨ ਦੇ ਦੋਸਤ ਮਿਲ ਕੇ ਪਿੰਡ 'ਟਾਹਲੀ ਵਾਲਾ' ਨੂੰ ਇੱਕ ਸਾਫ਼ ਸੁਥਰਾ ਅਤੇ ਚੰਗਾ ਪਿੰਡ ਬਣਾ ਦਿੰਦੇ ਹਨ। ਪ੍ਰੇਮ ਦੀਆਂ ਕੋਸ਼ਿਸ਼ਾਂ ਸਦਕਾ ਸਾਗਰ ਇੱਕ ਚੰਗਾ ਪੜ੍ਹਿਆ ਲਿਖਿਆ ਤੇ ਸਮਝਦਾਰ ਆਦਮੀ ਬਣ ਜਾਂਦਾ ਹੈ। ਸਾਗਰ ਅਤੇ ਪ੍ਰੇਮ ਦੀ ਦੋਸਤੀ, ਸੱਚੀ ਦੋਸਤੀ ਦੀ ਮਿਸਾਲ ਅੰਤ ਵਿੱਚ ਇਹੀਂ ਕਿਹਾ ਜਾ ਸਕਦਾ ਹੈ ਕਿ ਭੂਤਾਂ ਵਾਲੀ ਹਵੇਲੀ ਸਾਗਰ ਲਈ ਚੰਗੀ ਹਵੇਲੀ ਸਾਬਤ ਹੋਈ। ਇਸ ਹਵੇਲੀ ਕਾਰਨ ਹੀ ਉਹ ਆਪਣੇ ਪੈਰਾਂ ਤੇ ਖੜ੍ਹਾ ਹੋ ਸਕਿਆ। ਸਾਨੂੰ ਵੀ ਸਾਗਰ ਵਾਂਗ ਡਰ ਨੂੰ ਖਤਮ ਕਰਕੇ ਕਾਮਯਾਬ ਇਨਸਾਨ ਬਣਨਾ ਚਾਹੀਦਾ ਹੈ।

ਕਲਾਸ ਬਾਰ੍ਹਵੀਂ, ਸੰਤ ਬਾਬਾ ਅਤਰ ਸਿੰਘ ਪਬਲਿਕ ਸਕੂਲ, ਹਰਿਆਊ (ਸੰਗਰੂਰ)

ਭੱਜੋ ਨਾ, ਦੁਨੀਆਂ ਨੂੰ ਬਦਲੋ



ਰਾਹੁਲ ਸਾਂਕ੍ਰਿਤਆਇਨ

ਰਾਹੁਲ ਸਾਂਕ੍ਰਿਤਆਇਨ (1893-1963) ਮਾਰਕਸਵਾਦੀ ਵਿਚਾਰਧਾਰਾ ਨੂੰ ਸਮਰਪਿਤ ਹਿੰਦੀ ਦੇ ਇੱਕ ਬਹੁਚਰਚਿਤ, ਪ੍ਰਸਿੱਧ ਲੇਖਕ ਹਨ। ਉਹਨਾਂ ਦੇ ਜੀਵਨ ਦੇ ਚਾਰ ਸਪੱਸ਼ਟ ਮੋੜ ਵਿਖਾਈ ਦਿੰਦੇ ਹਨ - ਵੇਦਾਂਤੀ, ਆਰੀਆ ਸਮਾਜੀ, ਬੌਧੀ ਅਤੇ ਮਾਰਕਸਵਾਦੀ। ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚੋਂ ਲੰਘਦਿਆਂ ਵੱਖ-ਵੱਖ ਵਿਚਾਰਧਾਰਾਵਾਂ ਨਾਲ ਜੁੜਦਿਆਂ, ਅੰਤ ਉਹਨਾਂ ਮਾਰਕਸਵਾਦੀ ਵਿਚਾਰਧਾਰਾ ਨੂੰ ਧਾਰਨ ਕੀਤਾ। ਦੇਸ਼ ਦੀ ਮਿਹਨਤਕਸ਼ ਜਨਤਾ ਦੇ ਹੱਕ ਵਿੱਚ ਉਹਨਾਂ ਨੇ ਸਿਰਫ਼ ਕਲਮ ਹੀ ਨਹੀਂ ਚਲਾਈ, ਸਗੋਂ ਬ੍ਰਿਟਿਸ਼ ਹਕੂਮਤ ਖਿਲਾਫ਼ ਲੜੇ ਅੰਦੋਲਨਾਂ, ਕਿਸਾਨ ਸੰਘਰਸ਼ਾਂ ਦੌਰਾਨ ਉਹਨਾਂ ਦੀ ਅਗਵਾਈ ਕਰਦੇ ਹੋਏ ਜੇਲ੍ਹ ਯਾਤਰਾਵਾਂ ਵੀ ਕੀਤੀਆਂ।ਪੂਰੀ ਜ਼ਿੰਦਗੀ ਇੱਕ ਘੁੱਮਕੜ ਵਿਅਕਤੀ ਦੇ ਰੂਪ ਵਿੱਚ ਇਸ ਸਮਾਜ ਨੂੰ ਸਮਝਣ, ਵਿਸ਼ਲੇਸ਼ਤ ਕਰਨ ਲਈ ਉਹਨਾਂ ਦੇਸ਼-ਵਿਦੇਸ਼ ਯਾਤਰਾਵਾਂ ਕੀਤੀਆਂ। ਪੰਜ ਭਾਸ਼ਾਵਾਂ (ਹਿੰਦੀ, ਸੰਸਕ੍ਰਿਤ, ਭੋਜਪੁਰੀ, ਪਾਲੀ, ਤਿੱਬਤੀ) ਵਿੱਚ ਉਹਨ੍ਹਾਂ ਦੀਆਂ ਪ੍ਰਕਾਸ਼ਿਤ ਲਗਭਗ 125 ਪੁਸਤਕਾਂ ਉਪਲਬਧ ਹਨ। ਉਹਨਾਂ ਦੀਆਂ ਅਣਗਿਣਤ ਡਾਇਰੀਆਂ ਅਜੇ ਅਪ੍ਰਕਾਸ਼ਿਤ ਹਨ। ਦਰਸ਼ਨ, ਇਤਿਹਾਸ, ਸਮਾਜ ਵਿਗਿਆਨ, ਯਾਤਰਾ ਸਾਹਿਤ, ਜੀਵਨੀ, ਨਾਵਲ, ਕਹਾਣੀ, ਨਾਟਕ, ਨਿਬੰਧ, ਕੋਸ਼ ਵਿਗਿਆਨ, ਵਿਆਕਰਨ, ਖੋਜ, ਲੋਕ ਸਾਹਿਤ, ਰਾਜਨੀਤੀ, ਅਨੁਵਾਦ ਉਹਨਾਂ ਦੇ ਵਿਸ਼ੇ ਰਹੇ ਹਨ। ਉਹਨਾਂ ਦੀਆਂ ਰਚਨਾਵਾਂ ਦੇ ਪੱਧਰ, ਗਿਣਤੀ ਨੂੰ ਵੇਖਕੇ ਇਹ ਹੈਰਾਨੀ ਹੁੰਦੀ ਹੈ ਕਿ ਇੱਕ ਵਿਅਕਤੀ ਜਿਸ ਨੇ ਸੰਗਠਿਤ ਰੂਪ ਵਿੱਚ ਸਿੱਖਿਆ ਪ੍ਰਾਪਤ ਨਹੀਂ ਕੀਤੀ, ਜਿਸ ਕੋਲ ਕੰਮ ਕਰਨ ਲਈ ਕੋਈ ਸਥਾਈ ਠਿਕਾਣਾ ਨਹੀਂ ਸੀ, ਜੋ ਆਪਣਾ ਨਾਮ ਅਤੇ ਧਰਮ ਵਾਰ ਵਾਰ ਬਦਲਦਾ ਰਿਹਾ, ਤਿੱਬਤ ਵਰਗੇ ਵਰਜਿਤ ਪ੍ਰਦੇਸ਼ ਦੀਆਂ ਕਠਿਨ ਯਾਤਰਾਵਾਂ ਕਰਦਾ ਰਿਹਾ ਅਤੇ ਰਾਜਨੀਤਕ ਸੰਘਰਸ਼ਾਂ ਵਿੱਚ ਲੰਬੀਆਂ ਜੇਲ੍ਹਾਂ ਕੱਟਦਾ ਰਿਹਾ, ਨੇ ਇੰਨ੍ਹੀਆਂ ਮਹਾਨ ਰਚਨਾਵਾਂ ਕਿਵੇਂ ਰਚੀਆਂ? ਬੌਧੀ ਭਿਕਸ਼ੂ, ਆਰੀਆ ਸਮਾਜੀ ਪ੍ਰਚਾਰਕ, ਵੇਦਾਂਤੀ ਦੇ ਰੂਪ ਵਿੱਚ ਵਿਚਰਨ ਬਾਅਦ 1935 ਵਿੱਚ ਉਹ ਵਿਗਿਆਨਕ ਮਾਰਕਸਵਾਦੀ ਵਿਚਾਰਧਾਰਾ ਵੱਲ ਮੁੜੇ ਅਤੇ ਅੰਤ ਸਮੇਂ ਤੱਕ ਸਮਾਜਵਾਦ ਦੇ ਪ੍ਰਚਾਰਕ ਦੇ ਰੂਪ ਵਿੱਚ ਵਿਚਰਦੇ ਰਹੇ, ਲਿਖਦੇ ਰਹੇ। 1939 ਵਿੱਚ ਉਹ ਕਮਿਊਨਿਸਟ ਪਾਰਟੀ ਦੇ ਮੈਂਬਰ ਬਣੇ। ਇਸ ਉਪਰੰਤ ਉਹਨਾਂ ਗੰਭੀਰ ਚਿੰਤਨ ਵਾਲੀਆਂ ਮਾਰਕਸਵਾਦੀ ਪੁਸਤਕਾਂ ਲਿਖੀਆਂ। ਉਹਨਾਂ ਦੀਆਂ ਕੁੱਝ ਪ੍ਰਸਿੱਧ ਪੁਸਤਕਾਂ ਹਨ-ਮਾਨਵ ਸਮਾਜ, ਕਮਿਊਨਿਸਟ ਕੀ ਚਾਹੁੰਦੇ ਹਨ, ਸੋਵੀਅਤ ਕਮਿਊਨਿਸਟ ਪਾਰਟੀ ਦਾ ਇਤਿਹਾਸ, ਵਿਗਿਆਨਕ ਭੌਤਿਕਵਾਦ, ਦਰਸ਼ਨ ਦਿਗਦਰਸ਼ਨ, ਸਤਮੀ ਦੇ ਬੱਚੇ, ਵੋਲਗਾ ਤੋਂ ਗੰਗਾ ਤੱਕ, ਸਟਾਲਿਨ, ਲੈਨਿਨ, ਕਾਰਲ ਮਾਰਕਸ, ਮਾਓ ਜੇ ਤੁੰਗ, ਮੇਰੇ ਅਸਹਿਯੋਗ ਦੇ ਸਾਥੀ, ਦਿਮਾਗੀ ਗੁਲਾਮੀ, ਤੁਹਾਡੀ ਖੈ, ਸਾਮਵਾਦ ਹੀ ਕਿਉਂ, ਅਤੀਤ ਤੋਂ ਵਰਤਮਾਨ, ਅੱਜ ਦੀਆਂ ਸਮੱਸਿਆਵਾਂ ਆਦਿ। ਭਾਰੀ ਜੋਖ਼ਮ ਨਾਲ ਉਹ ਤਿੱਬਤ ਤੋਂ ਕਈ ਦੁਰਲੱਭ ਖਰੜੇ, ਗ੍ਰੰਥ, ਚਿੱਤਰ, ਪੋਥੀਆਂ ਆਦਿ ਖੱਚਰਾਂ ਤੇ ਲੱਦ ਕੇ ਲਿਆਉਂਦੇ ਰਹੇ ਅਤੇ ਉਹਨਾਂ ਦਾ ਡੂੰਘਾ ਅਧਿਐਨ ਕੀਤਾ। ਰੂਸ, ਚੀਨ, ਜਪਾਨ, ਕੋਰੀਆ, ਇਰਾਨ ਅਤੇ ਕਈ ਯੂਰਪੀ ਦੇਸ਼ਾਂ ਦੀਆਂ ਉਹਨਾਂ ਯਾਤਰਾਵਾਂ ਕੀਤੀਆਂ। ਸਾਧੂ ਦੇ ਭੇਸ਼ ਵਿੱਚ ਵੀ ਵਿਚਰੇ। ਬਕਸਰ, ਹਜਾਰੀਬਾਗ, ਦਿਓਲੀ ਆਦਿ ਜੇਲ੍ਹਾਂ ਵਿੱਚ ਬੰਦ ਰਹੇ। ਸ੍ਰੀ ਲੰਕਾ ਵਿੱਚ ਸੰਸਕ੍ਰਿਤ ਦੇ ਅਧਿਆਪਕ, ਸੋਵੀਅਤ ਰੂਸ ਵਿੱਚ ਲੈਨਿਨ ਗਰਾਦ ਵਿੱਚ ਪ੍ਰੋਫੈਸਰ ਰਹੇ। ਕਾਂਸੀ ਪੰਡਿਤ ਸਭਾ ਵੱਲੋਂ ਉਹਨਾਂ ਨੂੰ ਮਹਾ ਪੰਡਿਤ, ਹਿੰਦੀ ਸਾਹਿਤ ਸੰਮੇਲਨ ਅਲਾਹਾਬਾਦ ਵੱਲੋਂ ਸਾਹਿਤ ਵਾਚਸਪਤੀ ਅਤੇ ਭਾਰਤ ਸਰਕਾਰ ਵੱਲੋਂ ਉਹਨਾਂ ਨੂੰ ਪਦਮ ਭੂਸ਼ਣ ਸਨਮਾਨ ਦਿੱਤਾ ਗਿਆ। ਭਾਗਲਪੁਰ ਯੂਨੀਵਰਸਿਟੀ ਅਤੇ ਵਿਦਿਆਲੰਕਾਰ ਯੂਨੀਵਰਸਿਟੀ, ਸ੍ਰੀ ਲੰਕਾ ਵੱਲੋਂ ਉਹਨਾਂ ਨੂੰ ਡੀ.ਲਿੱਟ. ਦੀ ਡਿਗਰੀ ਪ੍ਰਦਾਨ ਕੀਤੀ ਗਈ। ਇਸ ਲੇਖਣ-ਅਮਲ ਦਾ ਸੁਮੇਲ ਵਾਲੇ ਮਹਾਨ ਲੇਖਕ ਦੀਆਂ ਕੁੱਝ ਪ੍ਰਸਿੱਧ ਰਚਨਾਵਾਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਵਾਕੇ, ਸਾਡੇ ਪਾਠਕਾਂ ਤੀਕ ਲੈ ਕੇ ਜਾਣ ਦੇ ਉਦੇਸ਼ ਨਾਲ ਅਸੀਂ ਰਾਹੁਲ ਸਾਂਕ੍ਰਿਤਆਇਨ ਦੀ ਪ੍ਰਸਿੱਧ ਵਿਗਿਆਨਕ ਰਚਨਾ 'ਭੱਜੋ ਨਾ, ਦੁਨੀਆਂ ਨੂੰ ਬਦਲੋ' ਜੋ ਵਾਰਤਾ ਦੇ ਰੂਪ ਵਿੱਚ ਹੈ, 'ਤਰਕਸ਼ੀਲ' ਵਿੱਚ ਲੜੀਵਾਰ ਛਾਪਣੀ ਸ਼ੁਰੂ ਕਰ ਰਹੇ ਹਾਂ।(ਮੁੱਖ ਸੰਪਾਦਕ)

1. ਦੁਨੀਆਂ

ਹੋਰ ਥਾਂ ਜਾਣ ਦੀ ਕੀ ਲੋੜ ਐ, ਸਾਹਮਣੇ ਦੇਖ ਨਹੀਂ ਰਹੇ, ਇਹ ਦੁਨੀਆਂ ਗਰੀਬਾਂ ਲਈ ਦੁੱਖਾਂ ਦਾ ਘਰ ਨਹੀਂ ਤਾਂ ਹੋਰ ਕੀ ਐ? ਦੁਖਰਾਮ ਨੇ ਸੰਤੋਖੀ ਨੂੰ ਕਿਹਾ। ਅਜੇ ਦੋਹਾਂ ਦੀ ਗੱਲਬਾਤ ਇੱਥੋਂ ਤੱਕ ਈ ਪਹੁੰਚੀ ਸੀ, ਕਿ ਇਕ ਤੀਜਾ ਜਵਾਨ ਆ ਗਿਆ, ਜਿਸ ਨੂੰ ਦੋਹਾਂ ਨੇ ਕਿਹਾ 'ਆ ਭਰਾ'। ਇਹ ਕਹਿ ਕੇ ਉਸਨੂੰ ਕੋਲ ਬਿਠਾ ਲਿਆ। ਹੁਣ ਫੇਰ ਗੱਲਬਾਤ ਸ਼ੁਰੂ ਹੋਈ। ਭਰਾ ਨੇ ਹੀ ਪਹਿਲਾਂ ਕਿਹਾ-ਕੀ ਗੱਲਬਾਤ ਹੋ ਰਹੀ ਸੀ, ਮੈਂ ਵੀ ਸੁਣਾ।

ਸੰਤੋਖੀ : ਇਹ ਦੁਖਰਾਮ ਦੁਨੀਆਂ ਦਾ ਰੋਣਾ ਰੋ ਰਿਹੈ।

ਭਰਾ : ਇਸ 'ਚ ਕੀ ਸ਼ੱਕ ਐ? ਦੇਖਦੇ ਨਹੀਂ, ਆਪਣੇ ਪਿੰਡ 'ਚ ਪੰਜਾਹ ਘਰ ਨੇ, ਪਰ ਉਹਨਾਂ 'ਚੋਂ ਕਿੰਨੇ ਘਰ ਨੇ ਜੋ ਢਿੱਡ ਭਰ ਕੇ ਖਾਂਦੇ ਐ?

ਦੁਖਰਾਮ: ਮੈਂ ਸਮਝਦਾਂ, ਪੰਜ ਤੋਂ ਵੱਧ ਨੀ ਹੋਣੇ।

ਭਰਾ : ਤੇ ਉਹ ਪੰਜ ਵੀ ਸੁੱਕਾ-ਮਿਸਾ ਖਾ ਕੇ ਕਿਸੇ ਤਰ੍ਹਾਂ ਢਿੱਡ ਭਰਦੇ ਨੇ, ਬਾਕੀ ਪੈਂਤਾਲੀ ਘਰਾਂ 'ਚ ਇੱਕ ਡੰਗ ਖਾਣਾ ਮਿਲਦੈ, ਕਿਸੇ ਨੂੰ ਦੋ ਦਿਨਾਂ ਬਾਅਦ। ਚੇਤ 'ਚ ਜਦੋਂ ਫਸਲ ਕੱਟੀ ਜਾਂਦੀ ਐ, ਤਾਂ ਇੱਕ-ਅੱਧ ਮਹੀਨਾ ਢਿੱਡ ਭਰ ਕੇ ਖਾਣ ਨੂੰ ਮਿਲਦਾ। ਛੋਟੇ-ਛੋਟੇ ਬੱਚਿਆਂ ਨੂੰ ਈ ਦੇਖ ਲਓ, ਕਿਵੇਂ ਢਿੱਡ ਨਾਲ ਲਗੇ ਪਏ ਐ। ਹੋਰ ਕਿਸੇ ਲਈ ਕਦੇ ਕਦੇ 'ਕਾਲ ਪੈਂਦੇ, ਪਰ ਸਾਡੇ ਲਈ ਤਾਂ ਸਦਾ ਈ ਕਾਲ ਐ, ਸਾਨੂੰ ਤਾਂ ਸਦਾ ਈ ਭੁੱਖੇ ਰਹਿਣਾ ਪੈਂਦੈ। ਜਾਣਦੈ ਜਿੰਨ੍ਹਾਂ ਨੂੰ ਬਿਮਾਰੀ ਲੱਗਦੀ ਐ, ਉਹ ਵੀ ਭੁੱਖ ਦੀ ਵਜਾਹ ਕਰਕੇ ਐ।

ਦੁਖਰਾਮ : ਭਰਾਵਾਂ ਉਹ ਤਾਂ ਐ। ਢਿੱਡ 'ਚ ਜਦੋਂ ਅੰਨ ਈ ਨੀਂ, ਅੱਗ ਤਾਂ ਭੜਕੂ ਭੜਕੂ।

ਭਰਾ : ਠੀਕ ਕਿਹਾ, ਦੁਖਰਾਮ ਤੂੰ। ਜਦੋਂ ਅੰਨ ਈ ਨਾ ਮਿਲਿਆ ਤਾਂ ਉਹ ਕਮਜ਼ੋਰ ਤਾਂ ਹੋਓਗਾ ਈ। ਹੋਰ ਸੁਣਿਐ ਨਹੀਂ 'ਕਮਜ਼ੋਰੀ ਬਿਮਾਰੀਆਂ ਦਾ ਘਰ।' ਕੋਈ ਵੀ, ਆਸੇ ਪਾਸੇ ਦੀ ਬੀਮਾਰੀ ਲੰਘੇ ਸਹੀ, ਕਮਜੋਰ ਨੂੰ ਦੇਖ ਕੇ ਉਸਦਾ ਮਨ ਲਲਚਾ ਜਾਂਦਾ। ਕਾਲ 'ਚ ਲੋਕ ਭੁੱਖੇ ਮਰਦੇ ਐ, ਉਸਤੋਂ ਤਿਗੁਣੇ ਬੀਮਾਰੀ ਨਾਲ ਮਰਦੈ ਐ। ਹੁਣੇ ਜੇ, ਜੋ ਬੰਗਾਲ 'ਚ ਕਾਲ ਪਿਆ ਸੀ, ਜਾਣਦੈ ਉੱਥੇ ਕੁਝ ਈ ਮਹੀਨਿਆਂ 'ਚ ਸੱਠ ਲੱਖ ਆਦਮੀ ਮਰੇ ਸੀ, ਜਿੰਨ੍ਹਾਂ 'ਚੋਂ ਭੁੱਖ ਨਾਲ ਮਰਨ ਵਾਲੇ ਮਸਾਂ ਵੀਹ ਲੱਖ ਹੋਣਗੇ। ਪਤਾ ਐ ਸੱਠ ਲੱਖ 'ਕਾਲ ਚ ਮਰਨ ਵਾਲਿਆਂ ਬਾਰੇ ਸੁਣ ਕੇ, ਤੈਨੂੰ ਉਹ ਅਸਹਿ ਦੁੱਖ ਨਜ਼ਰ ਨੀਂ ਆਉਣਾ, ਜੋ ਮਰਨ ਤੋਂ ਪਹਿਲਾਂ ਉਹਨਾਂ ਨਾਲ ਬੀਤਿਆ।

ਦੁਖਰਾਮ : ਕੀ ਬੀਤੀ, ਭਰਾਵਾ?

ਭਰਾ : ਪੁੱਛ ਨਾ, ਜੇ ਉਹ ਰਾਤ ਨੂੰ ਸੌਂਦੇ ਤੇ ਸਵੇਰੇ ਮਰੇ ਹੁੰਦੇ ਤਾਂ ਇੰਨ੍ਹਾਂ ਦੁੱਖ ਨਾ ਹੁੰਦਾ। ਪਰ ਉਹਨਾਂ ਨੂੰ ਲਾਜ ਛੱਡਣੀ ਪਈ। ਸੁਣਿਆ ਨਹੀਂ ਤੂੰ, ਕਲਕੱਤੇ ਦੀਆਂ ਸੜਕਾਂ ਤੇ ਪੰਜਾਹ ਪੰਜਾਹ ਹਜ਼ਾਰ ਭੁੱਖੇ ਨਰ-ਨਾਰੀ, ਬਾਲ ਬੱਚੇ ਪਏ ਸੀ। ਉਹ ਅਜਿਹੇ ਲੋਕ ਨਹੀਂ ਸੀ, ਉਹਨਾਂ ਨੂੰ ਭੀਖ ਮੰਗਣ ਦੀ ਲਤ ਨਹੀਂ ਸੀ। ਕਿੰਨੇ ਈ ਪੜ੍ਹੇ ਲਿਖੇ ਸੀ, ਕਿੰਨ੍ਹੀਆਂ ਈ ਔਰਤਾਂ ਅਜਿਹੀਆਂ ਸੀ, ਜਿੰਨ੍ਹਾਂ ਨੇ ਕਦੇ ਘਰੋਂ ਬਾਹਰ ਪੈਰ ਨਹੀਂ ਸੀ ਰੱਖਿਆ।

ਸੰਤੋਖੀ : ਤੇ ਉਹ ਵੀ ਘਰੋਂ ਨਿਕਲ ਕੇ ਸ਼ਹਿਰ ਦੀਆਂ ਸੜਕਾਂ ਤੇ ਆ ਗਈਆਂ।

ਭਰਾ : ਸਾਰਾ ਵੱਡਾਪਨ, ਸਾਰਾ ਪੜਦਾ ਪਾਣੀ ਤਿੰਨ ਈ ਦਿਨ ਚਲਦੈ, ਚੌਥੇ ਦਿਨ ਜਦੋਂ ਭੁੱਖ ਨਾਲ ਅੰਤੜੀਆਂ ਤਿਲਮਿਲਾਉਣ ਲਗਦੀਐ, ਤਾਂ ਸਭ ਲਾਜ ਸ਼ਰਮ ਧਰੀ ਧਰਾਈ ਰਹਿ ਜਾਂਦੀ ਐ। ਫਿਰ ਇੱਕ ਅੱਧੇ ਆਦਮੀ ਤੇ ਆਫ਼ਤ ਆਈ ਹੋਵੇ ਤਾਂ ਹੋ ਸਕਦੈ, ਲਾਜ਼ ਸ਼ਰਮ ਦਾ ਮਾਰਿਆ ਆਦਮੀਂ ਘਰੇਂ ਬੈਠਾ ਬੈਠਾ ਈ ਜਾਨ ਦੇ ਦੇ। ਪਰ ਬੰਗਾਲ 'ਚ ਇਹ ਗੱਲ ਇਕ ਘਰ ਦੀ ਨਹੀਂ, ਇੱਕ ਪਿੰਡ ਦੀ ਨਹੀਂ, ਜ਼ਿਲ੍ਹੇ ਦੀ ਨਹੀਂ ਸੀ, ਇਹ ਤਾਂ ਇਕ ਸੂਬੇ ਦੇ ਦੋ-ਦੋ, ਤਿੰਨ-ਤਿੰਨ ਕਰੋੜ ਲੋਕਾਂ ਤੇ ਇਹ ਆਫਤ ਆਈ ਸੀ। ਅੰਨ ਵੀ ਮਹਿੰਗਾ ਸੀ। ਪਹਿਲਾਂ ਲੋਕਾਂ ਨੇ ਜੇਵਰ ਵੇਚ ਕੇ ਰੁਪਏ ਦੋ ਰੁਪਏ ਦੇ ਸੇਰ ਚੌਲ ਖਰੀਦੇ, ਪਰ ਜੇਵਰ ਕਿਨ੍ਹਿਆਂ ਕੁ ਕੋਲ ਸੀ? ਲੋਕਾਂ ਨੇ ਖੇਤ ਵੇਚੇ। ਖੇਤ ਅੰਨ ਦਿੰਦੇ ਨੇ, ਪਰ ਤਿੰਨ ਮਹੀਨਿਆਂ ਬਾਅਦ - ਪਰ ਉਦੋਂ ਤੱਕ ਲੋਕ ਜੀਊਣ ਕਿਵੇਂ? ਇਸੇ ਕਰਕੇ ਲੋਕਾਂ ਨੇ ਮਿੱਟੀ ਦੇ ਭਾਅ ਖੇਤ ਵੇਚੇ, ਬਲਦ ਗਾਂ, ਘਰ, ਵੀ ਵੇਚ ਦਿੱਤੇ, ਫੇਰ ਵੀ ਅੰਨ ਨਾ ਮਿਲਿਆ, ਖਰੀਦਣ ਨੂੰ ਕੁਝ ਵੀ ਕੋਲੇ ਨਹੀਂ ਸੀ। ਕਰੋੜਾਂ ਲੋਕੀਂ ਖੂਹ, ਤਲਾਅ 'ਚ ਡੁੱਬਣ ਨੂੰ ਤਿਆਰ ਨਹੀਂ ਸੀ ਹੋ ਸਕਦੇ। ਜਾਣਦੇ ਜਿਉਂਣ ਦਾ ਮੋਹ, ਨਾ?

ਸੰਤੋਖੀ : ਹਾਂ ਭਰਾਵਾ! ਜਿਉਣ ਲਈ ਆਦਮੀ ਕੀ ਨੀ ਕਰ

ਸਕਦਾ?

ਭਰਾ : ਉਹ ਲੋਕ ਜਿਉਣਾ ਚਾਹੁੰਦੇ ਸੀ। ਸੁਣਦੇ ਆਂ ਕਿ ਕਲਕੱਤਾ ਵੱਡਾ ਸ਼ਹਿਰ ਐ। ਉਥੇ ਦੇਸ਼ਾਂ ਵਿਦੇਸ਼ਾਂ ਤੋਂ ਅੰਨ ਆਉਂਦਾ। ਉਥੇ ਜਾਣ ਨਾਲ ਕੀ ਪਤਾ, ਜਿਉਂਣ ਦਾ ਕੋਈ ਰਾਹ ਨਿਕਲ ਆਵੇ। ਇਸੇ ਕਰਕੇ ਘਰਾਂ ਦੇ ਘਰ ਖਾਲੀ ਹੋ ਗਏ। ਲੋਕ ਭੁੱਖੇ ਪਿਆਸੇ ਕਲਕੱਤੇ ਵੱਲ ਚਲ ਪਏ। ਸਾਰੇ ਬੰਗਾਲ ਦੇ ਲੋਕ ਕਲਕੱਤੇ ਕਿਵੇਂ ਪਹੁੰਚ ਸਕਦੇ ਸੀ? ਭੁੱਖ ਨੇ ਸਰੀਰ 'ਚ ਇੰਨੀ ਤਾਕਤ ਨਹੀਂ ਸੀ ਛੱਡੀ, ਕਿ ਸੱਠ ਸੱਤਰ ਮੀਲ ਤੋਂ ਵੱਧ ਚੱਲ ਸਕਣ। ਕਿੰਨੇ ਈ ਰਾਹ 'ਚ ਮਰ ਗਏ, ਕਿੰਨੇ ਈ ਕਲਕਤੇ ਦੀਆਂ ਸੜਕਾਂ ਤੇ ਵੀ ਪਹੁੰਚ ਗਏ। ਜਾਣਦੈ ਨਾ, ਕਲਕੱਤੇ ਦਾ ਮੀਂਹ?

ਦੁਖਰਾਮ : ਭਰਾਵਾ ! ਉਥੇ ਤਾਂ ਲਗਦੈ, ਬਾਰਾਂ ਮਹੀਨੇ ਈ ਮੀਂਹ ਪੈਂਦਾ।

ਭਰਾ : ਪਰ ਇਹ ਸੰਨ 1943 ਦੇ ਮੀਂਹ ਦਾ ਮਹੀਨਾ ਸੀ, ਜਦੋਂ ਭੁੱਖੇ ਨਰ ਨਾਰੀ ਕਲਕੱਤੇ ਦੀਆਂ ਗਲੀਆਂ 'ਚ ਪਹੁੰਚੇ। ਕਿੰਨਿਆਂ ਕੁ ਕੋਲ ਤਨ ਢੱਕਣ ਨੂੰ ਕੱਪੜਾ ਸੀ, ਉਹਨਾਂ ਦੇ ਸਰੀਰ ਤੇ ਪਾਟੀਆਂ ਬੋਰੀਆਂ ਲਪੇਟੀਆਂ ਸੀ। ਮੂਸਲੇਧਾਰ ਮੀਂਹ ਪੈ ਰਿਹਾ ਸੀ ਤੇ ਇਹ ਸੜਕਾਂ, ਪਗਡੰਡੀਆਂ ਤੇ ਭਿਜਦੇ ਰਹੇ।

ਸੰਤੋਖੀ : ਕੀ ਉੱਥੇ ਧਰਮਸ਼ਾਲਾ-ਮੁਸਾਫ਼ਿਰਖਾਨਾ ਨੀ?

ਭਰਾ : ਧਰਮਸ਼ਾਲਾ-ਮੁਸਾਫਿਰਖਾਨੇ ਦੋ ਚਾਰ ਹਜ਼ਾਰ ਲਈ ਹੋ ਸਕਦੇ ਐ, ਲੱਖਾਂ ਲੋਕਾਂ ਲਈ ਕਿੱਥੇ ਐ? ਕਲਕੱਤੇ 'ਚ ਵੀ ਸਭ ਨੂੰ ਖਾਣਾ ਕਿਥੋਂ ਮਿਲਦਾ? ਮੁੰਡੇ ਤੇ ਸਿਆਣੇ ਵੀ ਕੂੜੇ ਦੇ ਢੇਰ 'ਚੋਂ ਚੁੱਕ ਕੇ ਖਾਂਦੇ ਸੀ, ਸੜਕ ਤੇ ਸੁੱਟੇ ਟੁਕੜਿਆਂ ਨੂੰ ਵੀ ਕੁੱਤਿਆਂ ਦੇ ਮੂੰਹੋਂ ਖੋਹ ਲੈਂਦੇ ਸੀ। ਜੀਵਨ ਦਾ ਲੋਭ ਅਜਿਹਾ ਈ ਐ। ਆਦਮੀ ਕਿਵੇਂ ਵੀ ਹੋਏ, ਜਿਉਂਣਾ ਤਾਂ ਚਾਹੁੰਦਾ ਈ ਐ।

ਦੁਖਰਾਮ : ਭਰਾਵਾ ! ਇਸਤੋਂ ਵੱਡਾ ਹੋਰ ਦੁੱਖ ਕੀ ਹੋਊ?

ਭਰਾ: ਹਾਂ, ਮੁਰਦੇ ਸੜਕਾਂ ਤੇ ਪਏ ਰਹਿੰਦੇ ਸੀ, ਕੋਈ ਉਠਾਉਣ ਵਾਲਾ ਨਹੀਂ ਮਿਲਦਾ ਸੀ। ਇਹ ਕਲਕੱਤੇ ਦੀ ਗੱਲ ਸੀ, ਪਿੰਡਾਂ 'ਚ ਤਾਂ ਹੋਰ ਵੀ ਬੁਰਾ ਹਾਲ ਸੀ, ਕਿਉਂਕਿ ਉਥੇ ਕੋਈ ਪੁੱਛ ਪੜਤਾਲ ਕਰਨ ਵਾਲਾ ਨਹੀਂ ਸੀ, ਨਾ ਡਾਕਟਰ, ਨਾ ਮੁਰਦੇ ਦੀ ਫੋਟੋ ਖਿਚ ਕੇ ਅਖਬਾਰ 'ਚ ਲਾਉਣ ਵਾਲਾ। ਲੱਖਾਂ ਆਦਮੀ ਦਿਲ ਸੁੱਟ ਕੇ ਚੁੱਪਚਾਪ ਆਪਣੇ ਪਿੰਡਾਂ 'ਚ ਮਰ ਗਏ। ਹੋਰ ਜਾਣਦੈ ਕਲਕੱਤੇ ਦੀਆਂ ਸੜਕਾਂ ਤੇ ਕੁੱਤੇ ਬਿੱਲੇ ਦੀ ਮੌਤ ਮਰਨ ਵਾਲੇ ਇਹ ਲੋਕ ਕੌਣ ਸੀ?

ਦੁਖਰਾਮ : ਨਹੀਂ ਭਰਾਵਾ ! ਦੱਸੋ, ਬੰਗਾਲੀ ਹੋਣਗੇ।

ਭਰਾ : ਹਾਂ, ਬੰਗਾਲੀ। ਇਹਨਾਂ ਚ ਸੀ ਬ੍ਰਾਹਮਣ, ਸਿੱਖ, ਮੁਸਲਮਾਨ, ਸਾਰੀਆਂ ਈ ਜਾਤੀਆਂ ਦੇ ਲੋਕ। ਭੁੱਖ ਨੇ ਸਾਰਿਆਂ ਨੂੰ ਇੱਕੋ ਪੰਥ ਦਾ ਭਿਖਾਰੀ ਬਣਾ ਦਿੱਤਾ। ਇੰਨ੍ਹਾਂ ਈ ਨਹੀਂ, ਭੁੱਖ ਨੇ ਉਹਨਾਂ ਦੀ ਇੱਜਤ ਵੀ ਵਿਕਵਾ ਦਿੱਤੀ।

ਸੰਤੋਖੀ : ਕੀ ਕਿਹਾ ਭਰਾਵਾ, ਇੱਜਤ ਵਿਕਵਾ ਦਿੱਤੀ।

ਭਰਾ : ਹਾਂ, ਪਤੈ ਇੱਜਤ ਵੀ ਆਦਮੀ ਉਦੋਂ ਰੱਖਦੈ, ਜਦੋਂ ਢਿੱਡ 'ਚ ਦੋ ਦਾਣੇ ਪੈਂਦੇ ਐ। ਜਵਾਨ ਕੁੜੀਆਂ, ਬਹੂਆਂ ਤੇ ਅਧਖੜ ਔਰਤਾਂ ਇਕ ਵੇਲੇ ਦੇ ਖਾਣ ਲਈ ਆਪਣੀ ਇੱਜਤ ਵੇਚ ਰਹੀਆਂ ਸੀ। ਕਲਕੱਤੇ ਦੀਆਂ ਸੜਕਾਂ ਤੇ ਇੱਜਤ ਵੇਚੀ ਜਾ ਰਹੀ ਸੀ, ਚਟਪਿੰਡ, ਨਵਾਖਾਲੀ, ਬਰੀਸਾਲ ਦੀਆਂ ਗਲੀਆਂ 'ਚ ਇੱਜਤ ਵਿਕ ਰਹੀ ਸੀ, ਬਾਜਾਰਾਂ 'ਚ ਈ ਨਹੀਂ, ਹਰ ਥਾਂ ਇੱਜਤ ਵਿਕ ਰਹੀ ਸੀ। ਅੰਨ ਇੱਜਤ ਤੋਂ ਬਹੁਤ ਮਹਿੰਗਾ ਸੀ। ਮਾਂ ਆਪਣੀ ਬੇਟੀ ਦੀ ਇੱਜਤ ਦਾ ਸੌਦਾ ਕਰਦੀ, ਪਤੀ ਆਪਣੀ ਬੀਵੀ ਦੀ ਇੱਜਤ ਵੇਚ ਕੇ ਕੁਝ ਲਿਆਉਣ ਦਾ ਇਸ਼ਾਰਾ ਕਰਦਾ ਸੀ। ਕਲਕੱਤੇ 'ਚ ਕਿੰਨੀਆਂ ਔਰਤਾਂ ਵੇਸ਼ਵਾਂ ਬਣਨ ਲਈ ਮਜ਼ਬੂਰ ਸਨ, ਜਾਣਦੈ ਤੂੰ?

ਸੰਤੋਖੀ : ਬਹੁਤ ਹੋਣਗੀਆਂ?

ਭਰਾ : ਬਹੁਤ ਕਹਿਣ ਨਾਲ ਉਹ ਦਿਲ ਦਹਿਲਾਉਣ ਵਾਲਾ ਨਜ਼ਾਰਾ ਸਾਡੇ ਸਾਹਮਣੇ ਨਹੀਂ ਆਉਂਦਾ। ਕਿਸੇ ਨੇ ਹਿਸਾਬ ਲਾ ਕੇ ਦੱਸਿਆ ਸੀ, ਕਿ ਇਕ ਵੇਲੇ ਤੀਹ ਹਜਾਰ ਔਰਤਾਂ ਆਪਣੀ ਇੱਜਤ ਬਦਲੇ ਚੌਲ ਲੈ ਰਹੀਆਂ ਸਨ।

ਦੁਖਰਾਮ : ਇਸ ਨਾਲੋਂ ਤਾਂ ਆਪਣੀਆਂ ਅੱਖਾਂ ਮੂੰਦ ਲੈਣੀਆਂ ਚੰਗੀਆਂ ਸੀ।

ਭਰਾ : ਪਰ ਇਹ ਇਕ ਆਦਮੀ ਦੇ ਅੱਖਾਂ ਬੰਦ ਕਰਨ ਵਾਲੀ ਗੱਲ ਨਹੀਂ ਸੀ, ਕਰੋੜਾਂ ਆਦਮੀ ਕਿਵੇਂ ਬਿਨਾਂ ਹੱਥ ਪੈਰ ਹਿਲਾਏ ਮਰਨ ਨੂੰ ਤਿਆਰ ਹੁੰਦੇ। ਇਸੇ ਲਈ ਭੁੱਖ ਨੇ ਉਹਨਾਂ ਤੋਂ ਇੱਜਤ ਵਿਕਵਾਈ, ਜੋ ਕਦੇ ਇੱਜਤ ਲਈ ਮਰਦੇ ਸੀ। ਸੱਤ

ਲੱਖ ਆਦਮੀ ਮਰ ਗਏ, ਕੀ ਉਸਤੋਂ ਘੱਟ ਐ, ਇਹਨਾਂ ਲੱਖਾਂ ਔਰਤਾਂ ਦਾ ਇੱਜਤ ਵੇਚਣਾ?

ਸੰਤੋਖੀ : ਇਹ ਤਾਂ ਉਸ ਤੋਂ ਵੀ ਭੈੜਾ ਐ।

ਭਰਾ : ਤੇ ਜਦੋਂ ਫਸਲ ਹੋਈ, ਲੋਕਾਂ ਨੂੰ ਥੋੜਾ-ਥੋੜਾ ਅੰਨ ਮਿਲਿਆ, ਤੇ ਮੀਂਹ ਹਟਿਆਂ ਵੀ ਨਹੀਂ ਸੀ ਕਿ ਮਲੇਰੀਏ ਨੇ ਘੇਰ ਲਏ। ਘਰਾਂ ਦੇ ਘਰ ਬੀਮਾਰ ਪੈ ਗਏ, ਕੋਈ ਪਾਣੀ ਦੇਣ ਵਾਲਾ ਨਾ ਰਿਹਾ। ਕਿਸੇ ਕਿਸੇ ਪਿੰਡ 'ਚ ਦੋ ਤਿਹਾਈ ਆਦਮੀ ਮਲੇਰੀਏ ਨਾਲ ਮਰ ਗਏ। ਘਰਾਂ ਦੇ ਘਰ ਸੁੰਨੇ ਹੋ ਗਏ। ਮੁਰਦੇ ਸੱਤ ਸੱਤ ਦਿਨ ਤਕ ਘਰੇ ਈ ਸੜਦੇ ਰਹੇ।

ਸੰਤੋਖੀ : ਜਿਉਂਦਾ ਈ ਦੇਸ ਮੜ੍ਹੀ ਬਣ ਗਿਆ।

ਭਰਾ : ਦੇਖਿਆ ਨਾ ਸੰਤੋਖੀ ਭਰਾ। ਇਸ ਤੋਂ ਵੱਡਾ ਗਲਤ ਪ੍ਰਬੰਧ ਕਿੱਥੇ ਹੋਊ, ਜਿੱਥੇ ਇਸ ਤਰ੍ਹਾਂ ਆਦਮੀ ਘੁੱਟ ਘੁਟ ਕੇ ਮਰਦੇ ਹੋਣ, ਤੇ ਬੇਇੱਜ਼ਤ ਹੁੰਦੇ ਹੋਣ। ਇਹ ਤਾਂ ਬੰਗਾਲੀਆਂ ਦੀ ਗੱਲ ਐ, ਹੁਣ ਈ 1944 ਚ ਪਤੈ, ਬਿਹਾਰ 'ਚ ਕੀ ਹੋਇਆ ਸੀ?

ਦੁਖਰਾਮ : ਬਿਹਾਰ 'ਚ ਵੀ ਕੁਝ ਹੋਇਆ ਸੀ, ਭਰਾਵਾ?

ਭਰਾ : ਕੁੱਝ ਨਹੀਂ, ਬਹੁਤ। ਚੰਪਾਰਨ, ਮੁਜਫਰਪੁਰ, ਦਰਭੰਗਾ ਦੇ ਸਿਰਫ ਤਿੰਨ ਜ਼ਿਲ੍ਹਿਆਂ 'ਚ ਤੇ ਉਹ ਵੀ ਸਿਰਫ ਤਿੰਨ ਚਾਰ ਮਹੀਨਿਆਂ 'ਚ ਇੱਕ ਲੱਖ ਤੋਂ ਵੱਧ ਆਦਮੀ ਹੈਜੇ ਤੇ ਮਲੇਰੀਏ ਨਾਲ ਮਰ ਗਏ।

ਸੰਤੋਖੀ : ਮਰਨਾ ਜਿਉਣਾ ਭਗਵਾਨ ਦੇ ਹੱਥ ਐ।

ਦੁਖਰਾਮ : ਜੇ ਮਰਨਾ ਜਿਉਣਾ ਭਗਵਾਨ ਦੇ ਹੱਥ 'ਚ ਹੁੰਦਾ ਤਾਂ ਦਵਾ ਦਾਰੂ ਕਰਨ ਦੀ ਕੀ ਲੋੜ ਐ, ਸੰਤੋਖੀ ਭਰਾਵਾ! ਤੈਨੂੰ ਖਾਣ ਦੀ ਲੋੜ ਨਹੀਂ, ਜੇ ਭਗਵਾਨ ਨੇ ਈ ਪਾਲਣਾ ਪੋਸਣਾ ਤਾਂ ਤੈਨੂੰ ਹਵਾ ਪਿਆ ਕੇ ਵੀ ਪਾਲੂੰਗਾ, ਪਰ ਉਹ ਹੋਵੇ ਤਾਂ ਸਹੀ।

ਭਰਾ : ਕੋਈ ਆਦਮੀ ਬਹੁਤ ਬੁੱਢੇ ਸਰੀਰ ਨਾਲ ਮਜ਼ਬੂਰ ਹੋ ਕੇ ਮਰਦੈ, ਤਾਂ ਉਸ ਲਈ ਕਿਹਾ ਜਾ ਸਕਦੈ, ਕਿ ਬੁੱਢੇ ਨੂੰ ਕੋਈ ਨਹੀਂ ਰੋਕ ਸਕਦਾ, ਬੁੱਢੇ ਨੂੰ ਮੌਤ ਤੋਂ ਕੋਈ ਨਹੀਂ ਬਚਾ ਸਕਦਾ। ਪਰ ਬੁੱਢਿਆਂ ਨੂੰ ਵੀ ਬੀਮਾਰ ਹੋਣ ਤੇ ਅਸੀਂ ਮੌਤ ਹਵਾਲੇ ਨਹੀਂ ਕਰ ਦਿੰਦੇ। ਉਸਦੀ ਦਵਾ ਦਾਰੂ ਕਰਦੇ ਆਂ, ਥੋੜ੍ਹਾ ਬਹੁਤ ਖਾਣ ਨੂੰ ਦਿੰਨੇ ਆਂ। ਬਿਹਾਰ ਦੇ ਤਿੰਨ ਜ਼ਿਲਿਆਂ 'ਚ ਇੱਕ ਲੱਖ ਤੋਂ ਵੱਧ ਆਦਮੀ ਮਰ ਗਏ, ਉਹ ਬੁੱਢੇ ਨਹੀਂ ਸੀ। ਬੀਮਾਰੀ ਨੇ ਐਸੇ ਘੇਰ ਘੇਰ ਕੇ ਬੈਠਾਏ ਕਿ ਸਾਲ-ਸਾਲ ਤੱਕ ਅੱਧੇ ਭੁੱਖੇ ਰਹਿੰਦੇ-ਰਹਿੰਦੇ ਉਹਨਾਂ ਦੇ ਸਰੀਰ 'ਚ ਜਾਨ ਨਹੀਂ ਰਹੀ। ਮਲੇਰੀਏ ਦੇ ਕੀੜੇ ਨੇ ਜਦੋਂ ਉਹਨਾਂ 'ਤੇ ਧਾਵਾ ਬੋਲਿਆ ਤਾਂ ਉਹਨਾਂ ਨੂੰ ਰੋਕਣ ਲਈ ਅੰਦਰ ਤਾਕਤ ਕਿੱਥੇ ਬਚੀ ਸੀ। ਹੈਜੇ ਦੇ ਕੀੜੇ ਜਦੋਂ ਪਾਣੀ ਰਾਹੀਂ ਜਾਂ ਸਾਹ ਰਾਹੀਂ ਅੰਦਰ ਪਹੁੰਚੇ, ਤਾਂ ਉਹਨਾਂ ਨੂੰ ਕੱਢਣ ਲਈ ਉਹਨਾਂ ਕੋਲ ਤਾਕਤ ਨਹੀਂ ਸੀ ਬਚੀ। ਚੰਗੇ ਭਲੇ ਆਦਮੀ ਨੂੰ ਬੀਮਾਰੀ ਘੱਟ ਲਗਦੀ ਐ।

ਸੰਤੋਖੀ: ਬੀਮਾਰੀ ਨਾ ਲੱਗਣ ਨਾਲ ਆਦਮੀ ਚੰਗਾ ਭਲਾ ਰਹਿੰਦਾ?

ਭਰਾ : ਨਹੀਂ, ਸੰਤੋਖੀ ਭਰਾ! ਇਹ ਗੱਲ ਨਹੀਂ। ਚੰਗੇ ਖਾਣ ਪੀਣ ਨਾਲ ਆਦਮੀ ਚੰਗਾ ਭਲਾ ਹੁੰਦਾ ਐ ਤੇ ਚੰਗਾ ਭਲਾ ਹੋਣ ਨਾਲ ਬੀਮਾਰੀ ਕੋਲ ਦੀ ਨਹੀਂ ਲੰਘਦੀ।


ਦੁਖਰਾਮ : ਤਾਂ ਅੰਨ ਈ ਅਸਲ ਹੋਇਆ?

ਭਰਾ : ਅੰਨ ਹੀ ਅਸਲ ਐ, ਅੰਨ ਹੀ ਜਾਨ ਐ, ਅੰਨ ਦੇ ਮਿਲਣ ਨਾਲ ਜੀਵਨ ਐ, ਅੰਨ ਦੇ ਮਿਲਣ ਨਾਲ ਇੱਜਤ ਐ।

ਦੁਖਰਾਮ : ਤੇ ਜੇ ਅੰਨ ਮਿਲੇ, ਤਾਂ ਦੁਨੀਆਂ ਦਾ ਅੱਧਾ ਦੁੱਖ ਖਤਮ ਹੋ ਜਾਏ।

ਭਰਾ : ਹਾਂ, ਦੁਖਰਾਮ ਭਰਾ। ਇਸ ਗੱਲ ਨੂੰ ਪੱਲੇ ਬੰਨ੍ਹ ਕੇ ਰੱਖ। ਅਸੀਂ ਅੱਗੇ ਦੱਸਾਂਗੇ, ਕਿ ਕਿਉਂ ਅੰਨ ਦੇ ਰਹਿੰਦਿਆਂ ਅੰਨ ਨਹੀਂ ਮਿਲਦਾ, ਖਾਣਾ ਹੁੰਦੇ ਵੀ ਖਾਣਾ ਨਹੀਂ ਮਿਲਦਾ, ਦਵਾ ਹੁੰਦੇ ਵੀ ਦਵਾ ਨਸੀਬ ਨਹੀਂ ਹੁੰਦੀ।

(ਬਾਕੀ ਅਗਲੇ ਅੰਕ ਵਿੱਚ)



ਪੰਜਾਬੀ ਦੇ ਬਹੁਤ ਹੀ ਉੱਚ ਪੱਧਰ ਦੇ ਸਾਹਿਤਕ ਮੈਗਜ਼ੀਨ 'ਹੁਣ' ਦੇ ਸੰਪਾਦਕ ਅਵਤਾਰ ਜੰਡਿਅਲਵੀ ਸਾਡੇ ਦਰਮਿਆਨ ਨਹੀਂ ਰਹੇ। ਅਦਾਰਾ ਉਨ੍ਹਾਂ ਦੀ ਪੰਜਾਬੀ ਅਦਬ ਨੂੰ ਦੇਣ ਨੂੰ ਯਾਦ ਕਰਦਾ ਸਿਜਦਾ ਕਰਦਾ ਹੈ।

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਿੰਡਰ ਕਲਾਂ (ਮੋਗਾ) ਦੇ ਕਾਮਰਸ ਲੈਕਚਰਾਰ ਹਾਕਮ ਸਿੰਘ ਧਾਲੀਵਾਲ ਨੇ 20 ਵਿਦਿਆਰਥੀਆਂ ਦੇ ਸਲਾਨਾ ਚੰਦੇ ਭੇਜ ਕੇ ਪਹਿਲ ਕਦਮੀਂ ਕੀਤੀ ਹੈ। ਅਦਾਰਾ ਧੰਨਵਾਦੀ ਹੈ।

ਹੱਡਬੀਤੀ

ਜੰਡ ਦੀ 'ਹੋਣੀ'



ਮਨਦੀਪ ਖੁਰਮੀ

ਹਰ ਨਵੇਂ ਜਨਮੇ ਬਾਲ ਤੋਂ ਲੈ ਕੇ ਸਿਵਿਆਂ ਵਿੱਚ ਅਗਨੀ ਭੇਂਟ ਹੋਣ ਜਾ ਰਹੇ ਬਜ਼ੁਰਗ ਦੀ ਮੌਤ ਤੱਕ ਜੀਵਨ ਸੈਂਕੜੇ ਵਹਿਮਾਂ ਭਰਮਾਂ ਵਿੱਚ ਪਰੁੰਨ੍ਹਿਆ ਪਿਆ ਹੈ। ਪੰਜਾਬ ਦੇ ਕਿਸੇ ਵੀ ਕੋਨੇ 'ਚ ਚਲੇ ਜਾਵੋ, ਅੰਧਵਿਸ਼ਵਾਸ ਨਾਲ ਲਿਪਤ ਹੋਣ ਦੀ ਕੋਈ ਨਾ ਕੋਈ ਉਦਾਹਰਣ ਜਰੂਰ ਮਿਲ ਜਾਵੇਗੀ ਤੁਹਾਨੂੰ। ਜੇ ਫਿਰ ਵੀ ਕੁਝ ਨਾ ਲੱਭੇ ਤਾਂ ਪੰਜਾਬ ਦੀਆਂ ਸੜਕਾਂ ਕਿਨਾਰੇ ਲਾਲ ਕੱਪੜਿਆਂ, ਖੰਮਣੀਆਂ ਤੇ ਤੇਲ ਨਾਲ ਗੱਚੋ ਗੱਚ ਜੰਡ ਦੇ ਰੁੱਖ ਤਾਂ ਮਿਲ ਹੀ ਜਾਣਗੇ।

ਅੱਜ ਕੱਲ੍ਹ ਇਹ ਰੁੱਖ ਪੰਜਾਬ ਦੀ ਧਰਤੀ 'ਤੇ 'ਬਾਬਾ' ਹੋਣ ਦਾ ਸਥਾਨ ਹਾਸਲ ਕਰੀ ਬੈਠਾ ਹੈ, ਅੱਜ ਕੱਲ੍ਹ ਜੰਡ ਬਾਬਾ ਜੀ ਨੂੰ 'ਬਾਬਾ ਖੇਤਰਪਾਲ' ਕਿਹਾ ਜਾਂਦਾ ਹੈ। ਜੰਡਾਂ ਦੇ ਰੁੱਖਾਂ ਦੁਆਲੇ ਕੰਧੋਲੀਨੁਮਾ ਵਾੜ ਜਿਹੀ ਕੀਤੀ ਹਰ ਜਗ੍ਹਾ ਮਿਲੇਗੀ...ਆਲੇ ਦੁਆਲੇ ਲਾਲ ਰੰਗ ਦੇ ਕੱਪੜੇ ਵੀ। ਮੋਗਾ ਤੋਂ ਬਰਨਾਲਾ ਵੱਲ ਜਾਓਗੇ ਤਾਂ ਪਿੰਡ ਮਾਛੀਕੇ ਤੋਂ ਹਿੰਮਤਪੁਰਾ ਡਰੇਨ ਦੇ ਪੁਲ ਵੱਲ ਇੱਕ ਜੰਡ ਐਸਾ ਵੀ ਹੈ ਜਿਸਨੂੰ 'ਜੰਡ ਦੇ ਮਾਲਕ ਬਾਬੇ' ਨੇ 'ਬਾਬਾ ਖੇਤਰਪਾਲ ਸਿੰਘ' ਬਣਾ ਦਿੱਤੈ। ਹੁਣ ਤੁਸੀਂ ਪੁੱਛੋਗੇ ਕਿ 'ਜੰਡ ਦਾ ਮਾਲਕ ਬਾਬਾ' ਕੌਣ ਹੋਇਆ? ... ਲਓ ਸੁਣੋ, ਪਿੰਡਾਂ ਵਿੱਚ ਟੂਣੇ ਟਾਮਣਾਂ ਰਾਹੀ ਲੋਕਾਂ ਦੇ ਦੁੱਖ ਨਿਵਾਰਨ ਵਾਲੇ ਬਾਬੇ ਤਾਂ ਆਮ ਹੀ ਮਿਲ ਜਾਂਦੇ ਹਨ ਕਿ ਨਹੀਂ....? ਲਗਭਗ ਹਰ ਪਿੰਡ ਕੋਈ ਨਾ ਕੋਈ ਬਾਬਾ ਤਾਂ ਜਰੂਰ ਬਰ ਜਰੂਰ ਹੋਵੇਗਾ। ਮੈਨੂੰ ਇਸ ਗੱਲ ਨੇ ਵਾਹਵਾ ਗਧੀ ਗੇੜ 'ਚ ਪਾਇਆ ਹੋਇਆ ਸੀ ਕਿ ਲੋਕ ਕਈ ਵਾਰ ਕੀਮਤੀ ਚੀਜ਼ਾਂ ਵੀ ਜੰਡ ਬਾਬਿਆਂ ਨੂੰ ਭੇਂਟ ਕਰ ਜਾਂਦੇ ਹਨ, ਫਿਰ ਇਹ ਚੀਜ਼ਾਂ ਜਾਂਦੀਆਂ ਕਿੱਥੇ ਨੇ? ਖੋਜੀ ਮਨ ਪੜਤਾਲ 'ਚ ਰੁੱਝ ਗਿਆ, ਇੱਕ ਅਖੌਤੀ ਬਾਬੇ ਨਾਲ ਲਿਹਾਜ਼ ਪਾਈ। ਹਾਲ ਚਾਲ ਪੁੱਛਦਾ ਰਿਹਾ, ਆਉਣੀ ਜਾਣੀ ਹੋਈ ਤਾਂ ਬਾਬਾ ਜੀ ਹੌਲੀ-ਹੌਲੀ ਮੈਨੂੰ "ਪੱਟਣ" ਦੇ ਚੱਕਰ 'ਚ ਆਪ "ਖੁੱਲ੍ਹ" ਗਏ। ਮੇਰਾ ਬਾਬਾ ਜੀ ਨੂੰ ਸਵਾਲ ਸੀ ਕਿ 'ਬਾਬਾ ਜੀ ਤੁਸੀਂ ਲੋਕਾਂ ਦਾ ਮੁਫਤ 'ਚ ਹੀ 'ਇਲਾਜ' ਕਰੀ ਜਾਨੇ ਓਂ, ਮਾੜਾ ਮੋਟਾ ਆਵਦੇ ਟੱਬਰ ਬਾਰੇ ਵੀ ਸੋਚੋ, ਜੀਹਦਾ ਇਲਾਜ ਕਰਦੇ ਹੁੰਨੇ ਓਂ, ਉਨ੍ਹਾਂ ਤੋਂ ਹੀ ਦਾਸਾ-ਵੀਸਾ ਲੈ ਲਿਆ ਕਰੋ।' ਬਾਬਾ ਜੀ ਨੇ ਚਿਲਮ ਦਾ ਲੰਮਾ ਸੂਟਾ ਭਰਦਿਆਂ ਮੈਨੂੰ ਆਪਣਾ ਜਿਹਾ ਸਮਝਦਿਆਂ ਹੀ ਆਹ ਗੁੱਝੀ ਗੱਲ ਦੱਸੀ ਸੀ ਜਿਹੜੀ ਮੈਂ ਥੋਨੂੰ ਦੱਸ ਰਿਹਾਂ। ਬਾਬਾ ਜੀ ਨੇ ਕਿਸੇ ਚੰਗੇ ਅਰਥ-ਸ਼ਾਸ਼ਤਰੀ ਵਾਂਗ ਐਸਾ ਪ੍ਰਬੰਧ ਕੀਤਾ ਹੋਇਆ ਸੀ ਕਿ ਭਗਤਾਂ ਦੀ ਨਜ਼ਰ 'ਚ ਬਾਬਾ ਜੀ ਮੁਫਤ ਸੇਵਾ ਕਰਦੇ ਸਨ ਪਰ ਬਾਬਾ ਜੀ ਲੁਕਵੇਂ ਢੰਗ ਨਾਲ ਦਾਨ-ਦੱਛਣਾ ਲੈ ਹੀ ਜਾਂਦੇ ਸਨ। ਬਾਬਾ ਜੀ ਨੇ ਦੱਸਿਆ ਸੀ ਕਿ, 'ਇਹ ਗੱਲ ਤੇਰੇ ਨਾਲ ਈ ਸਾਂਝੀ ਕਰ ਰਿਹਾਂ, ਜਿਹੜੇ ਵੀ ਸੇਵਕ ਸਾਡੇ ਵਾਂਗ ਲੋਕਾਂ ਦੀ 'ਸੇਵਾ' ਕਰਦੇ ਆ, ਬਾਹਲਿਆਂ ਨੇ ਆਪਨੇ ਆਪਨੇ ਜੰਡ ਵੰਡੇ ਹੋਏ ਨੇ, ਜਿਵੇਂ ਡਰੇਨ ਵਾਲਾ ਜੰਡ 'ਆਪਨਾ ਹੈ'। ਜਿੰਨੇ ਵੀ 'ਮਰੀਜ਼' ਆਪਨੇ ਕੋਲ ਆਉਂਦੇ ਆ, ਆਪਾਂ ਉਹਨਾਂ ਤੋਂ ਕੋਈ ਮੱਥਾ ਨੀਂ ਟਿਕਾਉਂਦੇ ਸਗੋਂ ਕੋਈ ਨਾ ਕੋਈ ਦਿਨ ਜਾਂ ਨ੍ਹੇਰੇ ਦਾ ਸਮਾਂ ਦੱਸਕੇ ਜੰਡ 'ਤੇ ਚੜਾਵੇ ਚੜਾਉਣ ਦਾ ਹੁਕਮ ਦੇ ਦੇਈਦੈ। ਇਹ ਆਪਨੀ ਮਰਜ਼ੀ ਐ, ਭਾਵੇਂ ਚੜ੍ਹਾਵੇ 'ਚੜ੍ਹਾਉਣ ਲਈ ਕੁਛ ਵੀ ਆਖ ਦੇਵੋ। ਜੇ ਕੋਈ ਚੀਜ ਵੱਧ ਕੀਮਤੀ ਹੁੰਦੀ ਐ ਤਾਂ ਚੜਾਵੇ ਦੇ ਟੈਮ ਤੋਂ ਪਹਿਲਾਂ ਹੀ ਆਪਨਾ ਛੋਟਾ ਮੁੰਡਾ ਜੰਡ ਦੇ ਨੇੜੇ ਲੁਕ ਜਾਂਦੈ ਤੇ ਚੜ੍ਹਾਵਾ ਘਰ ਲੈ ਆਉਂਦੈ। ਕੋਈ ਇੱਲਤੀ ਨਿਆਣਾ ਭਾਵੇਂ ਆਪਨੇ ਜੰਡ ਤੋਂ ਸਮਾਨ ਚੁੱਕ ਲਵੇ ਪਰ ਕੋਈ ਦੂਜਾ ਸੇਵਕ ਨਹੀਂ ਸਮਾਨ ਨੂੰ ਹੱਥ ਲਾਉਂਦਾ ਕਿਉਂਕਿ ਅਸੀਂ ਵੀ ਉਹਨਾਂ ਦੇ ਜੰਡਾਂ ਦੇ ਸਮਾਨ ਨੂੰ ਹੱਥ ਨੀਂ ਲਾਉਂਦੇ। ਸ਼ੈਦ ਤੈਨੂੰ ਪਤਾ ਹੋਵੇ ਚੜ੍ਹਾਵਿਆਂ ਕਰਕੇ ਕਾਲੇ ਰੰਗ ਦੀ ਮੁਰਗੀ ਵਾਹਵਾ ਮਹਿੰਗੀ ਮਿਲਦੀ ਐ, ਅਸੀਂ ਭਗਤਾਂ ਨੂੰ ਕਾਲੀ ਮੁਰਗੀ ਜੰਡ ਹੇਠਾਂ ਪੈਰ ਤੇ ਚੁੰਝ ਬੰਨ੍ਹਕੇ ਚੜ੍ਹਾਉਣ ਲਈ ਕਹਿ ਦੇਈਦੈ। ਫਿਰ ਉਹੀ ਮੁਰਗੀ ਆਪਨੇ ਕੋਲ ਆ ਜਾਂਦੀ ਐ। ਆਪਨੇ ਪਿੰਡ ਸਿਰਫ ਇੱਕ ਬੰਦੇ ਕੋਲੋਂ ਹੀ ਕਾਲੀਆਂ ਮੁਰਗੀਆਂ ਮਿਲ ਸਕਦੀਆਂ ਨੇ। ਆਪਨੇ ਕੋਲ ਆਈਆਂ ਕਾਲੀਆਂ ਮੁਰਗੀਆਂ ਮੁੜ ਮੁੜ ਓਸੇ ਕੋਲ ਪਹੁੰਚ ਜਾਂਦੀਆਂ ਨੇ। ਵੇਚੀਆਂ ਜਾਂਦੀਆਂ ਮੁਰਗੀਆਂ ਦਾ ਮੁਨਾਫਾ ਅੱਧੋ ਅੱਧ।' ਬਾਬਾ ਜੀ ਨੇ ਜਿਉਂ ਹੀ 'ਆਪਨੇ ਜੰਡ' ਵਾਲੇ ਭੇਦ ਦੀ ਪਟਾਰੀ ਖੋਲ੍ਹੀ ਤਾਂ ਮੇਰਾ ਮਨ ਹੌਲਾ ਫੁੱਲ ਵਰਗਾ ਹੋ ਗਿਆ ਸੀ। ਇਸ ਤੋਂ ਬਾਦ ਜੰਡ ਦਾ ਖੌਫ ਮੇਰੇ ਮਨ 'ਚੋਂ ਖੰਭ ਲਾ ਕੇ ਉੱਡ ਗਿਆ ਸੀ। ਇਸੇ ਖੌਫ ਦੇ ਮੁੱਕਣ ਕਾਰਣ ਹੀ ਮੈਂ ਕਈ ਸਾਲ ਦੁਕਾਨ ਤੋਂ ਖਰੀਦ ਕੇ ਮੁੱਲ ਦਾ 'ਕੱਛਾ' ਨਹੀਂ ਸੀ ਪਹਿਨਿਆ। ਮੈਨੂੰ ਪਤਾ ਲੱਗ ਗਿਐ ਕਿ ਹੁਣ ਤੁਹਾਡੇ ਫੇਰ ਕੁਤਕੁਤੀਆਂ ਜਿਹੀਆਂ ਲੜਨ ਲੱਗ ਗਈਆਂ ਕਿ ਜੰਡ ਦਾ ਖੌਫ ਮੁੱਕਣ ਤੇ ਕੱਛਾ ਨਾ ਖਰੀਦਣ ਦਾ ਕੀ ਸੰਬੰਧ ਹੋਇਆ?...... ਬੜਾ ਗੂੜ੍ਹਾ ਸੰਬੰਧ ਐ ਬਈ ਮਿੱਤਰੋ, ਆਪਾਂ ਲੰਘਦੇ ਕਰਦੇ ਕਿਸੇ ਨਾ ਕਿਸੇ ਜੰਡ ਦੁਆਲਿਓਂ

ਲਾਲ ਰੰਗ ਦਾ ਨਵਾਂ ਨਵਾਂ ਚੜ੍ਹਾਇਆ ਕੱਪੜਾ ਖੋਲ੍ਹ ਲਿਆਈਦਾ ਸੀ ਤੇ ਘਰ ਹੀ 'ਕੱਛੇ' ਸੰਵਾ ਲਈਦੇ ਸੀ। ਇਉਂ ਜੰਡ ਬਾਬਿਆਂ ਨੇ ਆਪਣਾ ਵੀ 'ਕੱਛਿਆਂ' 'ਤੇ ਹੁੰਦਾ ਖਰਚਾ ਘਟਾਉਣ 'ਚ ਮਦਦ ਕੀਤੀ ਸੀ ਕਿਸੇ ਵੇਲੇ...!

ਉਹ ਵੀ ਕੋਈ ਵੇਲਾ ਸੀ ਜਦ ਜੰਡਾਂ ਦੁਆਲੇ ਹੁਣ ਵਾਂਗ ਚੜ੍ਹਾਵਿਆਂ ਵਾਲੇ ਸਮਾਨ ਦੀ ਬਜਾਏ ਤੇਲ ਚੋਣ ਵਾਲੇ ਲੋਕਾਂ ਦੀਆਂ ਮੰਗਲਵਾਰ ਜਾਂ ਵੀਰਵਾਰ ਨੂੰ ਲਾਈਨਾਂ ਲੱਗੀਆਂ ਹੁੰਦੀਆਂ ਸਨ। ਮਨ ਫਿਰ ਖੁੱਦੋ-ਖੂੰਡੀ ਖੇਡਣ ਲੱਗ ਗਿਆ ਕਿ ਜੰਡ ਦੁਆਲੇ ਤੇਲ ਚੋਣ ਦਾ ਕੀ ਮਕਸਦ ਹੁੰਦਾ ਹੋਵੇਗਾ?... ਦਿਮਾਗੀ ਕਸਰਤ ਫਿਰ ਸ਼ੁਰੂ ਕੀਤੀ ਤਾਂ ਉੱਤਰ ਇਹ ਮਿਲਿਆ ਕਿ ਪੁਰਾਣੇ ਸਮਿਆਂ ਵਿੱਚ ਵੀ 'ਜੰਡਾਂ ਦੇ ਮਾਲਕ' ਬਾਬਿਆਂ ਵਾਂਗ ਚਲਾਕ ਖੋਪੜੀਆਂ ਲੋਕਾਂ ਨੂੰ ਤਰ੍ਹਾਂ ਤਰ੍ਹਾਂ ਦੇ ਵਹਿਮਾਂ 'ਚ ਫਸਾ ਕੇ ਆਪਣਾ ਉੱਲੂ ਸਿੱਧਾ ਕਰਦੀਆਂ ਰਹਿੰਦੀਆਂ ਸਨ। ਦਰੱਖਤਾਂ ਸੰਬੰਧੀ ਆਮ ਵਹਿਮ ਫੈਲਾਏ ਸਨ ਕਿ ਪਿੱਪਲ ਦਾ ਰੁੱਖ ਵਸਦੇ ਘਰ 'ਚ ਲਗਾਉਣਾ ਮਾੜਾ ਹੁੰਦੈ, ਪਰ ਕਿਸੇ ਪੁਰੋਹਤ ਦੇ ਘਰ ਮਾੜਾ ਨਹੀਂ ਹੁੰਦਾ। ਇਸ ਤਰ੍ਹਾਂ ਚਲਾਕ ਖੋਪੜੀਆਂ ਪਿੱਪਲ ਦਾ ਦਰੱਖਤ ਦਾਨ ਵਜੋਂ ਆਪਣੇ ਘਰੀਂ ਲਗਵਾ ਲੈਂਦੀਆਂ ਸਨ। ਪਿੱਠਵਰਤੀ ਕਾਰਨ ਇਹ ਕਿ ਇੱਕ ਤਾਂ ਸ਼ੁੱਧ ਆਕਸੀਜਨ ਹਰ ਵੇਲੇ ਮਿਲਦੀ ਰਹੇਗੀ, ਦੂਜੀ ਗੱਲ ਕਿ ਕਿੱਕਰ ਜਾਂ ਬੇਰੀ ਦੇ ਰੁੱਖਾਂ ਵਾਂਗ ਪਿੱਪਲ ਦੇ ਰੱਖ ਦਾ ਕੋਈ ਵਾਧੂ ਦੁੱਖ ਨਹੀਂ ਸੀ। ਜੰਡ ਦੇ ਰੁੱਖ ਦੁਆਲੇ ਸਰੋਂ ਦਾ ਤੇਲ ਚੋਣ ਦਾ ਕਾਰਨ ਵੀ ਕੁਝ ਇਸ ਤਰ੍ਹਾਂ ਦਾ ਹੀ ਹੈ। ਉਹ ਇਹ ਕਿ ਪੁਰਾਣੇ ਸਮਿਆਂ 'ਚ ਖੇਤੀ ਲੱਕੜੀ ਦੇ ਸੰਦਾਂ ਨਾਲ ਵਧੇਰੇ ਕੀਤੀ ਜਾਂਦੀ ਸੀ। ਸੁਭਾਵਿਕ ਹੈ ਕਿ ਵਰਤੋਂ ਹੋਣ ਨਾਲ ਲੱਕੜੀ ਦੇ ਸੰਦ ਘਸ ਵੀ ਜਾਂਦੇ ਹਨ। ਖੇਤਾਂ ਵਿੱਚ ਉਹੀ ਲੱਕੜ ਵਧੇਰੇ ਸਮਾਂ ਚੱਲ ਸਕਦੀ ਸੀ ਜੋ ਚੀਹੜੀ ਜਾਂ ਚੀਕਣੀ ਹੁੰਦੀ ਸੀ। ਇੱਕੋ ਇੱਕ ਜੰਡ ਦਾ ਰੁੱਖ ਹੀ ਐਸਾ ਰੁੱਖ ਸੀ ਜਿਸਦੇ ਬਣੇ ਹਲ ਜਾਂ ਸੁਹਾਗਾ ਵਧੇਰੇ ਸਮਾਂ ਕੱਢ ਜਾਂਦੇ ਸਨ। ਚਲਾਕ ਖੋਪੜੀਆਂ ਦੇ ਜਦ ਇਹ ਗੱਲ ਸਮਝ ਪਈ ਹੋਵੇਗੀ ਤਾਂ ਉਹਨਾਂ ਜੰਡਾਂ ਨੂੰ 'ਧਾਰਮਿਕ' ਜਿਹਾ ਬਣਾ ਕੇ ਪੇਸ਼ ਕਰ ਦਿੱਤਾ ਅਤੇ ਲੋਕਾਂ ਨੂੰ ਆਪਣੀਆਂ ਕਾਮਨਾਵਾਂ ਦੀ ਪੂਰਤੀ ਲਈ ਜੰਡ ਦੇ ਦਰੱਖਤ ਦੁਆਲੇ ਤੇਲ ਚੋਣ ਦੇ ਫੁਰਮਾਨ ਜਾਰੀ ਕੀਤੇ। 'ਕਿਸੇ ਦੇ ਜੜ੍ਹੀਂ ਤੇਲ ਦੇਣਾ' ਕਹਾਵਤ ਵਾਂਗ ਨਿਰੰਤਰ ਤੇਲ ਚੋਏ ਜਾਣ ਕਾਰਨ ਜੰਡ ਦਾ ਦਰੱਖਤ ਸੁੱਕਣਾ ਸ਼ੁਰੂ ਹੋ ਜਾਂਦਾ ਸੀ, ਲੋਕਾਂ ਨੂੰ ਯਕੀਨ ਦੁਆਇਆ ਜਾਂਦਾ ਸੀ ਕਿ ਤੁਹਾਡੇ ਦੁੱਖ 'ਖੇਤਰਪਾਲ' ਨੇ ਆਪਣੇ ਪਿੰਡੇ 'ਤੇ ਝੱਲ ਲਏ ਹਨ। ਇਸੇ ਕਰਕੇ ਹੀ ਸੁੱਕ ਗਿਆ ਹੈ। ਲਗਾਤਾਰ ਤੇਲ ਚੋਣ ਦਾ ਨਤੀਜਾ ਇਹ ਨਿਕਲਦਾ ਸੀ ਕਿ ਤੇਲ ਜੰਡ ਦੇ ਤਣੇ ਵਿੱਚ ਪੂਰੀ ਤਰ੍ਹਾਂ ਰਚ ਜਾਂਦਾ ਸੀ, ਜਿਸ ਕਾਰਨ ਜੰਡ ਦੀ ਲੱਕੜ ਹੋਰ ਵਧੇਰੇ ਚੀਕਣੀ ਹੋ ਜਾਂਦੀ ਸੀ। ਫਿਰ ਸੁੱਕਿਆ ਹੋਇਆ ਜੰਡ ਪਹੁੰਚ ਜਾਂਦਾ ਸੀ 'ਜੰਡ ਦੇ ਮਾਲਕ' ਬਾਬਾ ਜੀ ਦੇ ਘਰ। ਉਸਤੋਂ ਬਾਦ ਸ਼ੁਰੂ ਹੁੰਦੀ ਸੀ ਜੰਡ ਦੀ ਚੀਕਣੀ ਲੱਕੜ ਦੇ ਸੁਹਾਗੇ ਜਾਂ ਹਲ ਬਣਨ ਦੀ ਕਹਾਣੀ......!

ਪਰ ਇਸ ਤਰ੍ਹਾਂ ਦੇ ਹਾਲਾਤਾਂ 'ਚੋਂ ਗੁਜਰੇ ਵਿਚਾਰੇ ਜੰਡ ਨੂੰ 'ਬਾਬਾ' ਹੋਣ ਦਾ ਖਮਿਆਜ਼ਾ ਸੁੱਕ ਜਾਣ ਵਜੋਂ ਮਿਲ ਰਿਹਾ ਹੈ। ਕਿਸੇ ਨੂੰ ਧੀਮੀ ਮੌਤ ਦੇ ਦੇਣ ਵਾਂਗ ਵਿਚਾਰਾ ਜੰਡ ਦਾ ਰੁੱਖ ਲੰਮੇ ਸਮੇਂ ਤੋਂ ਅੰਧਵਿਸ਼ਵਾਸ਼ ਦੀ ਭੇਟ ਚੜ੍ਹ ਕੇ ਬੇਮੌਤ ਮਰਦਾ ਆ ਰਿਹਾ ਹੈ। ਬੇਸ਼ੱਕ ਅੱਜ ਇਹ ਗੱਲਾਂ ਰੌਚਕ ਜਿਹੀਆਂ ਲੱਗ ਰਹੀਆਂ ਹੋਣ ਪਰ ਇਹ ਤਲਖ਼ ਹਕੀਕਤ ਹੈ ਕਿ ਅੰਧਵਿਸ਼ਵਾਸ਼ ਦਾ ਮੱਕੜ ਜਾਲ ਸਾਡੇ ਸਮਾਜ ਅੰਦਰ ਬਹੁਤ ਬੁਰੀ ਤਰ੍ਹਾਂ ਪੈਰ ਪਸਾਰ ਚੁੱਕਾ ਹੈ ਜੋ ਪਹਿਲਾਂ ਵੀ ਘਾਤਕ ਸੀ ਅਤੇ ਹੁਣ ਹੋਰ ਵੀ ਘਾਤਕ ਹੈ। ਅਜੋਕੇ ਸਮੇਂ ਵਿੱਚ ਅੰਧਵਿਸ਼ਵਾਸ਼ ਦੇ ਨਾ 'ਤੇ ਵੀ ਨਫਾ ਕਮਾਉਣ ਦੀਆਂ ਚਾਲਾਂ ਖੇਡੀਆਂ ਜਾ ਰਹੀਆਂ ਹਨ ਪਰ ਪੰਜਾਬ ਅੰਦਰ ਚੱਲ ਰਹੀ ਰਾਜਨੀਤਕ ਬੁਰਛਾਗਰਦੀ ਦੀ ਖੇਡ ਵਿੱਚ ਲੋਕਾਂ ਦੇ ਜੀਵਨ ਨਾਲ ਜੁੜੇ ਘਾਤਕ ਜਾਂ ਲਾਹੇਵੰਦ ਤੱਥਾਂ ਵੱਲ ਕਿਸੇ ਦਾ ਵੀ ਕੋਈ ਧਿਆਨ ਨਹੀਂ ਹੈ। ਸਗੋਂ ਲੋਕਾਂ ਨੂੰ ਅਸਲੀਅਤ ਦੇ ਨੇੜੇ ਨਹੀਂ ਢੁੱਕਣ ਦਿੱਤਾ ਜਾਂਦਾ। ਜਦੋਂ ਦਾ ਜਮੀਨੀ ਰੇਟਾਂ 'ਚ ਉਛਾਲ ਆਇਆ ਹੈ ਜਾਂ ਇਹ ਕਹਿ ਲਓ ਕਿ ਅਖੌਤੀ ਵਿਕਾਸ ਦਾ ਬੋਲਬਾਲਾ ਹੋਇਆ ਹੈ, ਉਦੋਂ ਤੋਂ ਸੜਕਾਂ ਕਿਨਾਰੇ ਜੰਡ ਬਾਬਿਆਂ ਜਾਂ ਬੂਬਨੇ ਬਾਬਿਆਂ ਦੇ ਡੇਰੇ ਵੀ ਚਮਕ ਫੜ੍ਹ ਗਏ ਹਨ। ਦਿਨ ਬ ਦਿਨ ਨੋਟ ਕਰਦੇ ਰਹੋ ਤਾਂ ਤੁਸੀਂ ਕੁਝ ਕੁ ਅਰਸੇ ਦੌਰਾਨ ਖੁਦ ਹੀ ਦੇਖ ਲਵੋਗੇ ਕਿ ਇਹਨਾਂ ਬਾਬਿਆਂ ਦੇ ਡੇਰਿਆ ਦੀਆਂ ਚਾਰਦੀਵਾਰੀਆਂ 'ਚ ਕਿੰਨਾ ਕੁ ਵਾਧਾ ਹੋਵੇਗਾ? ਪੰਜਾਬ ਵਿੱਚ ਸੜਕਾਂ ਕਿਨਾਰੇ ਉੱਸਰ ਰਹੀਆਂ ਅੰਧਵਿਸ਼ਵਾਸ਼ ਦੀਆਂ ਦੁਕਾਨਾਂ ਨਾਜਾਇਜ ਕਬਜਿਆਂ ਨੂੰ ਵੱਡੀ ਪੱਧਰ 'ਤੇ ਅੰਜਾਮ ਤਾਂ ਦੇਣਗੀਆਂ ਹੀ ਸਗੋਂ ਕਿਰਤ ਕਰਕੇ ਵੰਡ ਛਕਣ ਦੇ ਸੰਕਲਪ ਦੀ ਧਾਰਨੀ ਧਰਤੀ 'ਤੇ ਵਿਹਲੜ ਬੂਬਨਿਆਂ ਦਾ ਟਿੱਡੀ ਦਲ ਮਾਨਸਿਕ ਅਤੇ ਆਰਥਿਕ ਤੌਰ 'ਤੇ ਖੁੰਗਲ ਹੋ ਚੁੱਕੇ ਲੋਕਾਂ ਦੀਆਂ ਨਾੜਾਂ 'ਚੋਂ ਖੂਨ ਦੀਆਂ ਬਾਕੀ ਰਹਿੰਦੀਆਂ ਤਿੱਪਾਂ ਵੀ ਨਚੋੜ ਲਵੇਗਾ। ਅਜਿਹੇ ਅੰਧਵਿਸ਼ਵਾਸਾਂ ਖਿਲਾਫ ਇੱਕ ਵੱਡੀ ਲੋਕ ਲਹਿਰ ਸਥਾਪਿਤ ਕਰਨ ਦੀ ਲੋੜ ਹੈ ਤਾਂ ਹੀ 'ਜੰਡ ਬਾਬਿਆਂ' ਨੂੰ ਮੁੜ ਸਾਧਾਰਨ ਰੁੱਖਾਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਜਾ ਸਕੇਗਾ।

ਇੰਗਲੈਂਡ 0044 75191 12312

ਸੂਚਨਾ : ਆਉਣ ਵਾਲੇ ਅੰਕਾਂ ਵਿੱਚ ਛੇਤੀ ਹੀ ਬੱਚਿਆਂ ਲਈ ਕੈਪਸ਼ਨ ਅਤੇ ਵਿਗਿਆਨ ਪ੍ਰਸ਼ਨੋਤਰੀ ਮੁਕਾਬਲੇ ਸ਼ੁਰੂ ਕੀਤੇ ਜਾ ਰਹੇ ਹਨ।

ਰਾਧੇ ਮਾਂ ਦੀ ਚੌਂਕੀਂ............?

ਅਜੇ ਨਿਰਮਲ ਬਾਬਾ ਦਾ ਮਾਮਲਾ ਠੰਡਾ ਨਹੀਂ ਸੀ ਹੋਇਆ ਕਿ ਰਾਧੇ ਮਾਂ ਦੀ ਚਰਚਾ ਜ਼ੋਰ ਫੜ੍ਹਣ ਲੱਗ ਪਈ ਹੈ। ਉਸਦੇ ਚੇਲੇ ਉਸਨੂੰ ਦੁਰਗਾ ਦਾ ਅਵਤਾਰ ਕਹਿ ਰਹੇ ਹਨ। ਇਹ ਨਾ ਤਾਂ ਕੁੱਝ ਬੋਲਦੀ ਹੈ, ਨਾ ਕੋਈ ਪ੍ਰਵਚਨ ਕਰਦੀ ਹੈ ਪਰ ਉਸ ਦੀਆਂ ਨਜ਼ਰਾਂ ਦਾ ਹਰ ਕੋਈ ਕਾਇਲ ਹੈ। ਉਸਦੇ ਆਯੋਜਨਾਂ ਵਿੱਚ ਲੱਖਾਂ ਲੋਕ ਸ਼ਾਮਿਲ ਹੁੰਦੇ ਹਨ ਅਤੇ ਵੱਡੇ ਵੱਡੇ ਰੰਗੀਨ ਪੋਸਟਰ ਲਗਾ ਕੇ ਇਸ ਦਾ ਪ੍ਰਚਾਰ ਕੀਤਾ ਜਾਂਦਾ ਹੈ। ਹੁਸ਼ਿਆਰਪੁਰ ਜ਼ਿਲ੍ਹੇ ਦੇ ਇੱਕ ਸਿੱਖ ਪਰਿਵਾਰ ਵਿੱਚ ਪੈਦਾ ਹੋਈ ਰਾਧਾ ਦੀ ਸ਼ਾਦੀ ਉਪਰੰਤ ਮੁਲਾਕਾਤ ਮਹੰਤ ਰਾਮਦੀਨ ਦਾਸ ਨਾਲ ਹੋਈ ਅਤੇ ਰਾਧਾ, ਰਾਧਾ ਮਾਂ ਵਿੱਚ ਤਬਦੀਲ ਹੋ ਗਈ। ਉਸ ਦੀ ਮਹੰਤ ਰਾਮਦੀਨ ਦੇ ਪ੍ਰਭਾਵ ਨਾਲ ਪ੍ਰਸਿੱਧੀ ਵਧਣ ਲੱਗੀ। ਅਖੌਤੀ ਰੂਪ ਵਿੱਚ ਉਹ ਲੋਕਾਂ ਦੀਆਂ ਵਿਅਕਤੀਗਤ, ਵਪਾਰਿਕ, ਪਰਿਵਾਰਕ ਸਮੱਸਿਆਵਾਂ ਦੂਰ ਕਰਨ ਲੱਗੀ। ਅੱਜ ਉਸਦਾ ਜਲਵਾ ਦੇਸ਼ ਵਿਦੇਸ਼ ਵਿੱਚ ਫੈਲ ਚੁੱਕਾ ਹੈ। ਮੁੰਬਈ ਵਿੱਚ ਤਾਂ ਉਸਦੇ ਵੱਡੇ ਵੱਡੇ ਆਯੋਜਨ ਹੋ ਰਹੇ ਹਨ। ਇੱਕ ਨਿੱਜੀ ਨਿਊਜ਼ ਚੈਨਲ ਨੇ ਦਾਅਵਾ ਕੀਤਾ ਹੈ ਕਿ ਉਸਦੇ ਕੋਲ ਰਾਧੇ ਮਾਂ ਦੀਆਂ ਬੋਲਦੀ ਦੀਆਂ ਵੀਡਿਓ ਫੁਟੇਜ ਹਨ। ਰਾਧੇ ਮਾਂ ਤੇ ਵੀ ਨਿਰਮਲ ਬਾਬੇ ਵਾਂਗ ਉਂਗਲਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ। ਹੌਲੀ-ਹੌਲੀ ਵਿਰੋਧ ਦੇ ਸਵਰ ਤੇਜ਼ ਹੋ ਰਹੇ ਹਨ। ਦੁਲਹਨ ਵਾਂਗ ਭਾਰੀ ਮੇਕਅੱਪ ਅਤੇ ਮਹਿੰਗੀ ਸਾੜੀ ਗਹਿਣਿਆਂ ਵਿੱਚ ਵਿਖਾਈ ਦੇਣ ਵਾਲੀ ਰਾਧੇ ਮਾਂ, ਭਗਤਾਂ ਤੋਂ ਆਸ਼ੀਰਵਾਦ ਬਦਲੇ ਭਾਰੀ ਕੀਮਤ ਵਸੂਲ ਰਹੀ ਹੈ। ਇਸ ਦੇ ਭਗਤਾਂ ਵਿੱਚ ਫਿਲਮ, ਟੀ.ਵੀ. ਕਲਾਕਾਰ ਵੀ ਸ਼ਾਮਿਲ ਹਨ। ਇਸ ਦੀ ਟੀਮ ਵਿੱਚ ਟੱਲੀ ਬਾਬਾ ਅਤੇ ਛੋਟੀ ਮਾਂ ਨਾਮ ਦੀ ਇੱਕ ਔਰਤ ਵੀ ਜੁੜੀ ਹੋਈ ਹੈ। ਇਸ ਦੇ ਸਾਰੇ ਕੰਮ ਇਹ ਦੋਵੇਂ ਦੇਖਦੇ ਹਨ। ਹੁਣ ਇਹ ਮੁੰਬਈ ਪਹੁੰਚ ਚੁੱਕੀ ਹੈ ਅਤੇ ਇੱਕ ਬਹੁਤ ਵੱਡਾ ਵਪਾਰੀ ਸੰਜੀਵ ਗੁਪਤਾ ਵੀ ਇੰਨ੍ਹਾਂ ਨਾਲ ਜੁੜਿਆ ਹੋਇਆ ਹੈ। ਸੰਜੀਵ ਗੁਪਤਾ ਦੀ ਕੰਪਨੀ ਗਲੋਬਲ ਮੀਡੀਆ ਵਿਗਿਆਪਨ ਇੰਡਸਟਰੀ ਨਾਲ ਜੁੜੀ ਹੋਈ ਹੈ। ਬੋਰੀਵਲੀ ਪੱਛਮ ਵਿੱਚ ਰੇਲਵੇ ਸਟੇਸ਼ਨ ਦੇ ਕੋਲ 'ਰਾਧੇ ਦੇਵੀ' ਮਾਂ ਭਵਨ ਹੈ। ਉਸਦੀ ਹੇਠਲੀ ਮੰਜਿਲ ਤੇ ਇੱਕ ਵੱਡਾ ਸਾਰਾ ਹਾਲ ਹੈ ਜਿਸ ਨੂੰ 'ਮਾਤਾ ਦੀ ਚੌਂਕੀ' ਕਿਹਾ ਜਾਂਦਾ ਹੈ। ਸਟੇਜ ਤੇ ਰਾਧੇ ਮਾਂ ਝੂਮਦੀ ਨੱਚਦੀ ਰਹਿੰਦੀ ਹੈ। ਹੱਥ ਵਿੱਚ ਤ੍ਰਿਸ਼ੂਲ ਹੁੰਦਾ ਹੈ। ਮਾਂ ਦੇ ਨਾਲ ਉਸਦੇ ਸ਼ਰਧਾਲੂ ਵੀ ਨੱਚਦੇ ਹਨ। ਰਾਧੇ ਮਾਂ ਜਦੋਂ ਕਿਸੇ ਤੇ ਪ੍ਰਸੰਨ ਹੋ ਜਾਂਦੀ ਹੈ ਤਾਂ ਉਸਦੀ ਗੋਦ ਵਿੱਚ ਕੁੱਦ ਕੇ ਚਲੀ ਜਾਂਦੀ ਹੈ। ਪ੍ਰਚਾਰਿਆ ਜਾ ਰਿਹਾ ਹੈ ਕਿ ਜਿਸ ਭਗਤ ਦੀ ਗੋਦ ਵਿੱਚ ਉਹ ਛਲਾਂਗ ਲਗਾਉਂਦੀ ਹੈ, ਉਸ ਦੇ ਸਾਰੇ ਕਸ਼ਟ ਉਸੇ ਸਮੇਂ ਦੂਰ ਹੋ ਜਾਂਦੇ ਹਨ। ਮੁੰਬਈ ਵਿੱਚ ਅੱਜ ਰਾਧੇ ਰਾਧੇ ਹੋ ਰਹੀ ਹੈ। ਇਸ ਦੇ ਆਯੋਜਨਾਂ ਵਿੱਚ ਜਿਆਦਾ ਨੌਜਵਾਨ ਸ਼ਾਮਿਲ ਹੁੰਦੇ ਹਨ।



ਦਲੇਰ ਮਹਿੰਦੀ, ਮਨੋਜ ਤਿਵਾੜੀ, ਡਾਲੀ ਬਿੰਦਰਾ, ਪ੍ਰਹਲਾਦ, ਕੱਕੜ, ਐਮ.ਐਸ. ਬਿੱਟਾ, ਅਨੂਪ ਜਲੋਟਾ, ਸਰਦੂਲ ਸਿਕੰਦਰ, ਲਖਵੀਰ ਲੱਖਾ, ਅਨੁਰਾਧਾ ਪੌਡਵਾਲ, ਕੁਮਾਰ ਰਾਠੌੜ, ਨਰਿੰਦਰ ਚੰਚਲ ਆਦਿ ਇਸ ਦੇ ਬੜੇ ਨੇੜਲੇ ਸ਼ਰਧਾਲੂ ਹਨ। ਬਹੁਤ ਸਾਰੇ ਅਜਿਹੇ ਸਵਾਲ ਹਨ ਜਿੰਨ੍ਹਾਂ ਦਾ ਜਵਾਬ ਨਾ ਦੇਣਾ, ਰਾਧੇ ਦੀ ਸਖਸ਼ੀਅਤ ਨੂੰ ਰਹੱਸਮਈ ਬਣਾਉਂਦਾ ਹੈ। ਇੰਨ੍ਹੇ ਵੱਡੇ ਆਯੋਜਨਾਂ ਲਈ ਪੈਸਾ ਕੌਣ ਦਿੰਦਾ? ਉਸ ਨੇ ਪੰਜਾਬ ਤੋਂ ਮੁੰਬਈ ਤੱਕ ਦਾ ਸਫ਼ਰ ਕਿਵੇਂ ਤੈਅ ਕੀਤਾ? ਇਹ ਲੰਬੇ ਸਮੇਂ ਤੋਂ ਲੋਕਾਂ ਨੂੰ ਮੂਰਖ ਬਣਾ ਰਹੀ ਹੈ। ਫੇਸਬੁੱਕ ਤੇ ਇਸਦੀ ਪੇਡ ਐਡ (ਪੈਸੇ ਦੇ ਕੇ ਇਸ਼ਤਿਹਾਰਬਾਜੀ) ਚੱਲ ਰਹੀ ਹੈ। ਊਲ ਜਲੂਲ ਹਰਕਤਾਂ ਕਰਨ ਵਾਲੇ ਕਿਵੇਂ ਇਸ ਦੇਸ਼ ਵਿੱਚ ਅਖੌਤੀ ਅਵਤਾਰ, ਭਗਵਾਨ ਬਣਦੇ ਹਨ, ਇਹ ਮਿਹਨਤਕਸ਼ ਜਨਤਾ ਲਈ ਸੋਚਣ ਦਾ ਸਵਾਲ ਹੈ। ਅਜਿਹੇ ਢੋਂਗੀਆਂ ਦਾ ਪਰਦਾਫਾਸ਼ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਮੀਡੀਆ ਇਸ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ। ਅਖੌਤੀ ਪ੍ਰਸਿੱਧ ਵਿਅਕਤੀਆਂ ਦੀ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਣ, ਗੁੰਮਰਾਹ ਕਰਨ ਵਾਲੇ ਲੋਕਾਂ ਨਾਲ ਸਾਂਝ ਪਿੱਛੇ ਛੁਪੇ ਮਨਸੂਬੇ ਵੀ ਜਗ ਜਾਹਰ ਹੋਣੇ ਅਤਿ ਜਰੂਰੀ ਬਣਦੇ ਹਨ।

ਸ਼ੋਕ ਮਤਾ: ਇਕਾਈ ਰੋਪੜ ਦੇ ਮੈਂਬਰ ਇਕਬਾਲ ਸਿੰਘ ਬੇਲਾ ਦੇ ਪਿਤਾ ਨਸੀਬ ਸਿੰਘ, ਕੂਲਰੀਆਂ ਇਕਾਈ ਆਗੂ ਜਸਵੀਰ ਸਿੰਘ ਰੰਘੜਿਆਲ ਦੇ ਛੋਟੇ ਭਰਾ, ਨਰਿੰਦਰ ਸਿੰਘ ਮੁਖੀ ਮਾਖਾ ਇਕਾਈ ਦੇ ਪਿਤਾ ਸਾਬਕਾ ਸਰਪੰਚ ਹਰਜਸ ਸਿੰਘ, ਮਾਨਸਾ ਜੋਨ ਦੇ ਜਥੇਬੰਦਕ ਮੁਖੀ ਅੰਮ੍ਰਿਤ ਰਿਸ਼ੀ ਦੇ ਬੇਟੇ, ਇਕਾਈ ਕੂਲਰੀਆਂ ਦੇ ਮਾਨਸਿਕ ਸਿਹਤ ਚੇਤਨਾ ਵਿਭਾਗ ਮੁਖੀ ਗੁਰਮੇਲ ਜਲਵੇੜਾ ਦੀ ਮਾਤਾ, ਇਕਾਈ ਧੂਰੀ ਦੇ ਮੁਢਲੇ ਮੈਂਬਰ ਲਾਲ ਸਿੰਘ ਜਹਾਂਗੀਰ, ਮੈਂਬਰ ਬਾਬੂ ਸਿੰਘ ਮੋਮੀ ਦੇ ਪਿਤਾ ਬਦਨ ਸਿੰਘ, ਰੰਗਕਰਮੀ ਮੇਘ ਰਾਜ ਰੱਲਾ ਦੀ ਮਾਤਾ ਸ੍ਰੀਮਤੀ ਚਮੇਲੀ ਦੇਵੀ ਦੇ ਦੇਹਾਂਤ ਤੇ ਅਦਾਰਾ ਦੁੱਖ ਦਾ ਪ੍ਰਗਟਾਵਾ ਕਰਦਾ ਹੈ ਅਤੇ ਪੀੜਤ ਪਰਿਵਾਰਾਂ ਨਾਲ ਹਮਦਰਦੀ ਪ੍ਰਗਟਾਉਂਦਾ ਹੈ।

ਪੰਨਾ 4 ਦਾ ਬਾਕੀ

ਜੁਲਾਈ-ਅਗਸਤ ਅੰਕ ਤਰਕਸ਼ੀਲ ਵਿੱਚ ਖੁੱਲੀ ਕਵਿਤਾ 'ਧਰਮ' ਬਹੁਤ ਵਧੀਆ ਤੇ ਹਕੀਕੀ ਸੀ। ਡਾ. ਬੱਗਾ ਜੀ ਅਤੇ ਲੜਕੀ ਜਸਲੀਨ ਕੌਰ ਗੁਡੀਆ ਦੇ ਮਾਤਾ ਜੀ ਤੇ ਸਬੰਧਤ ਪ੍ਰਵਾਰ ਦੀ ਸੋਚ ਨੂੰ ਸਲਾਮ ਹੈ। ਡਾ. ਹਰਸ਼ਿੰਦਰ ਕੌਰ ਦੀ ਲਿਖਤ 'ਜ਼ਿੰਦਗੀ ਨੂੰ ਮੁਸੀਬਤਾਂ 'ਚ ਪਾ ਸਕਦੇ ਹਨ ਵਹਿਮ ਭਰਮ' ਬਹੁਤ ਵਧੀਆ ਸੀ। ਸਤੰਬਰ-ਅਕਤੂਬਰ ਅੰਕ ਦਾ ਸਾਰਾ ਮੈਟਰ ਅਤੇ ਮੈਗਜ਼ੀਨ ਦੀ ਦਿੱਖ ਬਹੁਤ ਵਧੀਆ ਹੈ। ਕਾਲਮ ਜਗਿਆਸਾ ਰਾਹੀਂ ਪਿਛਾਂਹ ਖਿੱਚੂ ਤਰਕਹੀਣ ਧਾਰਨਾਵਾਂ ਨੂੰ ਠਿੱਬੀ ਮਾਰ ਕੇ ਵਿਗਿਆਨਕ ਕਾਰਨ ਦੱਸਣ ਵਾਲੀ ਜੁਗਤੀ ਵਧੀਆ ਹੈ। ਡਾ. ਬਲਵੰਤ ਸਿੰਘ ਸਿੱਧੂ ਹੁਰਾ ਦਾ ਨਸ਼ਿਆਂ ਸਬੰਧੀ ਲੇਖ, ਡਾਇਣ ਪ੍ਰਥਾ ਬਾਰੇ ਰਾਮ ਸਵਰਨ ਜੀ ਦਾ ਲੇਖ, ਹੇਮ ਰਾਜ ਸਟੈਨੋ ਦੀ ਧਾਰਾ 295-ਏ ਸਬੰਧੀ ਲਿਖਤ, ਕਵਿਤਾਵਾਂ ਵਿੱਚੋਂ ਅਜਾਦੀ, ਗਜਲ ਕਰਮ ਸਿੰਘ ਜ਼ਖਮੀ ਦੀ ਅਤੇ ਮਜਾਹੀਆ ਟੱਪੇ, ਸੇਵਕ ਸਿੰਘ ਸਮੀਰੀਆ ਦੇ, ਬਾਲ ਕਲਮ ਤੋਂ, ਪਿੱਪਲ ਵਾਲਾ ਭੂਤ ਵਧੀਆ ਸੀ। ਅਖੀਰਲੇ ਪੰਨੇ ਤੇ ਚੁਣੌਤੀ ਛਾਪ ਕੇ ਚੰਗਾ ਕੀਤਾ। ਟਾਈਟਲ ਚਿੱਤਰ ਬਾਰੇ ਜਾਣਕਾਰੀ ਮੁੱਖ ਪੰਨੇ ਹੇਠਾਂ ਹੀ ਦਿਆ ਕਰੋ।

ਰਾਮ ਸਿੰਘ ਨਿਰਮਾਣ, ਬਠਿੰਡਾ ਇਕਾਈ 9417320864

ਸਤੰਬਰ-ਅਕਤੂਬਰ 2012 ਅੰਕ ਦਾ ਮੁੱਖ ਪੰਨਾ ਬਹੁਤ ਹੀ ਚੰਗਾ ਸੀ। ਸੰਪਾਦਕੀ ਬਹੁਤ ਚੰਗੀ ਸੀ ਪਰ ਸੰਪਾਦਕੀ ਇੱਕ ਹੀ ਪੰਨੇ ਤੇ ਹੋਣੀ ਚਾਹੀਦੀ ਹੈ। ਪਰੂਫ ਰੀਡਿੰਗ ਵੱਲ ਹੋਰ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਅਤੇ ਪੇਸ਼ ਕਦਮੀਆਂ ਦੀ ਛਪਾਈ ਬਹੁਤ ਹੀ ਬਾਰੀਕ ਹੈ। ਪੁਸਤਕ ਜਾਣ-ਪਛਾਣ ਤੇ ਪੁਸਤਕ ਪ੍ਰਾਪਤੀ ਕਾਲਮ ਨਵਾਂ ਸ਼ੁਰੂ ਕੀਤਾ ਜਾਵੇ। ਤਰਕਸ਼ੀਲ ਮੈਗਜ਼ੀਨ ਦਾ ਸਾਰਾ ਅੰਕ ਹੀ ਕਾਬਿਲੇ ਤਾਰੀਫ਼ ਹੈ।

ਅਮਰਜੀਤ ਨੰਗਲ ਲਾਇਬ੍ਰੇਰੀਅਨ, 98727-56094

ਤਰਕਸ਼ੀਲ ਮੈਗਜੀਨ ਦਾ ਸਤੰਬਰ-ਅਕਤੂਬਰ ਅੰਕ ਪੜ੍ਹਿਆ। ਇਸ ਅੰਕ ਦੀ ਸੰਪਾਦਕੀ, ਹੇਮ ਰਾਜ ਸਟੈਨੋ ਦੀ ਰਚਨਾ 'ਸੰਵਿਧਾਨ ਦੀ ਧਾਰਾ 295-ਏ ਰੱਦ ਹੋਵੇ' ਅਤੇ ਡਾ. ਅਵਤਾਰ ਸਿੰਘ ਢੀਂਡਸਾ ਦੀ ਰਚਨਾ ਅਸੀਂ ਕਿੱਥੋਂ ਆਏ..? 'ਹਿਗਜ਼ ਬੋਸੋਨ' ਆਦਿ ਰਚਨਾਵਾਂ ਪ੍ਰਭਾਵਸ਼ਾਲੀ ਅਤੇ ਗਿਆਨ ਵਰਧਕ ਸਨ। ਰਾਮ ਸਵਰਨ ਲੱਖੇਵਾਲੀ ਨੇ ਆਪਣੀ ਰਚਨਾ 'ਡਾਇਣ ਪ੍ਰਥਾ' ਰਾਹੀ ਸਾਡੇ ਸਮਾਜ ਦੀ ਰੂੜੀਵਾਦੀ ਸੋਚ ਨੂੰ ਨੰਗਾ ਕਰਕੇ ਔਰਤਾਂ ਉੱਤੇ ਹੁੰਦੇ ਤਸ਼ੱਦਦ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕੀਤੀ ਹੈ।

ਸੁਮਨ ਬਾਲਾ, ਜੁਗਿੰਦਰਪਾਲ ਗਿੰਦਰ

ਕਿਲ੍ਹਾ ਨੌ (ਫਰੀਦਕੋਟ), 98155-92951

ਮੈਂ ਸਤੰਬਰ ਅਕਤੂਬਰ 2012 ਤਰਕਸ਼ੀਲ ਮੈਗਜੀਨ ਦਾ ਅੰਕ ਪੜ੍ਹਿਆ। ਸਾਰੀ ਸਮੱਗਰੀ ਹੀ ਮੁੱਲਵਾਨ ਅਤੇ ਅਗਾਂਹਵਧੂ ਸੀ। ਸੰਪਾਦਕੀ ਵਿਗਿਆਨਕ ਅਧਿਆਤਮਕਤਾ ਵਰਗੇ ਵਿਚਾਰਾਂ ਤੋਂ ਸੁਚੇਤ ਕਰਨ ਵਾਲੀ ਸੀ। 'ਡਾਇਣ ਪ੍ਰਥਾ ਦਾ ਕਲੰਕ' ਸਿਰਲੇਖ ਅਧੀਨ ਰਾਮ ਸਵਰਨ ਲੱਖੇਵਾਲੀ ਨੇ ਸਾਡੇ ਸਮਾਜ ਦੀ ਇੱਕ ਬੁਰਾਈ ਦੀਆਂ ਸ਼ਿਕਾਰ ਔਰਤਾਂ ਦੀ ਦਾਸਤਾਨ ਸੁਣਾਈ ਹੈ। 'ਸੰਵਿਧਾਨ ਦੀ ਧਾਰਾ 295 ਏ ਰੱਦ ਹੋਵੇ' ਹੇਮ ਰਾਜ ਸਟੈਨੋ ਦਾ ਲੇਖ ਕਮਾਲ ਦਾ ਲੱਗਿਆ। ਜਿਸ ਵਿੱਚ ਉਨ੍ਹਾਂ ਨੇ ਸੰਵਿਧਾਨ ਦੀਆਂ ਦੋ ਆਪਾਂ ਵਿਰੋਧੀ ਧਾਰਾਵਾਂ ਨੂੰ ਦਰਸਾ ਕੇ ਲੋਕ ਹਿੱਤ ਵਿਰੋਧੀ ਧਾਰਾ ਨੂੰ ਰੱਦ ਕਰਨ ਤੇ ਜ਼ੋਰ ਦਿੱਤਾ। ਅਵਤਾਰ ਸਿੰਘ ਢੀਂਡਸਾ ਦਾ ਲੇਖ 'ਅਸੀਂ ਕਿੱਥੋਂ ਆਏ?' ਹਿਗਜ਼ ਬੋਸੋਨ ਦੇ ਰਹੱਸਾਂ ਨੂੰ ਖੋਲਦਾ ਹੈ।

ਰਣਪਾਲ, ਫਤਿਹਗੜ੍ਹ ਛੰਨਾ

ਸਤੰਬਰ-ਅਕਤੂਬਰ 2012 ਦਾ ਅੰਕ ਪ੍ਰਾਪਤ ਹੋਇਆ ਹੈ। ਟਾਇਟਲ ਪੇਜ ਵਿਗਿਆਨਕ ਸੋਚ ਦਾ ਅਲੰਬਰਦਾਰ ਲੱਗ ਰਿਹਾ ਸੀ। ਸੰਪਾਦਕੀ ਦਾ ਇੱਕ ਇੱਕ ਸ਼ਬਦ ਵਿਗਿਆਨਕ ਅਧਿਆਤਮਵਾਦ ਬਾਰੇ ਦੱਸ ਰਿਹਾ ਸੀ। ਜਗਿਆਸਾ ਵਿੱਚ ਪ੍ਰਸ਼ਨ ਜਿੰਨ੍ਹੇ ਵਧੀਆ ਸਨ, ਉਂਨੇ ਹੀ ਵਧੀਆ ਸੰਤੋਖਜਨਕ ਉੱਤਰ। ਮਨੋਰੋਗ ਦੀ ਕਲਮ ਤੋਂ ਨਸ਼ਿਆਂ ਦੀ ਪਰਿਭਾਸ਼ਾ, ਲੋੜ, ਕਿਸਮਾਂ ਆਦਿ ਦੀ ਬਹੁਮੁੱਲੀ ਜਾਣਕਾਰੀ ਮਿਲੀ। ਡਾ. ਸ਼ਿਆਮ ਸੁੰਦਰ ਦੀਪਤੀ ਦਾ ਕਿਸ਼ੋਰ ਅਵਸਥਾ ਸੰਬੰਧੀ ਜਾਣਕਾਰੀ ਭਰਪੂਰ ਲੇਖ ਵਾਕਈ ਕਾਬਲੇ ਤਾਰੀਫ ਸੀ। ਡਾ. ਅਵਤਾਰ ਸਿੰਘ ਢੀਂਡਸਾ ਦਾ 'ਅਸੀਂ ਕਿੱਥੋਂ ਆਏ' ਹਿਗਜ ਬੋਸੋਨ ਬਹੁਤ ਵਧੀਆ ਸੀ। ਇਸ ਤੋਂ ਇਲਾਵਾ ਕੇਸ ਰਿਪੋਰਟ, ਹੱਡ ਬੀਤੀ, ਪਰਦਾਫਾਸ਼, ਕਾਰਸੇਵਾ ਵਾਲੇ ਬਾਬੇ ਦੀ ਕਰਾਮਾਤ, ਗੱਲ ਕੀ ਹਰ ਪ੍ਰਕਾਰ ਦਾ ਮੈਟਰ ਤਾਰੀਫ ਏ ਕਾਬਿਲ ਸੀ। ਇਸ ਰਸਾਲੇ ਵਿੱਚ ਦੋ ਚਾਰ ਸਫ਼ੇ ਬੱਚਿਆਂ ਲਈ ਅਤੇ ਬਾਲ ਲੇਖਕਾਂ ਦੀਆਂ ਕਿਰਤਾਂ ਲਈ ਹੋਣੇ ਚਾਹੀਦੇ ਹਨ।

ਅਵਤਾਰ ਸਿੰਘ ਭਗਤਾ, ਈ.ਟੀ.ਟੀ. ਅਧਿਆਪਕ

ਸਾਥੀਆਂ ਨੂੰ ਬੇਨਤੀ ਹੈ ਕਿ ਪੱਤਰ ਬਹੁਤ ਹੀ ਸੰਖੇਪ ਵਿੱਚ ਲਿਖੇ ਜਾਣ। ਥਾਂ ਦੀ ਘਾਟ ਕਾਰਣ ਅਸੀਂ ਕੁੱਝ ਪੱਤਰ ਛੱਡ ਰਹੇ ਹਾਂ, ਅਗਲੇ ਅੰਕ ਵਿੱਚ ਉਹ ਪਹਿਲ ਦੇ ਅਧਾਰ ਤੇ ਲਗਾਏ ਜਾਣਗੇ। ਅਭੈ ਸਿੰਘ, ਸਰਬਜੀਤ ਓਖਲਾ ਅਤੇ ਹਰਭਜਨ ਲੁਧਿਆਣਾ ਦੇ ਪ੍ਰਾਪਤ ਪੱਤਰ ਜ਼ਿਆਦਾ ਲੰਬੇ ਅਤੇ ਤਰਕਸ਼ੀਲ ਵਿੱਚ ਛਪੇ ਲੇਖਾਂ ਤੇ ਆਲੋਚਨਾਤਮਕ ਪ੍ਰਤੀਕਰਮ ਦੇ ਰੂਪ ਵਿੱਚ ਹਨ। ਅਗਲੇ ਅੰਕ ਵਿੱਚ ਇਨ੍ਹਾਂ ਨੂੰ ਜਵਾਬ ਸਹਿਤ ਛਾਪਿਆ ਜਾਵੇਗਾ।

ਪੇਸ਼ ਕਦਮੀਆਂ

ਫੈਡਰੇਸ਼ਨ ਆਫ ਇੰਡੀਅਨ ਰੈਸ਼ਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਡਾ. ਨਰਿੰਦਰ ਨਾਇਕ ਦੀ ਪੰਜਾਬ ਫੇਰੀ

ਪੰਜਾਬ ਵਿੱਚ ਪੰਜਾਬ ਸਟੇਟ ਕੌਂਸਲ ਆਫ ਸਾਇੰਸ ਐਂਡ ਤਕਨਾਲੋਜੀ ਦੇ ਸੱਦੇ ਤੇ ਵਿੱਦਿਅਕ ਸੰਸਥਾਵਾਂ ਵਿੱਚ ਵਿਗਿਆਨਕ ਵਿਚਾਰਧਾਰਾ ਵਿਕਸਿਤ ਕਰਨ ਦੇ ਮਕਸਦ ਨਾਲ ਵਰਕਸ਼ਾਪਾਂ, ਕੈਂਪ ਲਾਉਣ ਹਿੱਤ ਆਏ ਡਾ. ਨਾਇਕ ਨੇ ਪਟਿਆਲਾ ਵਿਖੇ ਜ਼ੋਨ ਪਟਿਆਲਾ ਵੱਲੋਂ ਬੰਗ ਮੀਡੀਆ ਸੈਂਟਰ, ਜੋਨ ਸੰਗਰੂਰ ਬਰਨਾਲਾ ਵੱਲੋਂ ਈਟਿੰਗ ਮਾਲ ਸੰਗਰੂਰ, ਮਾਝਾ ਜੋਨ ਵੱਲੋਂ ਵਿਰਸਾ ਵਿਹਾਰ ਅੰਮ੍ਰਿਤਸਰ ਅਤੇ ਜੋਨ ਲੁਧਿਆਣਾ ਵੱਲੋਂ ਗ਼ਦਰੀ ਬਾਬਾ ਭਾਨ ਸਿੰਘ ਯਾਦਗਾਰੀ ਹਾਲ ਸੁਨੇਤ (ਲੁਧਿਆਣਾ) ਵਿਖੇ ਰੱਖੇ ਸੈਮੀਨਾਰਾਂ ਨੂੰ ਸੰਬੋਧਨ ਕੀਤਾ।

ਪਟਿਆਲਾ ਵਿਖੇ ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਬਲਵਿੰਦਰ ਬਰਨਾਲਾ, ਸਰਕਾਰੀ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਮਨੋਰੋਗ ਵਿਭਾਗ ਮੁਖੀ ਡਾ. ਬਲਵੰਤ ਸਿੰਘ ਸਿੱਧੂ, ਸੂਬਾਈ ਆਗੂਆਂ ਹਰਚੰਦ ਭਿੰਡਰ, ਰਾਮ ਸਿੰਘ ਬੰਗ, ਸੁਖਵੰਤ ਬਰਨਾਲਾ, ਸਰਬਜੀਤ ਉਖਲਾ, ਜੋਨ ਪਟਿਆਲਾ ਮੁਖੀ ਰਾਮ ਕੁਮਾਰ, ਡਾ. ਸੁਖਰਿਸ਼ਪਾਲ ਕੌਰ ਨੇ ਵੀ ਸੰਬੋਧਨ ਕੀਤਾ। ਪ੍ਰੋਗਰਾਮ ਦਾ ਆਰੰਭ ਸ੍ਰੀ ਪਿਆਰਾ ਦੀਨ ਅਤੇ ਸੁਰਜੀਤ ਭੱਠਲ ਦੇ ਲੋਕਪੱਖੀ ਗੀਤਾਂ ਨਾਲ ਹੋਇਆ।

ਸੰਗਰੂਰ ਵਿੱਚ ਅਖੌਤੀ ਚਮਤਕਾਰੀ ਵਰਤਾਰਿਆਂ ਦੀ ਵਿਗਿਆਨਕ ਵਿਆਖਿਆ ਭਾਸ਼ਣ ਰਾਹੀਂ ਕਰਨ ਦੇ ਨਾਲ ਨਾਲ ਡਾ. ਨਾਇਕ ਨੇ ਇਨ੍ਹਾਂ ਦਾ ਪਰਦਾਫਾਸ਼ ਕਰਨ ਸੰਬੰਧੀ ਵੀਡੀਓ ਵੀ ਵਿਖਾਈਆ। ਇਸ ਮੌਕੇ ਸੂਬਾਈ ਆਗੂਆਂ ਬਲਵਿੰਦਰ ਬਰਨਾਲਾ, ਹਰਚੰਦ ਭਿੰਡਰ, ਬਲਬੀਰ ਚੰਦ ਲੌਂਗੋਵਾਲ, ਹਰਿੰਦਰ ਲਾਲੀ, ਹੇਮ ਰਾਜ ਸਟੈਨੋ, ਜੋਨ ਆਗੂਆਂ ਰਜਿੰਦਰ ਭਦੌੜ, ਲਾਭ ਸਿੰਘ ਛਾਜਲਾ, ਸੁਖਦੇਵ ਧੂਰੀ ਨੇ ਵੀ ਵਿਚਾਰ ਪੇਸ਼ ਕੀਤੇ। ਸਟੇਜ ਸੰਚਾਲਨ ਮਾਸਟਰ ਪਰਮਵੇਦ ਨੇ ਕੀਤਾ।

ਅੰਮ੍ਰਿਤਸਰ ਵਿਖੇ ਡਾ. ਨਾਇਕ ਦੀ ਸਮੂਲੀਅਤ ਲਈ ਕੀਤਾ ਗਿਆ ਸਮਾਗਮ ਸ਼ਹੀਦ ਭਗਤ ਸਿੰਘ ਅਤੇ ਗੁਰਸ਼ਰਨ ਭਾਅ ਨੂੰ ਸਮਰਪਿਤ ਸੀ। ਡਾ. ਪਰਮਿੰਦਰ ਸਿੰਘ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਲੋਕਪੱਖੀ ਰੰਗਮੰਚ ਦੇ ਨਾਇਕ ਗੁਰਸ਼ਰਨ ਸਿੰਘ ਨੇ ਲੋਕਪੱਖੀ ਸਮਾਜਿਕ ਤਬਦੀਲੀ ਲਿਆਉਣ ਲਈ ਮਿਹਨਤਕਸ਼ ਵਰਗ ਦੇ ਲੋਕਾਂ ਵਿੱਚ ਸੰਘਰਸ਼ਸ਼ੀਲ ਤਰਕਸ਼ੀਲ ਚੇਤਨਾ ਪੈਦਾਕਰਨ ਲਈ ਲਗਾਤਾਰ ਮੁਹਿੰਮ ਚਲਾਈ। ਇਸ ਮੌਕੇ ਸਟੇਟ ਕਮੇਟੀ ਮੈਂਬਰ ਹੇਮ ਰਾਜ ਸਟੈਨੋ, ਹਰਚੰਦ ਭਿੰਡਰ, ਸੁਖਵੰਤ ਬਰਨਾਲਾ, ਜੋਨ ਆਗੂ ਸੁਮੀਤ ਸਿੰਘ, ਮੁਖਵਿੰਦਰ ਚੋਹਲਾ ਨੇ ਸੰਬੋਧਨ ਕੀਤਾ।

ਇਸ ਮੌਕੇ ਜੋਨ ਆਗੂਆਂ ਮੁਖਤਿਆਰ ਗੁਪਾਲਪੁਰਾ, ਕੁਲਜੀਤ ਵੇਰਕਾ ਅਮਰਜੀਤ ਬਾਈ ਸਤਨਾਮ ਜੰਡਿਆਲਾ, ਡਾ. ਰਾਜਵੰਤ, ਗੁਰਸੇਵਕ ਨੋਸ਼ਹਿਰਾ ਪੰਨੂਆਂ, ਸੰਦੀਪ ਧਾਰੀਵਾਲ ਭੋਜਾ, ਜਸਬੀਰ ਫਾਜਲਪੁਰਾ, ਵਰਿੰਦਰ ਕੌਰ, ਡਾ. ਕਸ਼ਮੀਰ ਸਿੰਘ, ਕਾਮਰੇਡ ਲਖਬੀਰ ਨਿਜਾਮਪੁਰਾ, ਕਾਮਰੇਡ ਅਜੀਤ ਸਿੰਘ, ਜਸਪਾਲ ਸਿੰਘ, ਜਸਬੀਰ ਖਡੂਰ ਸਾਹਿਬ ਨਰਿੰਦਰ ਸੇਖਚੱਕ, ਮਾਸਟਰ ਅਵਤਾਰ ਸਿੰਘ, ਡਾ. ਮੋਹਨ, ਮਨਮੋਹਨ ਢਿੱਲੋਂ, ਜਸਬੀਰ ਪੱਟੀ, ਤਰਸੇਮ ਲਾਲ ਘੁੰਮਣ ਦੀਪ ਦਵਿੰਦਰ ਸੁਬੀਰ ਕੁਮਾਰ, ਮਾਸਟਰ ਪਿਆਰਾ ਸਿੰਘ, ਲਖਵਿੰਦਰ ਹਵੇਲੀਆਣਾ, ਲਖਵਿੰਦਰ ਗੋਪਾਲਪੁਰਾ, ਜਾਦੂਗਰ ਸੇਵਾ ਸਿੰਘ ਆਦਿ ਨੇ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕੀਤੀ।

ਲੁਧਿਆਣਾ ਵਿਖੇ ਹੋਏ ਪ੍ਰੋਗਰਾਮ ਵਿੱਚ ਸੂਬਾ ਆਗੂ ਬਲਵਿੰਦਰ ਬਰਨਾਲਾ, ਹੇਮ ਰਾਜ ਸਟੈਨੋ, ਜਸਵੰਤ ਜੀਰਖ, ਸੁਖਵੰਤ ਸਿੰਘ, ਹਰਿੰਦਰ ਲਾਲੀ ਨੇ ਵੀ ਸੰਬੋਧਨ ਕੀਤਾ। ਜਲੰਧਰ ਅਤੇ ਨਵਾਂ ਸ਼ਹਿਰ ਜੋਨ ਦੇ ਮੁੱਖੀ ਵੀ ਸ਼ਾਮਿਲ ਹੋਏ। ਸਟੇਜ ਸੰਚਾਲਨ ਜਸਵੰਤ ਜੀਰਖ ਅਤੇ ਦਲਵੀਰ ਕਟਾਣੀ ਨੇ ਕੀਤਾ।

ਰਾਮ ਸਿੰਘ, ਸੁਮੀਤ ਸਿੰਘ, ਸੁਖਦੇਵ ਧੂਰੀ,
ਸਤੀਸ਼ ਕੁਮਾਰ ਸਚਦੇਵਾ

ਇਕਾਈ ਫਾਜ਼ਿਲਕਾ

1. ਸ਼ੂਗਰ ਮਿਲ ਫਾਜ਼ਿਲਕਾ ਵਿੱਚ ਕਿਸਾਨ ਮੇਲੇ ਦੌਰਾਨ ਪ੍ਰਦਰਸ਼ਨੀ ਲਗਾਈ ਗਈ। ਜਿਸ ਵਿੱਚ ਭਗਤ ਸਿੰਘ ਚਿਮਣੇਵਾਲਾ ਦੁਆਰਾ ਟੂਣੇ ਤੋਂ ਚੁੱਕ ਕੇ ਲਿਆਂਦੇ ਨਾਰੀਅਲ ਅਤੇ ਕੱਪੜੇ ਆਦਿ ਵਿਸ਼ੇਸ਼ ਖਿੱਚ ਦਾ ਕੇਂਦਰ ਰਹੇ। ਲੋਕਾਂ ਨੂੰ ਟੂਣੇ ਦੇ ਪਿਛੋਕੜ ਬਾਰੇ ਜਾਣਕਾਰੀ ਦਿੱਤੀ ਗਈ। ਉਂਕਾਰ ਨਾਥ ਨੇ ਜਾਦੂ ਦੇ ਟ੍ਰਿਕ ਵਿਖਾਏ।

2. ਪਿੰਡ ਟਾਹਲੀਵਾਲਾ ਵਿੱਚ ਇੱਕ ਤਰਕਸ਼ੀਲ ਪ੍ਰੋਗਰਾਮ ਰੱਖਿਆ ਗਿਆ। ਇੱਥੇ ਪ੍ਰਚਾਰ ਦੀ ਨਵੀਂ ਵਿਧੀ ਵਰਤੀ ਗਈ। ਜੋ ਪਿਛਲੇ ਦਿਨੀਂ ਅਖਬਾਰਾਂ ਵਿੱਚ ਚਰਚਾ ਦਾ ਵਿਸ਼ਾ ਰਹਿਣ ਵਾਲੇ ਸਾਧ ਤੇ ਅਧਾਰਤ ਸੀ। ਭਗਤ ਸਿੰਘ ਚਿਮਨੇਵਾਲਾ ਨੇ ਸਟੇਜ਼ ਉੱਪਰ ਸੋਫੇ ਤੇ ਸਾਧ ਦਾ ਰੋਲ ਕੀਤਾ ਅਤੇ ਪਿੰਡ ਦੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ

ਤਰਕ ਦੇ ਅਧਾਰ ਤੇ ਕੀਤਾ। ਉਂਕਾਰ ਨਾਥ, ਪੱਤਰਕਾਰ ਰਾਮ ਚੰਦ, ਗੁਰਚਰਨ ਸੰਧੂ, ਮੰਦਿਰ ਬਰਾੜ, ਕਾਮਰੇਡ ਦੀਵਾਨ ਸਿੰਘ ਅਤੇ ਜ਼ੋਨ ਮੁਖੀ ਕੁਲਜੀਤ ਦਾ ਵਿਸੇਸ ਸਹਿਯੋਗ ਰਿਹਾ।

ਇਕਾਈ ਨੰਗਲ

ਨਹਿਰੂ ਯੁਵਾ ਕੇਂਦਰ ਰੋਪੜ ਦੇ ਸਹਿਯੋਗ ਨਾਲ ਉੱਘੇ ਨਾਟਕਕਾਰ ਗੁਰਸ਼ਰਨ ਸਿੰਘ ਅਤੇ 23 ਮਾਰਚ ਦੇ ਸ਼ਹੀਦਾਂ ਦੀ ਯਾਦ ਵਿੱਚ ਤਰਕਸ਼ੀਲ ਮੇਲਾ ਕਾਂਗੜਾ ਵੈਲਫੇਅਰ ਗਰਾਊਂਡ ਵਿੱਚ ਕਰਵਾਇਆ ਗਿਆ। ਕੇਂਦਰ ਦੇ ਪ੍ਰਧਾਨ ਸਤਵਿੰਦਰ ਸਿੰਘ ਭੰਗਲ ਨੇ ਮੇਲੇ ਦੀ ਰਸਮੀ ਸ਼ੁਰੂਆਤ ਕੀਤੀ। ਚਮਕੌਰ ਸਾਹਿਬ ਦੀ ਟੀਮ ਨੇ 'ਇਹ ਲਹੂ ਕਿਸਦਾ ਹੈ' ਅਤੇ 'ਪੰਡਤ ਬਲਾਕੀ ਰਾਮ' ਨਾਟਕ ਪੇਸ਼ ਕੀਤੇ। ਮੁਕੰਦ ਲਾਲ ਨਵਾਂ ਸ਼ਹਿਰ ਅਤੇ ਸੁਰਿੰਦਰ ਕਰੀਮਪੁਰੀ ਨੇ ਜਾਦੂ ਦੇ ਟ੍ਰਿਕ ਵਿਖਾਏ। ਸੂਬਾ ਆਗੂ ਬਲਵਿੰਦਰ ਬਰਨਾਲਾ ਨੇ ਸੰਬੋਧਨ ਕੀਤਾ, ਸਮਾਜ ਸੇਵਕ ਸ੍ਰੀ ਰਕੇਸ਼ ਨਈਅਰ ਨੇ ਇਕਾਈ ਵੱਲੋਂ ਕਲਾਕਾਰਾਂ, ਮੁੱਖ ਮਹਿਮਾਨ, ਮੁੱਖ ਬੁਲਾਰੇ ਐਸ.ਡੀ.ਓ. ਇੰਦਰਜੀਤ ਸਿੰਘ, ਉੱਘੇ ਪੱਤਰਕਾਰ ਬਲਜੀਤ ਬੱਲੀ ਅਤੇ ਕਵਿਤਾ ਪੇਸ਼ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ। ਸਟੇਜ ਸੰਚਾਲਨ ਮਾ. ਗੁਰਨਾਮ ਸਿੰਘ ਭੱਲੜੀ ਨੇ ਕੀਤਾ। ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਲਗਾਈ। ਇਕਾਈ ਮੁਖੀ ਭੁਪਿੰਦਰ ਸਿੰਘ ਪੰਛੀ ਨੇ ਸਭ ਦਾ ਧੰਨਵਾਦ ਕੀਤਾ। ਇਕਾਈ ਮੈਂਬਰ ਕੁਲਦੀਪ ਚੰਦ, ਰਕੇਸ਼ ਕੁਮਾਰ, ਸੋਹਣ ਲਾਲ, ਬਹਾਦਰ ਸਿੰਘ, ਰਾਮ ਪਾਲ ਪਾਲੀ, ਜਸਮੇਰ ਸਿੰਘ, ਗੁਰਜਿੰਦਰ ਸ਼ੰਕਰ, ਪਲਵਿੰਦਰ ਕੁਮਾਰ, ਡਾ. ਜਰਨੈਲ ਸਿੰਘ, ਨਾਟਕਕਾਰ ਫੁਲਵੰਤ ਸਿੰਘ ਮਨੋਚਾ, ਬਰਜੀਤ ਸਿੰਘ ਭੱਲੜੀ ਆਦਿ ਇਸ ਮੌਕੇ ਹਾਜ਼ਿਰ ਸਨ।

ਹਰਨੇਕ ਸਿੰਘ

ਇਕਾਈ ਸੰਘੋਲ

ਤਰਕਸ਼ੀਲ ਆਗੂ ਸਤਨਾਮ ਦਾਊ ਨੇ ਇਸਤਰੀ ਬਾਲ ਵਿਕਾਸ ਵਿਭਾਗ ਵੱਲੋਂ ਇਕਾਈ ਸੰਘੋਲ ਦੇ ਸਹਿਯੋਗ ਨਾਲ ਕਰਵਾਏ ਗਏ ਪ੍ਰੋਗਰਾਮ ਵਿੱਚ ਸ਼ਿਰਕਤ ਕੀਤੀ ਅਤੇ ਕਿਹਾ ਕਿ ਮਾਦਾ ਭਰੂਣ ਹੱਤਿਆ ਇੱਕ ਸ਼ਰਮਨਾਕ ਜੁਰਮ ਹੈ। ਸਾਥੀ ਜਗਵਿੰਦਰ ਪੱਪੀ, ਨਰਿੰਦਰ ਖੰਟ, ਕਮਲ ਸੋਹਾਵੀ ਨੇ ਆਪਣੇ ਵਿਚਾਰ ਪੇਸ਼ ਕੀਤੇ।

ਨਵਤੇਜ ਧੂੰਦਾ

ਮਾਝਾ ਜੋਨ

ਸ਼ੋਕ ਸਮਾਗਮ: ਮਾਝਾ ਜੋਨ ਦੇ ਤਰਕਸ਼ੀਲ ਆਗੂ ਪਰਮਜੀਤ ਖਿਲਚੀਆਂ ਦਾ ਸ਼ੋਕ ਸਮਾਗਮ ਬਿਨਾਂ ਕਿਸੇ ਧਾਰਮਿਕ ਜਾਂ ਰੂੜੀਵਾਦੀ ਰਸਮ ਕੀਤੇ ਖਿਲਚੀਆ (ਅੰਮ੍ਰਿਤਸਰ) ਵਿਖੇ ਹੋਇਆ। ਸੂਬਾਈ ਆਗੂ ਬਲਵਿੰਦਰ ਬਰਨਾਲਾ ਨੇ ਵਿਛੜੇ ਆਗੂ ਨੂੰ ਯਾਦ ਕਰਦਿਆਂ ਕਿਹਾ ਕਿ ਪਰਮਜੀਤ ਖਿਲਚੀਆ ਤਰਕਸ਼ੀਲ ਲਹਿਰ ਵਿੱਚ ਇਸ ਦੀ ਸਥਾਪਨਾ ਤੋਂ ਲੈ ਕੇ ਆਪਣੇ ਅੰਤਿਮ ਸਮੇਂ ਤੱਕ ਪੂਰੇ ਸਮਰਪਿਤ ਰਹੇ। ਉਹਨਾਂ ਦਾ ਸ਼ਰੀਰ ਮਰਨ ਉਪਰੰਤ ਖੋਜ ਕਾਰਜਾਂ ਲਈ ਪ੍ਰਦਾਨ ਕਰਕੇ ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਦੀ ਸੋਚ ਤੇ ਪਹਿਰਾ ਦਿੱਤਾ ਹੈ। ਇਸ ਮੌਕੇ ਸੂਬਾਈ ਆਗੂ ਹੇਮਰਾਜ ਸਟੈਨੋ, ਸੁਖਵੰਤ ਬਰਨਾਲਾ, ਜਸਵੰਤ ਜੀਰਖ ਤੋਂ ਇਲਾਵਾ ਜੋਨ ਆਗੂ ਸੁਮੀਤ ਸਿੰਘ, ਸੁਖਦੇਵ ਫਗਵਾੜਾ, ਜੋਗਿੰਦਰ ਗੋਪਾਲਪੁਰਾ, ਐਡਵੋਕੇਟ ਅਮਰਜੀਤ ਬਾਈ, ਕਿਸਾਨ ਆਗੂ ਕਾਮਰੇਡ ਗੁਰਨਾਮ ਦਾਉਦ, ਜਸਵੰਤ ਜਸ਼ ਪੱਤਰਕਾਰ, ਕਾਮਰੇਡ ਲਖਵੀਰ ਬਟਾਰੀ, ਅਧਿਆਪਕ ਆਗੂ ਜਰਮਨ ਜੀਤ ਅਤੇ ਹੋਰ ਸੈਂਕੜੇ ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਤਰਕਸ਼ੀਲ ਆਗੂ ਸ਼ਾਮਿਲ ਸਨ। ਪਰਿਵਾਰ ਵੱਲੋਂ ਡਾ. ਰਣਜੀਤ ਬਾਵਾ ਨੇ ਸਭ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਮੁਖਵਿੰਦਰ ਚੋਲਾ ਨੇ ਕੀਤਾ। ਸੂਬਾ ਕਮੇਟੀ ਵੱਲੋਂ ਪਰਿਵਾਰ ਦਾ ਸਨਮਾਨ ਕੀਤਾ ਗਿਆ ਅਤੇ ਤਰਨਤਾਰਨ ਇਕਾਈ ਨੇ ਤਰਕਸ਼ੀਲ ਸਾਹਿਤ ਦੀ ਪ੍ਰਦਰਸ਼ਨੀ ਲਾਈ।

ਇਕਾਈ ਗੁਰੂ ਹਰਸਹਾਏ

1. ਤਰਕਸ਼ੀਲ ਪ੍ਰੋਗਰਾਮ : 28 ਸਤੰਬਰ 2012 ਨੂੰ ਸ਼ਹੀਦੀ ਸਮਾਰਕ ਹੁਸੈਨੀਵਾਲਾ ਵਿਖੇ ਤਰਕਸ਼ੀਲ ਸਾਹਿਤ ਦੀ ਸਟਾਲ ਲਗਾਈ। ਅਵਤਾਰ ਦੀਪ ਅਤੇ ਪ੍ਰਵੀਨ ਜੰਡਵਾਲਾ ਨੇ ਲੋਕਾਂ ਨੂੰ ਭਗਤ ਸਿੰਘ ਦੀ ਸੋਚ ਬਾਰੇ ਜਾਣਕਾਰੀ ਦਿੱਤੀ। ਮਾਸਟਰ ਦਿਨੇਸ਼, ਪ੍ਰਵੀਨ ਮੇਘਾਰਾਏ, ਮਾਸਟਰ ਗੁਰਦੇਵ ਉਹਨਾਂ ਨਾਲ ਮੌਜੂਦ ਸਨ।

2. ਅਧਿਆਪਕ ਸੈਮੀਨਾਰ ਦੌਰਾਨ ਤਹਿਸੀਲ ਗੁਰੂ ਹਰਸਹਾਏ ਅਤੇ ਸਰਕਾਰੀ ਹਾਈ ਸਕੂਲ ਪਿੰਡੀ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕਰਦੇ ਹੋਏ ਮਾਸਟਰ ਜਗਜੀਤ ਚੁੱਘਾ ਨੇ ਅਧਿਆਪਕਾਂ ਨੂੰ ਪੜ੍ਹਾਉਣ ਸਮੇਂ ਤਰਕਸ਼ੀਲ ਵਿਧੀਆਂ ਅਪਨਾਉਣ ਲਈ ਪ੍ਰੇਰਿਤ ਕੀਤਾ। ਇਸ ਸਮੇਂ 1400 ਰੁਪਏ ਦਾ ਤਰਕਸ਼ੀਲ ਸਾਹਿਤ ਖਰੀਦ ਕੇ ਅਧਿਆਪਕ ਆਪਣੇ ਘਰਾਂ ਨੂੰ ਲੈ ਕੇ ਗਏ। ਪ੍ਰਵੀਨ ਮੇਘਾਰਾਏ ਨੇ ਪੁਸਤਕ ਪ੍ਰਦਰਸ਼ਨੀ ਲਗਾਈ।

ਇਕਾਈ ਭਦੌੜ

ਪੁਸਤਕ ਸਟਾਲ ਅਤੇ ਜਾਦੂ ਸ਼ੋਅ : ਭਿੰਡਰਕਲਾਂ ਅਤੇ ਨੰਗਲ ਵਿਖੇ

ਤਰਕਸ਼ੀਲ ਮੇਲੇ, ਫਰੀਦਕੋਟ ਵਿਖੇ ਪੁਸਤਕ ਮੇਲੇ ਅਤੇ ਮੋਗਾ ਤੇ ਬਾਘਾਪੁਰਾਣਾ ਵਿਖੇ ਸਕੂਲ ਮੈਨੇਜਮੈਂਟ ਕਮੇਟੀ ਦੀ ਮੀਟਿੰਗ ਸਮੇਂ ਲਗਾਏ ਪੁਸਤਕ ਸਟਾਲ ਤੇ ਕ੍ਰਮਵਾਰ 2000, 3000 ਅਤੇ 4000 ਰੁਪਏ ਦੇ ਤਰਕਸ਼ੀਲ ਸਾਹਿਤ ਦੀ ਵਿਕਰੀ ਹੋਈ। ਮੀਟਿੰਗਾਂ ਵਿੱਚ ਮਾ. ਰਾਜਿੰਦਰ ਭਦੌੜ ਨੇ ਜਾਦੂ ਦੇ ਸ਼ੋਅ ਪੇਸ਼ ਕੀਤੇ।ਮੈਗਜ਼ੀਨ ਦੇ 7 ਚੰਦੇ ਵੀ ਕੱਟੇ ਗਏ।

ਇਕਾਈ ਸੰਗਰੂਰ

ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਤੇ ਵਿਚਾਰ ਗੋਸ਼ਟੀ : 28 ਸਤੰਬਰ ਨੂੰ ਸ਼ਹੀਦ ਏ ਆਜ਼ਮ ਭਗਤ ਸਿੰਘ ਦੇ ਜਨਮ ਦਿਵਸ ਤੇ ਰੱਖੇ ਗਏ ਸਮਾਗਮ ਸਮੇਂ ਡੀ.ਈ.ਐੱਫ. ਦੇ ਸੂਬਾ ਆਗੂ ਸਵਰਨਜੀਤ ਸਿੰਘ, ਜਮਹੂਰੀ ਅਧਿਕਾਰ ਸਭਾ ਸੰਗਰੂਰ ਦੇ ਮੀਤ ਪ੍ਰਧਾਨ ਤਰਸੇਮ ਲਾਲ ਧੂਰੀ, ਡਾ. ਅਵਤਾਰ ਸਿੰਘ ਢੀਂਡਸਾ, ਨਰਦੇਵ ਸਿੰਘ, ਇਕਾਈ ਪ੍ਰਧਾਨ ਪਰਮਵੇਦ, ਅਵਿਨਾਸ਼ ਕੁਮਾਰ ਜੀ ਨੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਭਗਤ ਸਿੰਘ ਦੇ ਜੀਵਨ ਅਤੇ ਫਲਸਫੇ ਬਾਰੇ ਗੱਲ ਕੀਤੀ। ਤਰਕਸ਼ੀਲ ਆਗੂ ਲੈਕ. ਕ੍ਰਿਸ਼ਨ ਸਿੰਘ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਸਵਾਲ ਜਵਾਬ ਸੈਸ਼ਨ ਵਿੱਚ ਗੁਲਜਾਰ ਸਿੰਘ, ਧਨੀ ਰਾਮ, ਅਰਜਿੰਦਰ ਸਿੰਘ, ਚਮਕੌਰ ਸਿੰਘ, ਗੁਰਚਰਨ ਸਿੰਘ, ਸੁਖਦੇਵ ਸਿੰਘ ਸੇਖੋਂ, ਰਾਹੁਲ, ਕੁਲਵੰਤ ਅਕੋਈ, ਨਿਰਮਲ ਉਪਲੀ, ਗੁਰਪਿਆਰ ਉਪਲੀ, ਅਮਰੀਕ ਖੋਖਰ, ਮਨਧੀਰ ਸਿੰਘ, ਜਰਨੈਲ ਸਿੰਘ, ਸੁਰਿੰਦਰ ਕੌਰ, ਸੁਨੀਤਾ ਰਾਣੀ, ਗੁਰਪ੍ਰੀਤ ਕੌਰ, ਇਕਬਾਲ ਕੌਰ ਨੇ ਭਾਗ ਲਿਆ।

ਤਰਕਸ਼ੀਲ ਪ੍ਰੋਗਰਾਮ: ਇਕਾਈ ਆਗੂਆਂ ਮਾਸਟਰ ਪਰਮਵੇਦ, ਲੈਕ. ਕ੍ਰਿਸ਼ਨ ਸਿੰਘ, ਚਮਕੌਰ ਸਿੰਘ ਅਤੇ ਹਰਦੇਵ ਰਾਠੀ ਤੇ ਅਧਾਰਿਤ ਟੀਮ ਵੱਲੋਂ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਇਕ ਰੋਜ਼ਾ ਵਰਕਸ਼ਾਪ ਸਮੇਂ ਪਾਰੂਲ ਪੈਲੇਸ ਸੰਗਰੂਰ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਲੈਕ. ਕ੍ਰਿਸ਼ਨ ਸਿੰਘ, ਭਾਨ ਸਿੰਘ ਤੇ ਚਮਕੌਰ ਸਿੰਘ ਨੇ ਜਾਦੂ ਸ਼ੋਅ ਪੇਸ਼ ਕੀਤਾ।

ਪਰਮਵੇਦ, 94174-22349

ਇਕਾਈ ਮਲੇਰਕੋਟਲਾ-ਸੰਗਰੂਰ

ਦੋਵਾਂ ਇਕਾਈਆਂ ਵੱਲੋਂ ਸਾਂਝੇ ਤੌਰ ਤੇ ਮਲੇਰਕੋਟਲਾ ਵਿਖੇ ਸਕੂਲ ਮੈਨੇਜਮੈਂਟ ਕਮੇਟੀਆਂ ਦੀ ਇੱਕ ਰੋਜਾ ਵਰਕਸ਼ਾਪ ਸਮੇਂ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਮਾਸਟਰ ਪਰਮਵੇਦ ਨੇ ਇਸ ਸਮੇਂ ਸੰਬੋਧਨ ਕੀਤਾ। ਲੈਕ. ਕ੍ਰਿਸ਼ਨ ਸਿੰਘ ਨੇ ਜਾਦੂ ਸ਼ੋਅ ਪੇਸ਼ ਕੀਤਾ। ਇਕਾਈ ਮਲੇਰਕੋਟਲਾ ਦੇ ਆਗੂ ਲੈਕ. ਮੇਜਰ ਸਿੰਘ, ਡਾ. ਮਜੀਦ ਨੇ ਵੀ ਹਾਜਰੀਨ ਨੂੰ ਤਰਕਸ਼ੀਲ ਸੁਸਾਇਟੀ ਦੀ ਸਮਝ ਬਾਰੇ ਦੱਸਿਆ।

ਇਕਾਈ ਕੁਲਰੀਆਂ

ਇਸ ਇਕਾਈ ਵੱਲੋਂ ਇਨਕਲਾਬੀ ਕੇਂਦਰ ਪੰਜਾਬ ਅਤੇ ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਦੇ ਸਹਿਯੋਗ ਨਾਲ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਤੇ ਨਾਟਕ ਮੇਲਾ ਕਰਵਾਇਆ ਗਿਆ ਜਿਸ ਨੂੰ ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਬਲਵਿੰਦਰ ਬਰਨਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਨੌਜਵਾਨਾਂ ਤੇ ਤਿੰਨ ਤਰ੍ਹਾਂ ਦੇ ਹਮਲੇ ਕਰ ਰਹੀ ਹੈ - ਨਸ਼ਿਆਂ ਦੀ ਖੁੱਲੀ ਵਿਕਰੀ, ਅਸ਼ਲੀਲਤਾ ਦਾ ਟੀ.ਵੀ. ਚੈਨਲਾਂ ਤੇ ਪ੍ਰਚਾਰ ਅਤੇ ਆਸਥਾ ਦੇ ਨਾਮ ਥੱਲੇ ਅੰਧ ਵਿਸ਼ਵਾਸ਼ਾਂ ਵੱਲ ਮੋੜ। ਉਹਨਾਂ ਨੇ ਨੌਜਵਾਨਾਂ ਨੂੰ ਵਿਗਿਆਨਕ ਸੋਚ ਅਪਨਾਉਣ ਦਾ ਸੱਦਾ ਦਿੱਤਾ। ਇਸ ਮੌਕੇ ਸੁਸਾਇਟੀ ਦੇ ਜੋਨ ਆਗੂ ਅੰਮ੍ਰਿਤ ਰਿਸ਼ੀ, ਇਨਕਲਾਬੀ ਕੇਂਦਰ ਦੇ ਸੂਬਾ ਕਮੇਟੀ ਮੈਂਬਰ ਤਾਰਾ ਚੰਦ ਬਰੇਟਾ, ਮੈਡੀਕਲ ਪ੍ਰੈਕ. ਐਸੋਸੀਏਸ਼ਨ ਦੇ ਆਗੂ ਤਾਰਾ ਚੰਦ ਭਾਵਾ, ਗਿਆਨ ਚੰਦ ਅਜ਼ਾਦ ਨੇ ਵੀ ਸੰਬੋਧਨ ਕੀਤਾ। ਪ੍ਰੋਗਰਾਮ ਦੀ ਸਫਲਤਾ ਵਿੱਚ ਵਧਾਵਾ ਸਿੰਘ, ਜਸਵੀਰ ਸਿੰਘ, ਜਗਸੀਰ ਸਿੰਘ, ਕਾਲਾ ਟੇਲਰ, ਤਰਸੇਮ ਸਿੰਘ, ਲਾਭ ਬੱਪੀਆਣਾ, ਛਿੰਦਾ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ। ਕਿਤਾਬਾਂ ਦੀ ਸਟਾਲ ਦੀ ਜਿੰਮੇਵਾਰੀ ਲਾਡੀ ਸਿੰਘ ਅਤੇ ਪ੍ਰਿਤਪਾਲ ਨੇ ਨਿਭਾਈ। ਸਟੇਜ ਸੰਚਾਲਨ ਭੀਮ ਮੰਡੇਰ ਅਤੇ ਅਮਨ ਕੁਲਰੀਆਂ ਨੇ ਕੀਤਾ। ਇਕਾਈ ਮੁੱਖੀ ਦਰਸ਼ਨ ਅਜ਼ਾਦ ਨੇ ਸਭ ਦਾ ਧੰਨਵਾਦ ਕੀਤਾ।

ਅਮਨ ਕੁਲਰੀਆਂ

ਇਕਾਈ ਲੌਂਗੋਵਾਲ

ਤਰਕਸ਼ੀਲ ਪ੍ਰੋਗਰਾਮ : ਸਕੂਲ ਮੈਨੇਜਮੈਂਟ ਕਮੇਟੀਆਂ ਦੀ ਇਕ ਰੋਜਾ ਸਿਖਲਾਈ ਵਰਕਸ਼ਾਪ ਸਮੇਂ ਚੀਮਾਂ ਵਿਖੇ ਤਰਕਸ਼ੀਲ ਪ੍ਰੋਗਰਾਮ ਪੇਸ਼ ਕੀਤਾ ਗਿਆ। ਬਿੰਦਰ ਧਨੌਲਾ ਨੇ ਜਾਦੂ ਦੇ ਟ੍ਰਿਕ ਪੇਸ਼ ਕੀਤੇ।

ਬੀਰਬਲ ਸਿੰਘ

ਇਕਾਈ ਧੂਰੀ

ਮੌਤ ਉਪਰੰਤ ਸਤਿਕਾਰ ਸਮਾਗਮ : ਇਕਾਈ ਧੂਰੀ ਦੇ ਸਰਪ੍ਰਸਤ ਲਾਲ ਸਿੰਘ ਜਹਾਂਗੀਰ ਦੀ ਯਾਦ ਵਿੱਚ ਇਕੱਤਰ ਇਕੱਠ ਨੂੰ ਸੂਬਾ ਕਾਨੂੰਨ ਵਿਭਾਗ ਮੁੱਖੀ ਹਰਿੰਦਰ ਲਾਲੀ ਨੇ ਸੰਬੋਧਨ ਕੀਤਾ। ਪਰਿਵਾਰ ਵੱਲੋਂ ਪ੍ਰੋ. ਪਰਮਜੀਤ ਸਿੰਘ ਮਡਾਹਰ ਨੇ ਸਭ ਦਾ ਧੰਨਵਾਦ ਕੀਤਾ। ਇਕਾਈ ਧੂਰੀ ਦੇ ਮੁਢਲੇ ਮੈਂਬਰ ਬਾਬੂ ਸਿੰਘ ਮੋਮੀ ਦੇ ਸਤਿਕਾਰ ਯੋਗ ਪਿਤਾ ਬਚਨ ਸਿੰਘ ਪਿਛਲੇ ਦਿਨੀਂ ਸਦੀਵੀਂ ਵਿਛੋੜਾ ਦੇ ਗਏ। ਸਤਿਕਾਰ ਸਮਾਗਮ ਨੂੰ ਮੀਡੀਆ ਵਿਭਾਗ ਮੁਖੀ (ਜ਼ੋਨ ਬਰਨਾਲਾ-ਸੰਗਰੂਰ)

ਸੁਖਦੇਵ ਧੂਰੀ ਨੇ ਸੰਬੋਧਨ ਕੀਤਾ।

ਸੁਖਦੇਵ ਧੂਰੀ

ਜੋਨ ਅਤੇ ਯੂਨਿਟ ਲੁਧਿਆਣਾ

1. ਸਰਵ ਸਿੱਖਿਆ ਅਭਿਆਨ ਸਕੀਮ ਅਧੀਨ ਕਰਵਾਏ ਗਏ ਸਕੂਲ ਪ੍ਰਬੰਧਕੀ ਕਮੇਟੀਆਂ ਦੇ ਪ੍ਰੋਗਰਾਮਾਂ ਵਿੱਚ ਲੁਧਿਆਣਾ ਜ਼ਿਲ੍ਹੇ ਦੇ 6 ਬਲਾਕਾਂ ਵਿੱਚ ਤਕਰਸ਼ੀਲ ਸੁਸਾਇਟੀ ਵੱਲੋਂ ਸਮਾਜ ਵਿੱਚ ਨਿਭਾਏ ਜਾ ਰਹੇ ਰੋਲ ਬਾਰੇ ਵਿਆਖਿਆ ਸਹਿਤ ਜਾਣਕਾਰੀ ਦਿੱਤੀ ਗਈ। ਸੂਬਾ ਆਗੂ ਜਸਵੰਤ ਜੀਰਖ, ਯੂਨਿਟ ਆਗੂ ਮੋਹਣਜੀਤ ਥਰੀਕੇ ਨੇ ਸੰਬੋਧਨ ਕੀਤਾ। ਪੰਚਾਇਤੀ ਮੋਹਤਬਰ ਲੋਕਾਂ ਵੱਲੋਂ ਤਰਕਸ਼ੀਲ ਮੈਗਜ਼ੀਨ ਲਈ ਸਲਾਨਾ ਚੰਦੇ ਵੀ ਭਰੇ ਗਏ।

2. ਲੁਧਿਆਣਾ ਦੇ ਮੁਹੱਲਾ ਕੈਲਾਸ਼ ਨਗਰ ਵਿੱਚ ਮੁਹੱਲਾ ਸੁਧਾਰ ਸਭਾ ਅਤੇ ਨੌਜਵਾਨ ਸਭਾ ਵੱਲੋਂ ਕਰਵਾਏ ਤਰਕਸ਼ੀਲ ਪ੍ਰੋਗਰਾਮ ਵਿੱਚ ਜੋਨ ਮੁਖੀ ਦਲਬੀਰ ਕਟਾਣੀ, ਲੁਧਿਆਣਾ ਇਕਾਈ ਮੁੱਖੀ ਸਤੀਸ਼ ਸੱਚਦੇਵਾ, ਮੋਹਣਜੀਤ ਥਰੀਕੇ, ਪ੍ਰਿੰਸੀਪਲ ਹਰਭਜਨ ਸਿੰਘ ਨੇ ਲੋਕਾਂ ਨੂੰ ਤਰਕਸ਼ੀਲ ਸੋਚ ਅਪਨਾਉਣ ਦਾ ਸੱਦਾ ਦਿੱਤਾ। ਖੇਤੀਬਾੜੀ ਯੂਨੀ. ਵਿਖੇ ਲੱਗੇ ਦੋ ਦਿਨਾਂ ਕਿਸਾਨ ਮੇਲੇ ਦੌਰਾਨ ਤਰਕਸ਼ੀਲ ਸਾਹਿਤ ਦੀ ਸਟਾਲ ਲਗਾਉਣ ਵਿੱਚ ਲੁਧਿਆਣਾ ਯੂਨਿਟ ਵੱਲੋਂ ਵਿਸ਼ੇਸ਼ ਰੋਲ ਨਿਭਾਇਆ ਗਿਆ। ਜੋਨ ਲੁਧਿਆਣਾ ਦੀਆਂ ਇਕਾਈਆਂ ਜਗਰਾਉਂ, ਮਲੇਰਕੋਟਲਾ, ਸੁਧਾਰ, ਸਾਹਨੇਵਾਲ ਦੇ ਆਗੂਆਂ ਸੁਖਦੇਵ ਸਿੰਘ, ਮੁਜੀਦ ਮੁਹੰਮਦ ਅਜਾਦ, ਮੋਹਣ ਬਡਲਾ, ਮਾ: ਕਰਨੈਲ ਸਿੰਘ, ਮਾ: ਬਲਦੇਵ ਸਿੰਘ, ਜੋਨ ਮੁੱਖੀ ਦਲਬੀਰ ਕਟਾਣੀ, ਰਜਿੰਦਰ ਜੰਡਿਆਲੀ, ਲੁਧਿਆਣਾ ਇਕਾਈ ਦੇ ਜਸਵੰਤ ਜੀਰਖ, ਸਤੀਸ਼ ਸੱਚਦੇਵਾ, ਆਤਮਾ ਸਿੰਘ, ਪ੍ਰਿੰਸੀਪਲ (ਰਿ:) ਹਰਭਜਨ ਸਿੰਘ, ਸੁਖਵਿੰਦਰ ਲੀਲ, ਮੋਹਣਜੀਤ ਥਰੀਕੇ, ਹਰਚੰਦ ਸਿੰਘ ਵੱਲੋਂ ਆਪਣੀ ਜੁੰਮੇਵਾਰੀ ਨਿਭਾਈ ਗਈ। ਇਸ ਦੌਰਾਨ ੧੦੦ ਤੋਂ ਵੱਧ ਮੈਗਜ਼ੀਨ ਚੰਦੇ ਅਤੇ ਵੱਡੀ ਗਿਣਤੀ ਵਿੱਚ ਤਰਕਸ਼ੀਲ ਕਿਤਾਬਾਂ ਦੀ ਵਿਕਰੀ ਹੋਈ। ਇਸ ਦੌਰਾਨ ਮੈਗਜ਼ੀਨ ਤਰਕਸ਼ੀਲ ਦੀ ਇਕ ਵੀ ਕਾਪੀ ਨਹੀਂ ਬਚੀ। ਨਵੇਂ ਪੁਰਾਣੇ ਜਿੰਨੇ ਵੀ ਮੈਗਜ਼ੀਨ ਸਟਾਲ ਤੇ ਰੱਖੇ ਗਏ ਉਹ ਸਾਰੇ ਹੀ ਲੋਕ ਹੱਥੋਂ ਹੱਥੀ ਲੈ ਗਏ।

ਸਤੀਸ਼ ਕੁਮਾਰ ਸਚਦੇਵਾ

ਜਥੇਬੰਦਕ ਮੁੱਖੀ ਲੁਧਿਆਣਾ ਇਕਾਈ

ਇਕਾਈ ਮੁਕਤਸਰ-ਲੱਖੇਵਾਲੀ: ਤਰਕਸ਼ੀਲ ਮੇਲਾ ਮਾਂਗਟ ਕੇਰ: ਇਸ ਇਕਾਈ ਦੇ ਸਹਿਯੋਗ ਨਾਲ ਪਿੰਡ ਮਾਂਗਟਕੇਰ ਵਿਖੇ 13 ਸਤੰਬਰ ਨੂੰ ਪਿੰਡ ਦੇ ਯੂਥ ਕਲੱਬ ਵੱਲੋਂ ਤਰਕਸ਼ੀਲ ਨਾਟਕ ਮੇਲਾ ਕਰਵਾਇਆ ਗਿਆ, ਜਿਸ ਵਿੱਚ ਨਾਟਕ ਤੇ ਗੀਤ-ਸੰਗੀਤ ਦਾ ਪ੍ਰੋਗਰਾਮ ਹੋਇਆ। ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੀ ਨਾਟਕ ਟੀਮ ਵੱਲੋਂ ਗੁਰਸ਼ਰਨ ਭਾਅ ਜੀ ਦੇ ਲਿਖੇ ਨਾਟਕਾਂ ਦਾ ਇਕੱਤਰ ਸਿੰਘ ਦੀ ਨਿਰਦੇਸ਼ਨਾ ਹੇਠ ਸਫ਼ਲ ਮੰਚਨ ਕੀਤਾ ਗਿਆ। 'ਇਹ ਲਹੂ ਕਿਸ ਦਾ ਹੈ', 'ਤਮਾਸ਼ਾ-ਏ-ਹਿੰਦੁਸਤਾਨ' ਤੇ 'ਸਰਪੰਚਣੀ' ਨਾਟਕਾਂ ਨੇ ਦਰਸ਼ਕਾਂ ਨੂੰ ਹਲੂਣਿਆ। ਲੋਕ ਸੰਗੀਤ ਮੰਡਲੀ ਜੀਦਾ ਦੇ ਕਲਾਕਾਰਾਂ ਨੇ ਲੋਕ ਪੱਖੀ ਬੋਲੀਆਂ ਤੇ ਗੀਤਾਂ ਦਾ ਰੰਗ ਬਖ਼ੇਰਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਰਾਮ ਸਵਰਨ ਲੱਖੇਵਾਲੀ ਨੇ ਨਿਭਾਈ। ਇਸ ਮੌਕੇ ਤਰਸੇਮ ਲਾਲ ਵੱਲੋਂ ਤਰਕਸ਼ੀਲ ਪੁਸਤਕਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ।

ਤਰਕਸ਼ੀਲ ਮੇਲਾ ਖ਼ੋਖਰ: ਇਸ ਇਕਾਈ ਵੱਲੋਂ 14 ਸਤੰਬਰ ਦੀ ਰਾਤ ਨੂੰ ਨਾਟਕਕਾਰ ਗੁਰਸ਼ਰਨ ਸਿੰਘ ਦੀ ਯਾਦ ਪਿੰਡ ਖ਼ੋਖਰ ਵਿਖੇ ਨਾਟਕ ਮੇਲਾ ਕਰਵਾਇਆ ਗਿਆ। ਇਸ ਇਕਾਈ ਦੇ ਤਰਕਸ਼ੀਲ ਮੈਂਬਰ ਪਰਮਿੰਦਰ ਖ਼ੋਖਰ, ਚੂਹੜ ਭਲਵਾਨ, ਅੰਗਰੇਜ਼ ਸਿੰਘ ਮੰਦਰ ਤੇ ਗੁਰਮੀਤ ਸਿੰਘ ਖ਼ੋਖਰ ਦੇ ਸਹਿਯੋਗ ਨਾਲ ਕਰਵਾਏ ਗਏ ਭਰਵੇਂ ਨਾਟਕ ਮੇਲੇ ਵਿੱਚ ਚੰਡੀਗੜ੍ਹ ਸਕੂਲ ਆਫ਼ ਡਰਾਮਾ ਦੀ ਨਾਟਕ ਟੀਮ ਵੱਲੋਂ ਨਾਟਕਾਂ ਦਾ ਮੰਚਨ ਕੀਤਾ ਗਿਆ। ਤਰਕਸ਼ੀਲ ਆਗੂ ਰਾਜਿੰਦਰ ਭਦੌੜ ਦੀ ਭਾਵਪੂਰਤ ਤਕਰੀਰ ਨੂੰ ਦਰਸ਼ਕਾਂ ਨੇ ਬਹੁਤ ਗਹੁ ਨਾਲ ਸੁਣਿਆ। ਦੇਰ ਰਾਤ ਤੱਕ ਚੱਲੇ ਇਸ ਮੇਲੇ ਵਿੱਚ ਵੱਡੀ ਗਿਣਤੀ ਔਰਤਾਂ ਦੀ ਹੈ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਰਾਮ ਸਵਰਨ ਲੱਖੇਵਾਲੀ ਨੇ ਨਿਭਾਈ।

ਬੂਟਾ ਸਿੰਘ ਵਾਕਫ਼।

ਇਕਾਈ ਕਾਲਾਂਵਾਲੀ: ਸਕੂਲਾਂ 'ਚ ਨਾਟਕਾਂ ਦਾ ਮੰਚਨ: ਇਸ ਇਕਾਈ ਵੱਲੋਂ 11 ਸਤੰਬਰ 2012 ਨੂੰ ਨਾਟਕਕਾਰ ਗੁਰਸ਼ਰਨ ਸਿੰਘ ਤੇ ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਸਰਕਾਰੀ ਸੈਕੰਡਰੀ ਸਕੂਲ ਸੁਖਚੈਨ, ਕਾਲਾਂਵਾਲੀ ਤੇ ਔਢਾਂ ਵਿਖੇ ਪੀਪਲਜ਼ ਥੀਏਟਰ ਲਹਿਰਾਗਾਗਾ ਦੇ ਨਾਟਕ ਕਰਵਾਏ ਗਏ। ਨਾਟਕ ਟੀਮ ਵੱਲੋਂ ਸੈਮੂਅਲ ਜੌਨ ਦੀ ਨਿਰਦੇਸ਼ਨਾਂ ਹੇਠ 'ਕਿਰਤੀ' ਤੇ 'ਬਾਗਾਂ ਦਾ ਰਾਖਾ' ਨਾਟਕਾਂ ਦਾ ਸਫ਼ਲ ਮੰਚਨ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਵੱਲੋਂ ਪੁਸਤਕਾਂ ਦੇ ਸਟਾਲ ਲਗਾਏ ਗਏ। ਪ੍ਰੋਗਰਾਮਾਂ ਦੀ ਸਫ਼ਲਤਾ ਲਈ ਮਾਸਟਰ ਸ਼ਮਸ਼ੇਰ ਸਿੰਘ, ਜਗਦੀਸ਼ ਸਿੰਘਪੁਰਾ, ਨਰੇਸ਼ ਮਹੇਸ਼ਰੀ ਪੱਤਰਕਾਰ, ਮਾਸਟਰ ਦਰਸ਼ਨ ਸਿੰਘ ਤੇ ਅਜਾਇਬ ਜਲਾਲਆਣਾ ਨੇ ਭਰਵਾਂ ਸਹਿਯੋਗ ਦਿੱਤਾ।

ਤਰਕਸ਼ੀਲ ਪ੍ਰੋਗਰਾਮ ਮੱਲੇਕਾ: ਇਕਾਈ ਵੱਲੋਂ ਪਿੰਡ ਦੇ ਯੁਵਾ ਕਲੱਬ

ਦੇ ਸਹਿਯੋਗ ਨਾਲ ਲੜਕੀਆਂ ਦੇ ਹਾਈ ਸਕੂਲ ਮੱਲੇਕਾ ਵਿਖੇ ਤਰਕਸ਼ੀਲ ਪ੍ਰੋਗਰਾਮ ਕੀਤਾ ਗਿਆ। ਤਰਕਸ਼ੀਲਾਂ ਵੱਲੋਂ ਜਾਦੂ ਦੇ ਦਿਲਚਸਪ ਖੇਲ ਵਿਖਾਉਣ ਦੇ ਨਾਲ-ਨਾਲ ਤਰਕਸ਼ੀਲ ਵਿਚਾਰਧਾਰਾ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ ਗਈ। ਪ੍ਰੋਗਰਾਮ ਦੀ ਸਫ਼ਲਤਾ ਲਈ ਰਾਜਿੰਦਰ ਜੋਧਪੁਰੀਆ ਤੇ ਕੁਲਦੀਪ ਬਰਾੜ ਨੇ ਵੀ ਭਰਵਾਂ ਸਹਿਯੋਗ ਦਿੱਤਾ। ਤਰਕਸ਼ੀਲ ਪ੍ਰੋਗਰਾਮ ਉਪਰੰਤ ਪੁਸਤਕਾਂ ਦੀ ਸਟਾਲ ਤੋਂ ਸਾਹਿਤ ਦੇ ਨਾਲ-ਨਾਲ ਤਰਕਸ਼ੀਲ ਮੈਗਜ਼ੀਨ ਦੇ 10 ਚੰਦੇ ਵੀ ਕੱਟੇ ਗਏ।ਪ੍ਰੋਗਰਾਮ ਬੇਹੱਦ ਸਫ਼ਲ ਰਿਹਾ।

ਅਜਾਇਬ ਜਲਾਲਆਣਾ

ਮਾਝਾ ਜੋਨ

ਸਕੂਲ ਮੈਨੇਜਮੈਂਟ ਕਮੇਟੀ ਸਿਖਲਾਈ ਕੈਂਪਾਂ ਵਿੱਚ ਤਰਕਸੀਲ ਪ੍ਰੋਗਰਾਮ: ਸਰਵ ਸਿੱਖਿਆ ਅਭਿਆਨ ਤਹਿਤ ਸਕੂਲ ਮੈਨੇਜਮੈਂਟ ਕਮੇਟੀਆਂ ਲਈ ਲਾਏ ਗਏ ਸਿਖਲਾਈ ਕੈਂਪਾਂ ਵਿੱਚ ਅੰਮ੍ਰਿਤਸਰ ਤੇ ਤਰਨਤਾਰਨ ਇਕਾਈਆਂ ਵੱਲੋਂ ਸਮੂਹ ਬਲਾਕਾਂ ਵਿੱਚ ਵਿਗਿਆਨਕ ਚੇਤਨਾ ਭਰਪੂਰ ਪ੍ਰੋਗਰਾਮ ਪੇਸ਼ ਕੀਤੇ ਗਏ। ਅੰਮ੍ਰਿਤਸਰ, ਅਜਨਾਲਾ, ਚੋਗਾਵਾਂ, ਮਜੀਠਾ, ਰਈਆ, ਤਰਿਸ਼ਕਾ, ਵੇਰਕਾ ਦੇ 16 ਬਲਾਕਾਂ ਵਿਚਲੇ ਸਿਖਲਾਈ ਕੈਂਪਾਂ ਦੇ ਸਰੋਤਿਆਂ ਨੂੰ ਤਰਕਸ਼ੀਲ ਆਗੂਆਂ ਸੁਮੀਤ ਸਿੰਘ, ਮੇਜਰ ਸਿੰਘ ਤੇ ਮਾਸਟਰ ਕਰਨ ਰਾਜ ਨੇ ਸੰਬੋਧਨ ਕੀਤਾ। ਤਰਕਸ਼ੀਲ ਜਾਦੂਗਰ ਮਾਸਟਰ ਕੁਲਜੀਤ ਵੇਰਕਾ ਤੇ ਸੁਰਜਨ ਅਦਲੀਵਾਲ ਵੱਲੋਂ ਹੱਥ ਦੀ ਸਫਾਈ ਦੇ ਟ੍ਰਿਕ ਵਿਖਾਏ ਗਏ। ਤਰਨਤਾਰਨ ਇਕਾਈ ਵੱਲੋਂ ਵੀ ਤਰਨਤਾਰਨ ਭਿਖੀ ਵਿੰਡ ਪੱਟੀ, ਜੰਡਿਆਲਾ, ਨੌਸ਼ਹਿਰਾ ਪੰਨੂਆ, ਸਰਹਾਲੀ ਖਡੂਰ ਸਾਹਿਬ ਦੇ ੯ ਬਲਾਕਾਂ ਵਿੱਚ ਇਸੇ ਤਰਜ ਉੱਤੇ ਪ੍ਰੋਗਰਾਮ ਪੇਸ਼ ਕੀਤੇ ਗਏ ਜਿੰਨ੍ਹਾਂ ਵਿੱਚ ਡਾ. ਰਾਜਵੰਤ ਬਾਗੜੀਆ, ਮਾਸਟਰ ਤਸਵੀਰ ਸਿੰਘ, ਤਰਸੇਮ ਸਿੰਘ ਲਾਲੂ ਘੁੰਮਣ, ਸਤਨਾਮ ਜੰਡਿਆਲਾ, ਨਰਿੰਦਰ ਸੇਖ ਚੱਕ, ਗੁਰਸੇਵਕ ਨੌਸ਼ਹਿਰਾ ਪੰਨੂਆਂ ਆਦਿ ਤਰਕਸ਼ੀਲ ਆਗੂਆਂ ਨੇ ਸੰਬੋਧਨ ਕੀਤਾ।

ਖਾਲੜਾ ਵਿਖੇ ਤਰਕਸ਼ੀਲ ਮੇਲਾ: ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ ਤੇ ਜ਼ਿਲ੍ਹਾ ਤਰਨਤਾਰਨ ਦੇ ਸਰਹਦੀ ਕਸਬਾ ਖਾਲੜਾ ਵਿਖੇ ਮਾਝਾ ਜੋਨ ਵੱਲੋਂ ਤਰਕਸ਼ੀਲ ਮੇਲਾ ਕਰਵਾਇਆ ਗਿਆ। ਮੇਲੇ ਵਿੱਚ ਨਸ਼ਿਆਂ ਦੀ ਬੁਰਾਈ ਨੂੰ ਉਜਾਗਰ ਕਰਦਾ ਨਾਟਕ 'ਮਿੱਟੀ ਰੁਦਨ ਕਰੇ' ਲੋਕ ਮੰਚ ਮੁਲਾਪੁਰ ਦਾਖਾ ਵੱਲੋਂ ਪੇਸ਼ ਕੀਤਾ ਗਿਆ। ਇਸੇ ਟੀਮ ਵੱਲੋਂ ਘੋੜੀ ਭਗਤ ਸਿੰਘ ਅਤੇ 'ਮੇਰੇ ਪਿੰਡ ਦੀਆਂ ਕੁੜੀਆਂ' ਕੋਰੀਉਗ੍ਰਾਫੀਆਂ ਵੀ ਪੇਸ਼ ਕੀਤੀਆਂ ਗਈਆਂ ਸੇਵਾ ਸਿੰਘ ਤਰਕਸ਼ੀਲ ਜਾਦੂਗਰ ਨੇ ਟ੍ਰਿਕ ਪੇਸ਼ ਕੀਤੇ। ਨਰਿੰਦਰ ਸਿੰਘ ਸ਼ੇਖਚੱਕ ਨੇ ਸੰਬੋਧਨ ਕੀਤਾ। ਮੇਲੇ ਦੀ ਸ਼ੁਰੂਆਤ ਸੰਜੀਵ ਬਾਗੜੀਆ ਨੇ ਅੱਖਾਂ ਤੇ ਪੱਟੀ ਬੰਨ ਕੇ ਪਿੰਡ ਵਿੱਚ ਮੋਟਰਸਾਇਕਲ ਚਲਾਉਣ ਨਾਲ ਕੀਤੀ। ਗੁਰਸੇਵ ਸਿੰਘ ਨੌਸ਼ਹਿਰਾ ਪੰਨੂਆਂ ਨੇ ਤਰਕਸ਼ੀਲ ਕਿਤਾਬਾਂ ਦਾ ਸਟਾਲ ਤੇ ਪ੍ਰਦਰਸ਼ਨੀ ਲਾਈ। ਮੇਲੇ ਵਿੱਚ ਵਿਸ਼ੇਸ਼ ਤੌਰ ਤੇ ਪਿੰਡ ਤੇ ਡਾ. ਜਸਪਾਲ ਸਿੰਘ, ਪ੍ਰੇਮ ਧਵਨ, ਪਿਆਰਾ ਸਿੰਘ, ਪ੍ਰਗਟ ਸਿੰਘ, ਜਸਬੀਰ ਸਿੰਘ ਨੇ ਸਹਿਯੋਗ ਦਿੱਤਾ।

ਮੁਖਵਿੰਦਰ ਸਿੰਘ ਚੋਹਲਾ, ਤਰਨਤਾਰਨ

ਇਕਾਈ ਬਠਿੰਡਾ : ਅਖੌਤੀ ਅਜ਼ਾਦੀ ਦਿਵਸ 15 ਅਗਸਤ ਮੌਕੇ ਸਰਕਾਰੀ ਸੀਨੀ. ਸਕੂਲ ਜੰਗੀਰਾਣਾ (ਬਠਿੰਡਾ) ਵਿਖੇ ਤਰਕਸ਼ੀਲ ਪ੍ਰੋਗਰਾਮ ਦੌਰਾਨ ਹਾਜਰ ਵਿਦਿਆਰਥੀਆਂ ਅਤੇ ਪਹੁੰਚੇ ਪਿੰਡ ਨਿਵਾਸੀਆਂ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮਿਸ਼ਨ, ਲੋਕ ਪੱਖੀ ਕਾਰਜਾਂ ਅਤੇ ਦੰਭੀਆਂ ਨੂੰ ਚੁਣੌਤੀ ਬਾਰੇ ਸੰਖੇਪ ਜਾਣਕਾਰੀ ਰਾਮ ਸਿੰਘ ਨਿਰਮਾਣ ਚੁੱਘੇ ਕਲਾਂ ਜਥੇਬੰਦਕ ਮੁਖੀ ਇਕਾਈ ਬਠਿੰਡਾ ਨੇ ਦਿੱਤੀ। ਹੱਥ ਦੀ ਸਫਾਈ ਦੇ ਹੈਰਾਨੀਕੁੰਨ ਜਾਦੂ ਟਰਿਕ ਸੁਖਦੇਵ ਮੁਲਕਪੁਰਾ ਤੇ ਸਾਥੀ ਨੇ ਪੇਸ਼ ਕੀਤੇ। ਜੋਨਲ ਜਥੇਬੰਦਕ ਮੁਖੀ ਰਣਜੀਤ ਸਿੰਘ ਬਠਿੰਡਾ ਨੇ ਵਿਦਿਆਰਥੀਆਂ ਨੂੰ ਸਬੋਧਨ ਕੀਤਾ। ਜਗਸੀਰ ਜੀਦਾ ਵੱਲੋਂ ਤਰਕਸ਼ੀਲ ਗੀਤ ਅਤੇ ਵਿਅੰਗਮਈ ਟੱਪੇ ਪੇਸ਼ ਕੀਤੇ ਗਏ। ਤਰਕਸ਼ੀਲ ਪੁਸਤਕ ਸਟਾਲਾਂ ਅਤੇ ਪੋਸਟ ਪ੍ਰਦਰਸ਼ਨੀ ਮਾ. ਗਿਆਨ ਸਿੰਘ ਹਰਨੇਕ ਸਿੰਘ ਅਤੇ ਬਿਕਰਮਜੀਤ ਸਿੰਘ ਹੁਰਾਂ ਨੇ ਲਾਈ। ਪ੍ਰੋਗਰਾਮ ਦੇ ਪ੍ਰਬੰਧਕਾਂ ਤਰਕਸ਼ੀਲ ਸਮਰਥਕ ਇਕਬਾਲ ਸਿੰਘ, ਗੁਰਮੀਤ ਸਿੰਘ, ਨਿੰਦਰ ਸਿੰਘ ਅਤੇ ਪਾਲ ਸਿੰਘ ਭੰਗੂ ਜੰਗੀਰਾਣਾ ਦਾ ਪ੍ਰਿੰਸੀਪਲ ਦੀਪਇੰਦਰ ਸਿੰਘ ਜੀ ਨੇ ਧੰਨਵਾਦ ਕੀਤਾ। ਸਰਪੰਚ ਸ. ਹਰੀ ਸਿੰਘ ਤੇ ਪੰਚ ਸਾਥੀਆਂ ਨੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ।

ਰਾਮ ਸਿੰਘ ਨਿਰਮਾਣ

ਜਰੂਰੀ ਨੋਟ : ਪੀ.ਏ.ਯੂ. ਦੇ ਇਸ ਕਿਸਾਨ ਮੇਲੇ ਵਿੱਚ ਆਏ ਕਿਸੇ ਵਿਅਕਤੀ ਦਾ ਪਰਸ ਤਰਕਸ਼ੀਲ ਸਟਾਲ ਤੇ ਗਿਰ ਗਿਆ ਸੀ ਜਿਸ ਵਿੱਚ ਕੁਝ ਰੁਪਏ ਮੌਜੂਦ ਹਨ। ਜਿਸ ਦਾ ਵੀ ਇਹ ਪਰਸ ਹੈ, ਉਸ ਦਾ ਕੋਈ ਐਡਰੈਸ ਜਾਂ ਫੋਨ ਨੰ: ਇਸ ਵਿੱਚੋਂ ਪ੍ਰਾਪਤ ਨਹੀਂ ਹੋਇਆ। ਇਸ ਲਈ ਸੰਬੰਧਤ ਵਿਅਕਤੀ ਲੁਧਿਆਣਾ ਵਿਖੇ ਜਸਵੰਤ ਜੀਰਖ ਨਾਲ ਫੋਨ ਨੰ: 98151-69825 ਤੇ ਸੰਪਰਕ ਕਰਕੇ ਇਹ ਪ੍ਰਾਪਤ ਕਰ ਸਕਦਾ ਹੈ।

ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਲਈ ਯਤਨਸ਼ੀਲ

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ:) ਦਾ ਚੋਣਵਾਂ ਸਾਹਿਤ



ਜਿਲਦ-13 ਰਜਿ: ਨੰ: PUNPUN/2000/5393 ਅੰਕ : 6



ਤਰਕਸ਼ੀਲ ਸੁਸਾਇਟੀ ਆਫ ਕਨੇਡਾ ਦੇ ਸੱਦੇ 'ਤੇ ਲੋਕ ਕਲਾ ਮੰਚ, ਮੁੱਲਾਪੁਰ ਦੀ ਟੀਮ ਵੱਲੋਂ ਨਾਟਕਾਂ ਦਾ ਮੰਚਨ



ਪਟਿਆਲਾ ਵਿਖੇ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਡਾ. ਨਰਿੰਦਰ ਨਾਇਕ



ਤਰਕਸ਼ੀਲ ਆਗੂ ਪਰਮਜੀਤ ਖਿਲਚੀਆ ਦੀ ਮ੍ਰਿਤਕ ਦੇਹ ਖੋਜ ਕਾਰਜਾਂ ਲਈ ਪ੍ਰਦਾਨ ਕਰਦੇ ਹੋਏ ਪਰਿਵਾਰਕ ਮੈਂਬਰ, ਤਰਕਸ਼ੀਲ ਆਗੂ ਅਤੇ ਰਿਸ਼ਤੇਦਾਰ



ਅਮਰਜੀਤ ਸਿੰਘ ਜਾਗਦੇ ਰਹੋ ਦੇ ਪਿਤਾ ਈਸ਼ਰ ਸਿੰਘ ਦੇ ਮ੍ਰਿਤਕ ਸਰੀਰ ਨੂੰ ਖੋਜ ਕਾਰਜਾਂ ਲਈ ਪ੍ਰਦਾਨ ਕਰਦੇ ਹੋਏ ਪਰਿਵਾਰਕ ਮੈਂਬਰ



ਪੀ.ਏ.ਯੂ. ਲੁਧਿਆਣਾ ਵਿਖੇ ਕਿਸਾਨ ਮੇਲੇ ਮੌਕੇ ਤਰਕਸ਼ੀਲ ਸਾਹਿਤ ਦਾ ਸਟਾਲ



ਸ.ਸ.ਸ. ਸਕੂਲ ਘਾਬਦਾਂ ਵਿਖੇ ਤਰਕਸ਼ੀਲ ਪ੍ਰੋਗਰਾਮ ਸਮੇਂ ਤਰਕਸ਼ੀਲ ਆਗੂ ਸਕੂਲ ਪ੍ਰਿੰਸੀਪਲ ਨੂੰ ਗੁਲਦਸਤਾ ਭੇਂਟ ਕਰਦੇ ਹੋਏ



ਅਵਤਾਰਦੀਪ ਆਗੂ ਇਕਾਈ ਗੁਰੂ ਹਰਸਹਾਏ ਦੀ ਬੇਟੀ ਦੇ ਜਨਮ ਦੀ ਖੁਸ਼ੀ ਵਿੱਚ ਕਰਵਾਏ ਤਰਕਸ਼ੀਲ ਪ੍ਰੋਗਰਾਮ ਸਮੇਂ ਸੁਖਦੇਵ ਮਲੂਕਪੁਰੀ ਜਾਦੂ-ਟ੍ਰਿਕ ਵਿਖਾਉਂਦੇ ਹੋਏ



ਇਕਾਈ ਫਗਵਾੜਾ ਵੱਲੋਂ 'ਜਾਤ ਪਾਤ ਦੀ ਸਮੱਸਿਆ ਅਤੇ ਇਸ ਦਾ ਹੱਲ' ਵਿਸ਼ੇ ਤੇ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਮੁੱਖ ਬੁਲਾਰੇ

If undelivered please return to :

Tarksheel

Tarksheel Bhawan, Tarksheel Chowk,
Sanghera Bye Pass, BARNALA-148101
Post Box No. 55

Ph. 01679-241466, Cell. 98769 53561
Web : www.tarksheel.org
e-mail : tarkshiloffice@gmail.com

BOOK POST
(Printed Matter)

To ....

....

....